

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਡਾ. ਜੀ. ਸੀ. ਕੌਲ ਦਾ ਵਿਸ਼ੇਸ ਲੇਖ 'ਗੁਰੂ ਨਾਨਕ ਬਾਣੀ ਵਿਚ ਤਰਕਸ਼ੀਲ ਤੱਤ ਅਤੇ ਵਿਦਰੋਹੀ ਸੁਰ' ਅੰਦਰ ਦੇਖੋ।


13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 33
November 20, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




26 ਨਵੰਬਰ 1949 ਸੰਵਿਧਾਨ ਦਿਵਸ ਨੂੰ ਯਾਦ ਕਰਦਿਆਂ ਸੰਪਾਦਕੀ ਦੇਖੋ ਸਫਾ 6 'ਤੇ


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




## ਵੀ. ਟੀ. ਰਾਜਸ਼ੇਕਰ ਨਹੀਂ ਰਹੇ/ ਸ਼ਰਧਾਂਜਲੀ

ਨਿਡਰ ਅਤੇ ਪ੍ਰਸਿੱਧ ਪੱਤਰਕਾਰ, ਮਿਸ਼ਨਰੀ ਚਿੰਤਕ ਅਤੇ ਪ੍ਰਸਿੱਧ ਮੈਗਜ਼ੀਨ ਦਲਿਤ ਵੌਇਸ ਦੇ ਸੰਸਥਾਪਕ-ਸੰਪਾਦਕ ਸ਼੍ਰੀ ਵੀਟੀ ਰਾਜਸ਼ੇਕਰ ਦਾ 20 ਬੁੱਧਵਾਰ ਨਵੰਬਰ 2024 ਨੂੰ ਸਵੇਰੇ ਮੰਗਲੁਰੂ ਦੇ ਇੱਕ ਨਿੱਜੀ ਹਸਪਤਾਲ ਵਿੱਚ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ।

ਉਹ 93 ਸਾਲ ਦੇ ਸਨ। ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਦੇ ਸਸ਼ਕਤੀਕਰਨ ਲਈ ਦਲੇਰੀ ਨਾਲ ਲਿਖਿਆ। ਉਹ ਅਕਸਰ ਪੰਜਾਬ ਆਉਂਦੇ ਰਹਿੰਦੇ ਸਨ ਅਤੇ ਡੇਰਾ ਸੱਚਖੰਡ ਬੱਲਾਂ ਵੀ ਗਏ ਸਨ ਅਤੇ ਦਲਿਤ ਵਰਗ ਦੇ ਸਸ਼ਕਤੀਕਰਨ ਵਿੱਚ ਇਸ ਦੇ ਬਹੁਪੱਖੀ ਯੋਗਦਾਨ ਬਾਰੇ ਲਿਖਿਆ ਸੀ।

"ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ " ਵਲੋਂ ਵਿਛੜੀ ਸ਼ਖਸੀਅਤ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ ਅਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਮਿਸ਼ਨ ਪ੍ਰਤੀ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਨੂੰ ਡੂੰਘਾਈ ਨਾਲ ਯਾਦ ਕੀਤਾ ਜਾਂਦਾ ਹੈ।

**- ਪ੍ਰੇਮ ਕੁਮਾਰ ਚੁੰਬਰ**

# ਪੰਜਾਬ ਦੀਆਂ 4 ਸੀਟਾਂ 'ਤੇ ਵੋਟਿੰਗ ਹੋਈ ਮੁਕੰਮਲ

## ਇਸ ਵਾਰ ਗਿੱਦੜਬਾਹਾ ਸੀਟ 'ਤੇ ਲੱਗੀਆਂ ਨੇ ਸਭ ਦੀਆਂ ਨਜ਼ਰਾਂ

ਚੰਡੀਗੜ੍ਹ (ਬਿਊਰੋ) ਪੰਜਾਬ ਦੀਆਂ 4 ਵਿਧਾਨ ਸਭਾ ਹਲਕਿਆਂ ਦੀਆਂ ਉਪ ਚੋਣਾਂ ਅੱਜ ਮੁਕੰਮਲ ਹੋ ਗਈਆਂ ਹਨ। ਅਗਲੇਰੇ ਦੋ ਦਿਨਾਂ ਵਿਚ ਨਤੀਜੇ ਵੀ ਆ ਜਾਣਗੇ। ਡੇਰਾ ਬਾਬਾ ਨਾਨਕ, ਚੱਬੇਵਾਲ, ਬਰਨਾਲਾ ਅਤੇ ਗਿੱਦੜਬਾਹਾ ਹਲਕਿਆਂ ਵਿਚ ਹੋਈਆਂ ਚੋਣਾਂ ਵਿਚੋਂ ਇਸ ਵਾਰ ਸਭ ਦੀਆਂ ਨਜ਼ਰਾਂ ਗਿੱਦੜਬਾਹਾ ਸੀਟ ਤੇ ਲੱਗੀਆਂ ਹਨ। ਕਾਂਗਰਸ ਐਮ. ਪੀ. ਰਾਜਾ ਵੜਿੰਗ ਵੱਲੀ ਖਾਲੀ ਕੀਤੀ ਇਹ ਸੀਟ ਇਸ ਵਾਰ ਅਹਿਮ ਇਸ ਕਰਕੇ ਹੋ ਗਈ ਕਿਉਂਕਿ ਇੱਥੋਂ ਭਾਜਪਾ ਨੇ ਮਨਪ੍ਰੀਤ ਬਾਦਲ ਨੂੰ ਟਿਕਟ ਦਿੱਤੀ ਹੈ, ਜੋ ਇਸ ਹਲਕੇ ਵਿਚ ਤਾਕਤਵਰ ਉਮੀਦਵਾਰ ਮੰਨੇ ਜਾਂਦੇ ਰਹੇ ਹਨ। ਪੰਜਾਬ ਤੋਂ ਇਲਾਵਾ ਝਾਰਖੰਡ ਅਤੇ ਮਹਾਰਾਸ਼ਟਰ ਵਿਚ ਵੀ ਵੋਟਿੰਗ ਮੁਕੰਮਲ ਹੋ ਗਈ। ਉਪ ਚੋਣ ਵਿਚ ਯੂ. ਪੀ. ਦੀਆਂ 9 ਸੀਟਾਂ ਅਤੇ ਵਾਇਨਾਡ ਲੋਕ ਸਭਾ ਸੀਟ ਵੀ ਸ਼ਾਮਲ ਹੈ। ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਚ ਸ਼ਾਮ 5 ਵਜੇ ਤੱਕ 78 ਪ੍ਰਤੀਸ਼ਤ ਪੋਲਿੰਗ ਹੋ ਚੁੱਕੀ ਹੈ। ਬਹੁਤੇ ਪੋਲਿੰਗ ਬੂਥਾਂ ਉਤੇ ਅਜੇ ਵੀ ਵੋਟਰਾਂ ਦੀਆਂ ਕਤਾਰਾਂ ਸਨ। ਵੋਟਿੰਗ ਦਾ ਸਮਾਂ ਸ਼ਾਮ 6 ਵਜੇ ਸਮਾਪਤ ਹੋਈ। ਇਸ ਹਲਕੇ ਵਿਚ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਵਿਚ ਮੁਕਾਬਲਾ ਹੈ। ਇਸ ਸੀਟ ਉਤੇ ਸਭ ਦੀਆਂ ਨਜ਼ਰਾਂ ਹਨ। ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਰਾਜੇਸ਼ ਤ੍ਰਿਪਾਠੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਜ਼ਿਮਨੀ ਚੋਣ ਅਮਨ-ਅਮਾਨ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹੀ। ਉਨ੍ਹਾਂ ਕਿਹਾ ਕਿ ਹਲਕਾ ਗਿੱਦੜਬਾਹਾ 'ਚ ਸ਼ਾਮ 6.00 ਵਜੇ ਤੱਕ 81 ਫੀਸਦੀ ਪੋਲਿੰਗ ਦਰਜ ਕੀਤੀ ਗਈ ਹੈ।



ਗਿੱਦੜਬਾਹਾ ਤੋਂ ਆਪ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਗਿੱਦੜਬਾਹਾ ਵਿਖੇ ਆਪਣੇ ਆਪ ਨੂੰ ਵੋਟ ਪਾਈ ਜਦਕਿ ਭਾਜਪਾ ਉਮੀਦਵਾਰ ਮਨਪ੍ਰੀਤ ਬਾਦਲ ਅਤੇ ਕਾਂਗਰਸ ਦੀ ਉਮੀਦਵਾਰ ਅੰਮ੍ਰਿਤਾ ਵੜਿੰਗ ਖੁਦ ਨੂੰ ਵੋਟ ਨਹੀਂ ਪਾ ਸਕੇ। ਅੰਮ੍ਰਿਤਾ ਵੜਿੰਗ ਜੋ ਕਿ ਸ੍ਰੀ ਮੁਕਤਸਰ ਸਾਹਿਬ ਦੀ ਵਸਨੀਕ ਹੈ ਅਤੇ ਮਨਪ੍ਰੀਤ ਬਾਦਲ ਪਿੰਡ ਬਾਦਲ ਹਲਕਾ ਲੰਬੀ ਦੀ ਵਸਨੀਕ ਹਨ ਅਤੇ ਦੋਵਾਂ ਦੀਆਂ ਵੋਟਾਂ ਮੁਕਤਸਰ ਅਤੇ ਲੰਬੀ ਹਲਕੇ 'ਚ ਹਨ। ਓਧਰ, ਅੰਮ੍ਰਿਤਾ ਵੜਿੰਗ ਨੇ ਕਿਹਾ ਕਿ ਭਾਵੇਂ ਉਹ ਆਪਣੀ ਵੋਟ ਨਹੀਂ ਪਾ ਸਕੀ ਪਰ ਗਿੱਦੜਬਾਹਾ ਦੇ ਲੋਕ ਮੇਰਾ ਪਰਿਵਾਰ ਹਨ। ਮੇਰਾ ਪਰਿਵਾਰ ਵੋਟ ਪਾ ਰਿਹਾ ਹੈ।

# ਭਾਰਤ ਜਾਣ ਵਾਲੀਆਂ ਉਡਾਣਾਂ ਲਈ ਕੈਨੇਡਾ ਨੇ ਹਵਾਈ ਅੱਡਿਆਂ 'ਤੇ ਸੁਰੱਖਿਆ ਵਧਾਈ

**ਵਿਨੀਪੈਗ (ਬਿਊਰੋ)-** ਕੈਨੇਡਾ ਤੋਂ ਭਾਰਤ ਦੀ ਯਾਤਰਾ ਕਰਨ ਵਾਲੇ ਮੁਸਾਫ਼ਰਾਂ ਨੂੰ ਜਲਦੀ ਹੀ ਕੈਨੇਡੀਅਨ ਹਵਾਈ ਅੱਡਿਆਂ ਤੋਂ ਰਵਾਨਾ ਹੋਣ 'ਤੇ ਹੋਰ ਸਖ਼ਤ ਸੁਰੱਖਿਆ ਉਪਾਵਾਂ ਦਾ ਸਾਹਮਣਾ ਕਰਨਾ ਪਵੇਗਾ। ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਵੱਲੋਂ ਐਲਾਨਿਆ ਗਿਆ ਇਹ ਫ਼ੈਸਲਾ ਨਵੇਂ ਅਸਥਾਈ ਪ੍ਰੋਟੋਕੋਲ ਦਾ ਹਿੱਸਾ ਹੈ। ਫੈਡਰਲ ਸਰਕਾਰ ਵੱਲੋਂ ਨਵੇਂ ਸੁਰੱਖਿਆ ਨਿਯਮ ਲਿਆਂਦੇ ਗਏ ਹਨ ਜਿਨ੍ਹਾਂ ਦੀ ਪਾਲਣਾ ਕਰਦਿਆਂ ਭਾਰਤ ਜਾਣ ਵਾਲੇ ਮੁਸਾਫ਼ਰਾਂ ਦੀ ਬਾਰੀਕੀ ਨਾਲ ਪੁਣ-ਛਾਣ ਕੀਤੀ ਜਾਵੇਗੀ ਅਤੇ ਬਾਰਡਰ ਅਫ਼ਸਰ ਉਨ੍ਹਾਂ ਦੇ ਸਾਮਾਨ ਦੀ ਡੂੰਘਾਈ ਨਾਲ ਤਲਾਸ਼ੀ ਵੀ ਲੈਣਗੇ। ਉਨ੍ਹਾਂ ਕਿਹਾ, "ਟਰਾਂਸਪੋਰਟ ਕੈਨੇਡਾ ਨੇ ਚੌਕਸੀ ਵਜੋਂ ਅਸਥਾਈ ਵਾਧੂ ਸੁਰੱਖਿਆ ਜਾਂਚ ਉਪਾਅ ਲਾਗੂ ਕੀਤੇ ਹਨ।"

ਉਨ੍ਹਾਂ ਜਨਤਾ ਦੀ ਰੱਖਿਆ ਕਰਨ ਅਤੇ ਹਵਾਈ ਯਾਤਰਾ ਦੀ ਅਖੰਡਤਾ ਨੂੰ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਯੂਕਰੇਨ 'ਤੇ ਫਿਰ ਮੰਡਰਾਇਆ ਪ੍ਰਮਾਣੂ ਯੁੱਧ ਦਾ ਖਤਰਾ

**ਮਾਸਕੋ-** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅੱਜ ਇੱਕ ਨਵੀਂ ਪ੍ਰਮਾਣੂ ਨੀਤੀ 'ਤੇ ਦਸਤਖ਼ਤ ਕੀਤੇ ਹਨ, ਜਿਸ ਵਿੱਚ ਐਲਾਨ ਕੀਤਾ ਗਿਆ ਹੈ ਕਿ ਕਿਸੇ ਵੀ ਪ੍ਰਮਾਣੂ ਸ਼ਕਤੀ ਵੱਲੋਂ ਸਮਰਥਨ ਪ੍ਰਾਪਤ ਦੇਸ਼ ਜੇਕਰ ਰੂਸ 'ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਉਨ੍ਹਾਂ ਦੇ ਦੇਸ਼ 'ਤੇ ਸਾਂਝਾ ਹਮਲਾ ਮੰਨਿਆ ਜਾਵੇਗਾ। ਪੂਤਿਨ ਨੇ ਪ੍ਰਮਾਣੂ ਰੋਕੂ ਨਵੀਂ ਨੀਤੀ ਦੀ ਸ਼ੁਰੂਆਤ ਉਨ੍ਹਾਂ ਵੱਲੋਂ 24 ਫਰਵਰੀ 2022 ਨੂੰ ਯੂਕਰੇਨ 'ਚ ਸੈਨਿਕਾਂ ਨੂੰ ਭੇਜੇ ਜਾਣ ਦੇ 1000ਵੇਂ ਦਿਨ ਕੀਤੀ ਹੈ। ਇਹ ਕਦਮ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਉਸ ਫ਼ੈਸਲੇ ਤੋਂ ਬਾਅਦ ਸਾਹਮਣ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਯੂਕਰੇਨ ਨੂੰ ਅਮਰੀਕਾ ਤੋਂ ਸਪਲਾਈ ਕੀਤੀਆਂ ਗਈਆਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਨਾਲ ਰੂਸ ਦੇ ਅੰਦਰੂਨੀ ਇਲਾਕਿਆਂ ਤੱਕ ਹਮਲਾ ਕਰਨ ਦੀ ਆਗਿਆ ਦਿੱਤੀ ਸੀ। ਕਰੈਮਲਿਨ ਦੇ ਤਰਜਮਾਨ ਦਮਿਤਰੀ ਪੈਸਕੋਵ ਨੇ ਇਸ ਸਵਾਲ ਕਿ ਕੀ ਨਵੀਂ ਨੀਤੀ ਅਮਰੀਕਾ ਵੱਲੋਂ ਮਿਜ਼ਾਈਲਾਂ ਦੀ ਵਰਤੋਂ ਸਬੰਧੀ ਯੂਕਰੇਨ 'ਤੇ ਪਾਬੰਦੀਆਂ 'ਚ ਢਿੱਲ ਦੇਣ ਦੇ ਫ਼ੈਸਲੇ ਬਾਅਦ ਜਾਣਬੁੱਝ ਕੇ ਜਾਰੀ ਕੀਤੀ ਗਈ ਹੈ? ਦੇ ਜਵਾਬ 'ਚ ਕਿਹਾ ਕਿ ਦਸਤਾਵੇਜ਼ ਨੂੰ 'ਸਮਾਂਬੱਧ ਤਰੀਕੇ' ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਪੂਤਿਨ ਨੇ ਸਰਕਾਰ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਇਸ ਨੂੰ ਅਪਡੇਟ ਕਰਨ ਦਾ ਨਿਰਦੇਸ਼ ਦਿੱਤਾ ਸੀ ਤਾਂ ਕਿ ਇਹ "ਮੌਜੂਦਾ ਸਥਿਤੀ ਦੇ ਅਨੁਸਾਰ" ਹੋਵੇ। ਸੋਧੀ ਨੀਤੀ ਮੁਤਾਬਕ ਰੂਸ ਆਪਣੇ ਸਹਿਯੋਗੀ ਬੇਲਾਰੂਸ ਵਿਰੁੱਧ ਹਮਲੇ ਦੇ ਜਵਾਬ 'ਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ।



ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਗਲੇ ਸਾਲ ਭਾਰਤ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਦਾ ਇਹ ਦੌਰਾ ਦੋਵਾਂ ਦੇਸ਼ਾਂ ਦੇ ਸਾਲਾਨਾ ਦੌਰਿਆਂ ਦਾ ਹਿੱਸਾ ਹੋਵੇਗਾ। ਹਾਲਾਂਕਿ ਦੋਵੇਂ ਧਿਰਾਂ ਅਜੇ ਤੱਕ ਮੁਲਾਕਾਤ ਦੀ ਤਰੀਕ ਨੂੰ ਅੰਤਿਮ ਰੂਪ ਨਹੀਂ ਦੇ ਸਕੀਆਂ ਹਨ। ਡਿਪਲੋਮੈਟਿਕ ਸੂਤਰਾਂ ਨੇ ਮੰਗਲਵਾਰ ਨੂੰ ਜਾਣਕਾਰੀ ਦਿੱਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੁਲਾਈ 'ਚ ਮਾਸਕੋ ਦੌਰੇ ਦੌਰਾਨ ਰੂਸੀ ਰਾਸ਼ਟਰਪਤੀ ਪੂਤਿਨ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ। ਪ੍ਰਧਾਨ ਮੰਤਰੀ ਮੋਦੀ ਪਿਛਲੇ ਮਹੀਨੇ ਬ੍ਰਿਕਸ ਸੰਮੇਲਨ 'ਚ ਹਿੱਸਾ ਲੈਣ ਲਈ ਰੂਸ ਦੇ ਕਜ਼ਾਨ ਵੀ ਗਏ ਸਨ।


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

**Sri Guru Ravidass Sabha Pittsburg (CA) Program**

**November 22-23-24, 2024,**
**Akhand Path Sahib Sewa by Bhai Jagir Singh Family**

Bhai Jagir Singh ji is retiring from job and thanking Waheguru ji for all HIS blessing and praying for Future life.

Arambh Akhand Path Friday, Nov 22, 2024, and conclude with Bhog on Sunday, Nov 24,2024

**December 8, 2024**
**Sukhmani Sahib Path Sewa by Laskar Family**

**"NANAK NAM CHARDI KALA TERE BHANE SARBAT DA BHALA"**

Sangat Sewadars

www.sririguruavidasstemple.com

| Chairman | President | Gen. Secretary | Treasurer |
|---|---|---|---|
| Vinod Kumar Jakhu | Sunita Bangar | Upinder Pal Ricky | Shinder Pal Narabut |



# SKY TRANSPORT SOLUTIONS

**STRIVE FOR MORE**

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 555ਵਾਂ ਪ੍ਰਕਾਸ਼ ਉਤਸਵ 24 ਨਵੰਬਰ 2024 (ਦਿਨ ਐਤਵਾਰ) ਨੂੰ ਮਨਾਇਆ ਜਾ ਰਿਹਾ ਹੈ।



ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸਭਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 555ਵਾਂ ਪ੍ਰਕਾਸ਼ ਉਤਸਵ (ਦਿਨ ਐਤਵਾਰ) 24 ਨਵੰਬਰ 2024 ਨੂੰ **31252 Veasy Street Union City Ca 94587** ਵਿਖੇ ਮਨਾ ਰਹੀ ਹੈ। ਇਸ ਪ੍ਰੋਗਰਾਮ ਤਹਿਤ ਸੁਖਮਨੀ ਸਾਹਿਬ ਪਾਠ ਦੀ ਸੇਵਾ ਵਿਨੋਦ ਕੁਮਾਰ ਚੁੰਬਰ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ। ਲੰਗਰ ਦੀ ਸੇਵਾ ਸ਼੍ਰੀ ਰਾਮ ਲੁਭਾਇਆ ਅਤੇ ਉਹਨਾਂ ਦੇ ਪਰਿਵਾਰ ਵੱਲੋ ਲਈ ਗਈ ਹੈ। ਇਸ ਪ੍ਰੋਗਰਾਮ ਤੇ ਸੰਗਤ ਆਪਣੀ ਕਿਸੇ ਕਿਸਮ ਦੀ ਸੇਵਾ ਲੈ ਸਕਦੀ ਹੈ ਜਿਵੇਂ ਕਿ ਪ੍ਰੋਗਰਾਮ ਲਈ ਕੱਪ, ਪਲੇਟਸ, ਸਪੂਨ, ਗਾਰਬੇਜ ਬੈਗ ਨੈਪਕਿਨ, ਪਾਣੀ ਅਤੇ ਸੋਡਾ। ਪ੍ਰੋਗਰਾਮ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 3 ਵਜੇ ਤੱਕ ਚਲੇਗਾ।

ਸਮੂਹ ਸਾਧ ਸੰਗਤ ਨੂੰ ਬੇਨਤੀ ਕਰਦੇ ਹਨ ਕਿ ਹੁੰਮ ਹੁੰਮਾਂ ਕੇ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ।

**ਗੁਰੂ ਘਰ ਦੀ ਇਮਾਰਤ ਦਾ ਕੰਮ ਚੱਲ ਰਿਹਾ ਅਤੇ ਆਪ ਸਭ ਨੂੰ ਬੇਨਤੀ ਹੈ ਕਿ ਇਸ ਸੁਭ ਦਿਨ ਤੇ ਆਪਣਾ ਦਸ਼ਵੰਧ ਕੱਢੋ ਤਾਂ ਜੋ ਕਿ ਆਪਾਂ-ਆਪਣੇ ਸੁਪਨੇ ਪੂਰੇ ਕਰ ਸਕੀਏ। ਗੁਰੂ ਘਰ ਦਾ ਪ੍ਰੋਗਰਾਮ ਹਰ ਇਕ ਦੂਸਰੇ ਐਤਵਾਰ ਅਤੇ ਚੋਥੇ ਐਤਵਾਰ ਪੱਕਾ ਤਹਿ ਕੀਤਾ ਹੈ। ਸੰਗਤ ਨੂੰ ਬੇਨਤੀ ਹੈ ਕਿ ਆਪ ਪ੍ਰੋਗਰਾਮ ਤੇ ਪੁਹੰਚੋ ਅਤੇ ਗੁਰੁਘਰ ਦੀ ਇਮਾਰਤ ਬਣਦੀ ਦੇਖੋ ਅਤੇ ਆਪਣਾ ਯੋਗਦਾਨ ਪਾਓ।**













**For langar Sewa please contact any of the committee members**

| Chairman | President | General Secretary | Treasurer |
|---|---|---|---|
| Vinod Kumar Chumber | Tarlochan Singh | Naresh Kumar Gaddu | Mandeep Rai |
| 510-953-9800 | 510-712-1743 | 510-857-4551 | 415-342-9159 |

# ਅਮਰੀਕਾ ਵਿਚ ਭਾਰਤੀ ਯੋਗਾ ਗੁਰੂ ਸ਼ਰਤ ਜੋਇਸ ਦੀ ਦਿੱਲ ਦਾ ਦੌਰਾ ਪੈਣ ਕਾਰਨ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਭਾਰਤੀ ਯੋਗਾ ਗੁਰੂ ਸ਼ਰਤ ਜੋਇਸ ਦੀ 53 ਸਾਲ ਦੀ ਉਮਰ ਵਿਚ ਅਚਾਨਕ ਦਿੱਲ ਦਾ ਦੌਰਾ ਪੈਣ ਕਾਰਨ ਦੁੱਖਦਾਈ ਮੌਤ ਹੋ ਜਾਣ ਦੀ ਖਬਰ ਹੈ। ਜਿਸ ਸਮੇ ਯੋਗਾ ਗੁਰੂ ਜੋਇਸ ਦੀ ਮੌਤ ਹੋਈ ਉਹ ਯੂਨੀਵਰਸਿਟੀ ਆਫ ਵਰਜੀਨੀਆ ਨੇੜੇ ਵਿਦਿਆਰਥੀਆਂ ਦੇ ਇਕ ਸਮੂੰਹ ਨਾਲ ਸੈਰ ਕਰ ਰਹੇ ਸਨ। ਜੋਇਸ ਯੋਗਾ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਅਮਰੀਕਾ ਦੇ ਦੌਰੇ 'ਤੇ ਸਨ ਤੇ ਹਾਲ ਹੀ ਵਿਚ ਉਨਾਂ ਨੇ ਆਪਣੀ ਯੋਗਾ ਕਲਾਸ ਦੀ ਇਕ ਵੀਡੀਓ ਇੰਸਟਾਗਰਾਮ ਉਪਰ ਪਾਈ ਸੀ। ਵਰਜੀਨੀਆ ਤੋਂ ਬਾਅਦ ਉਨਾਂ ਨੇ ਸੈਨ ਐਨਟੋਨੀਓ ਜਾਣਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਯੋਗਾ ਗੁਰੂ ਹੰਪਬੈਕ ਪਹਾੜੀਆਂ ਉਪਰ ਤਕਰੀਬਨ 50 ਵਿਦਿਆਰਥੀਆਂ ਨਾਲ ਘੁੰਮ ਰਹੇ ਸਨ ਕਿ ਅਚਾਨਕ ਉਹ ਬੇਹੋਸ਼ ਹੋ ਕੇ ਜਮੀਨ ਉਪਰ ਢਹਿ ਢੇਰੀ ਹੋ ਗਏ। ਵਿਦਿਆਰਥੀਆਂ ਵੱਲੋਂ ਉਨਾਂ ਨੂੰ ਬਚਾਉਣ ਦੀ ਕੋਸ਼ਿਸ਼ ਨਾਕਾਮ ਰਹੀ ਤੇ ਹੰਗਾਮੀ ਹਾਲਤ ਵਿਚ ਮੌਕੇ ਉਪਰ ਪੁੱਜੇ ਡਾਕਟਰੀ ਅਮਲੇ ਨੇ ਉਨਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸ਼ਰਤ ਜੋਇਸ ਅਸ਼ਟੰਗਾ ਯੋਗਾ ਦੇ ਮਾਹਿਰ ਸਨ ਤੇ ਯੋਗਾ ਦੀ ਦੁਨੀਆ ਵਿਚ ਉਹ ਜਾਣੇ ਪਛਾਣੇ ਯੋਗਾ ਗੁਰੂ ਸਨ। ਉਨਾਂ ਦੀ ਅਗਵਾਈ ਵਿਚ ਮੈਸੂਰ ਵਿਚ ਸਥਿੱਤ ਕੇ ਪਤਾਭੀ ਜੋਇਸ ਅਸ਼ਟੰਗਾ ਯੋਗਾ ਸੰਸਥਾ ਨੂੰ ਵਿਸ਼ਵ ਵਿਆਪੀ ਮਾਨਤਾ ਮਿਲੀ ਹੈ। ਜੋਇਸ ਨੇ 2007 ਵਿਚ ਆਪਣੇ ਦਾਦਾ ਕੇ ਪਤਾਭੀ ਜੋਇਸ ਦੀ ਜਗਾ 'ਤੇ ਅਸ਼ਟਗਾ ਯੋਗਾ ਸੰਸਥਾ ਦੀ ਕਮਾਨ ਸੰਭਾਲੀ ਸੀ। ਉਨਾਂ ਦੀ ਮੌਤ ਉਪਰੰਤ ਯੋਗਾ ਪ੍ਰੇਮੀਆਂ ਤੇ ਭਾਰਤੀ ਭਾਈਚਾਰੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

# ਬਿਨਾਂ ਦਸਤਾਵੇਜ਼ ਨਵੇਂ ਆਏ ਪ੍ਰਵਾਸੀਆਂ ਲਈ ਅਮਰੀਕਾ ਵਿਚ ਕੋਈ ਥਾਂ ਨਹੀਂ - ਵਿਵੇਕ ਰਾਮਾਸਵਾਮੀ

## ਟਰੰਪ ਪ੍ਰਸ਼ਾਸਨ ਦੀ ਪ੍ਰਸਤਾਵਿਤ 'ਸਮੂਹਿਕ ਦੇਸ਼ ਨਿਕਾਲਾ' ਯੋਜਨਾ ਦੀ ਪੁਸ਼ਟੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕੀ ਆਮ ਚੋਣਾਂ ਵਿਚ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵੱਲੋਂ ਰਾਸ਼ਟਰਪਤੀ ਦੀ ਚੋਣ ਜਿੱਤਣ ਉਪਰੰਤ ਬਿਨਾਂ ਦਸਤਾਵੇਜ਼ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਦਾ ਭਵਿੱਖ ਅੱਧ ਵਿਚਾਲੇ ਲਟਕ ਗਿਆ ਹੈ। ਉਨਾਂ ਉਪਰ ਦੇਸ਼ ਨਿਕਾਲੇ ਦੀ ਤਲਵਾਰ ਲਟਕੀ ਹੋਈ ਹੈ ।

ਇਨਾਂ ਪ੍ਰਵਾਸੀਆਂ ਵਿਚ ਲੱਖਾਂ ਭਾਰਤੀ ਵੀ ਸ਼ਾਮਿਲ ਹਨ। ਕਿਸੇ ਵਾਲੇ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਰਹੇ ਟਰੰਪ ਦੇ ਸਮਰਥਕ ਵਿਵੇਕ ਰਾਮਾਸਵਾਮੀ ਨੇ ਟਰੰਪ ਪ੍ਰਸ਼ਾਸਨ ਦੀ ਪ੍ਰਸਤਾਵਿਤ ਸਮੂਹਿਕ ਦੇਸ਼ ਨਿਕਾਲੇ ਦੀ ਯੋਜਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇਸ ਯੋਜਨਾ ਪ੍ਰਤੀ ਬਹੁਤ ਸਾਰੇ ਅਮਰੀਕੀਆਂ ਨੇ ਵਿਵਹਾਰਕ ਪ੍ਰਤੀਕ੍ਰਿਆ ਪ੍ਰਗਟਾਈ ਹੈ ਤੇ ਇਸ ਦਾ ਸਮਰਥਨ ਕੀਤਾ ਹੈ। ਏ ਬੀ ਸੀ ਦੇ ਪ੍ਰਤੀਨਿੱਧ ਜੋਨਾਥਨ ਕਾਰਲ ਨਾਲ ਗੱਲਬਾਤ ਕਰਦਿਆਂ ਰਾਮਾਸਵਾਮੀ ਨੇ ਦਲੀਲ ਦਿੱਤੀ ਕਿ ਸਭ ਤੋਂ ਪਹਿਲਾਂ ਬਿਨਾਂ ਦਸਤਾਵੇਜ਼ ਅਮਰੀਕਾ ਵਿਚ ਰਹਿ ਰਹੇ ਅਪਰਾਧਕ ਰਿਕਾਰਡ ਵਾਲੇ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਿਆ ਜਾਣਾ ਚਾਹੀਦਾ ਹੈ।

ਉਨਾਂ ਕਿਹਾ ਕਿ ਇਨਾਂ ਲੋਕਾਂ ਦਾ ਸਭ ਤੋਂ ਵੱਡਾ ਇਤਿਹਾਸਕ ਸਮੂਹਿਕ ਦੇਸ਼ ਨਿਕਾਲਾ ਹੋਵੇਗਾ। ਜਦੋਂ ਉਨਾਂ ਨੂੰ ਪੁੱਛਿਆ ਗਿਆ ਕਿ ਕੀ ਟਰੰਪ ਦਾ ਦੇਸ਼ ਨਿਕਾਲੇ ਦਾ ਟੀਚਾ 1 ਕਰੋੜ ਤੋਂ 2 ਕਰੋੜ ਤੱਕ ਦਾ ਹੈ ਤਾਂ ਹਾਲਾਂ ਕਿ ਰਾਮਾਸਵਾਮੀ ਨੇ ਪ੍ਰਵਾਸੀਆਂ ਦੀ ਗਿਣਤੀ ਬਾਰੇ ਕੁਝ ਨਹੀਂ ਕਿਹਾ ਪਰੰਤੂ ਉਨਾਂ ਸਪੱਸ਼ਟ ਕੀਤਾ ਕਿ ਬਿਨਾਂ ਦਸਤਾਵੇਜ਼ ਨਵੇਂ ਆਏ ਪ੍ਰਵਾਸੀਆਂ ਲਈ ਅਮਰੀਕਾ ਵਿਚ ਕੋਈ ਥਾਂ ਨਹੀਂ ਹੈ। ਰਾਮਾਸਵਾਮੀ ਨੇ ਬਿਨਾਂ ਦਸਤਾਵੇਜ਼ ਪ੍ਰਵਾਸੀਆਂ ਲਈ ਸੰਘੀ ਵਿੱਤੀ ਸਹਾਇਤਾ ਖਤਮ ਕਰਨ ਦੀ ਪ੍ਰਸਤਾਵਿਤ ਯੋਜਨਾ ਦੀ ਵੀ ਪੁਸ਼ਟੀ ਕੀਤੀ ਤੇ ਕਿਹਾ ਕਿ ਸਰਕਾਰੀ ਸਹਾਇਤਾ ਦੀ ਅਣਹੋਂਦ ਵਿੱਚ ਲੱਖਾਂ ਪ੍ਰਵਾਸੀ ਖੁਦ ਹੀ ਦੇਸ਼ ਛੱਡ ਕੇ ਜਾਣ ਲਈ ਮਜ਼ਬੂਰ ਹੋ ਜਾਣਗੇ। ਉਨਾਂ ਕਿਹਾ ਕਿ ਯੋਜਨਾ ਪਹਿਲਾਂ ਇਥੇ ਰਹਿ ਰਹੇ ਅਮਰੀਕੀਆਂ ਦੀ ਕਦਰ ਕਰਦੀ ਹੈ ਤੇ ਸੁਝਾਅ ਦਿੱਤਾ ਕਿ ਯੋਜਨਾ ਹੋਰ ਲੋਕਾਂ ਤੱਕ ਵੀ ਵਧਾਈ ਜਾ ਸਕਦੀ ਹੈ।

# ਓਕਲਾਹੋਮਾ ਦੇ ਇਕ ਸ਼ਹਿਰ ਦੀ ਸਮੁੱਚੀ ਪੁਲਿਸ ਫੋਰਸ ਨੇ ਦਿੱਤਾ ਅਸਤੀਫਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਓਕਲਾਹੋਮਾ ਰਾਜ ਦੇ ਸ਼ਹਿਰ ਗੀਰੀ ਦੀ ਸਮੁੱਚੀ ਪੁਲਿਸ ਫੋਰਸ ਦੁਆਰਾ ਰਾਜਸੀ ਆਗੂਆਂ ਦੇ ਰਵਈਏ ਕਾਰਨ ਅਸਤੀਫਾ ਦੇ ਦੇਣ ਦੀ ਖਬਰ ਹੈ। ਪੁਲਿਸ ਫੋਰਸ ਦੁਆਰਾ ਅਸਤੀਫੇ ਦੇਣ ਦੀ ਜਾਣਕਾਰੀ ਸ਼ਹਿਰ ਦੇ ਅਧਿਕਾਰੀਆਂ ਨੇ ਦਿੱਤੀ ਹੈ। ਇਸ ਉਪਰੰਤ ਪੁਲਿਸ ਫੋਰਸ ਦੀ ਸਾਬਕਾ ਮੁੱਖੀ ਅਲੀਸੀਆ ਫੋਰਡ ਨੇ ਕਿਹਾ ਹੈ ਕਿ ਅਸਤੀਫੇ ਜਨਤਿਕ ਆਗੂਆਂ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਦਿੱਤੇ ਹਨ। ਫੋਰਡ ਨੇ ਕਿਹਾ ਕਿ ਮੇਅਰ ਦੇ ਰਵਈਏ ਕਾਰਨ ਪੁਲਿਸ ਵਿਭਾਗ ਉਪਰ ਅਸਰ ਪਵੇਗਾ ਤੇ ਵਿਭਾਗ ਲਈ ਪ੍ਰਭਾਵੀ ਤਰੀਕੇ ਨਾਲ ਕੰਮ ਕਰਨਾ ਮੁਸ਼ਕਿਲ ਹੋ ਜਾਵੇਗਾ। ਉਨਾਂ ਕਿਹਾ ਕਿ ਮੇਅਰ ਆਪਣਾ ਰਵਈਆ ਬਦਲਣ ਵਿੱਚ ਨਾਕਾਮ ਰਹੇ ਹਨ ਜਿਸ ਕਾਰਨ ਉਹ ਤੇ ਹੋਰ ਪੁਲਿਸ ਅਫਸਰ ਅਸਤੀਫਾ ਦੇਣ ਲਈ ਮਜਬੂਰ ਹੋਏ ਹਨ। ਉਨਾਂ ਕਿਹਾ ਕਿ ਪੁਲਿਸ ਵਿਭਾਗ ਦੇ ਕਈ ਮੁੱਦਿਆਂ 'ਤੇ ਮੇਅਰ ਨਾਲ ਅਣਸੁਖਾਵੇਂ ਸਬੰਧ ਚਲੇ ਆ ਰਹੇ ਸਨ।

# ਅਮਰੀਕਾ ਦੀ ਇਕ ਯੂਨੀਵਰਸਿਟੀ ਦੀਆਂ ਕੰਧਾਂ ਉਪਰ ਯਹੂਦੀ ਸਟਾਫ ਮੈਂਬਰਾਂ ਵਿਰੁੱਧ ਪੋਸਟਰ ਲਾਉਣ ਉਪਰੰਤ ਸਹਿਮ ਦਾ ਮਾਹੌਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਪਸਟੇਟ ਨਿਊ ਯਾਰਕ ਵਿਚ ਯੂਨੀਵਰਸਿਟੀ ਆਫ ਰੋ-ਚੈਸਟਰ ਕੈਂਪਸ ਵਿਚ ਯੂਨੀਵਰਸਿਟੀ ਦੇ ਯਹੂਦੀ ਸਟਾਫ ਮੈਂਬਰਾਂ ਵਿਰੁੱਧ 'ਵਾਂਟਡ' ਪੋਸਟਰ ਲਾਉਣ ਉਪਰੰਤ ਸਹਿਮ ਦਾ ਮਾਹੌਲ ਪੈਦਾ ਹੋ ਜਾਣ ਦੀ ਖਬਰ ਹੈ। ਇਨਾਂ ਪੋਸਟਰਾਂ ਵਿਚ ਗਾਜ਼ਾ ਜੰਗ ਦੇ ਮੁੱਦੇ 'ਤੇ ਯਹੂਦੀ ਸਟਾਫ ਮੈਂਬਰਾਂ ਦੀ ਨਿੰਦਾ ਕੀਤੀ ਗਈ ਹੈ। ਪੋਸਟਰਾਂ ਵਿਚ ਯਹੂਦੀ ਸਟਾਫ ਮੈਂਬਰਾਂ ਨੂੰ ਨਸਲਵਾਦੀ, ਨਫਰਤੀ ਪ੍ਰਚਾਰਕ ਤੇ ਦਹਿਸ਼ਤਵਾਦੀ ਕਰਾਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਪ੍ਰਧਾਨ ਸਾਰਾਹ ਮੈਂਗਲਸਡੋਰਫ ਨੇ ਜਾਰੀ ਇਕ ਬਿਆਨ ਵਿਚ ਪੋਸਟਰ ਲਾਉਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਹੈ ਕਿ 'ਵਾਂਟਡ' ਪੋਸਟਰਾਂ ਵਿਚ ਯੂਨੀਵਰਸਿਟੀ ਦੇ ਸੀਨੀਅਰ ਆਗੂਆਂ, ਸਟਾਫ ਮੈਂਬਰਾਂ ਤੇ ਬੋਰਡ ਟਰੱਸਟੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।



ਉਨਾਂ ਕਿਹਾ ਕਿ ਇਹ ਘਟਨਾ ਬਹੁਤ ਪ੍ਰੇਸ਼ਾਨੀ ਵਾਲੀ, ਫੁੱਟਪਾਊ ਤੇ ਯੂਨੀਵਰਸਿਟੀ ਦੀਆਂ ਕਦਰਾਂ ਕੀਮਤਾਂ ਦੇ ਵਿਰੁੱਧ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾ ਸਕਦਾ।




# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਫੁੱਲਾਂ ਦੇ ਹਾਰ ਪਾ ਕੇ ਸਰਪੰਚਾਂ ਅਤੇ ਪੰਚਾਂ ਨੂੰ ਦਿੱਤੀਆਂ ਸੁਭਕਾਮਨਾਵਾਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਬਿਨ੍ਹਾਂ ਕਿਸੇ ਮੱਤਭੇਦ ਦੇ ਪੂਰੇ ਪੰਜਾਬ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਭਵਿੱਖ ਅੰਦਰ ਵੀ ਇਹ ਵਿਕਾਸ ਕਾਰਜ ਜਾਰੀ ਰਹਿਣਗੇ ਅਤੇ ਸਾਰੀਆਂ ਪੰਚਾਇਤਾਂ ਅੰਦਰ ਵੀ ਬਿਨ੍ਹਾਂ ਕਿਸੇ ਮਤਭੇਦ ਦੇ ਵਿਕਾਸ ਕਾਰਜ ਕੀਤੇ ਜਾਣਗੇ।

ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਕਟਾਰੂਚੱਕ ਵਿਖੇ ਵੱਖ ਵੱਖ ਪਿੰਡਾਂ ਦੀਆਂ ਜੇਤੂ ਪੰਚਾਇਤਾਂ ਨੂੰ ਮਿਲਣ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਹਾਜਰ ਸਨ।

ਜਿਕਰਯੋਗ ਹੈ ਕਿ ਅੱਜ ਪਿੰਡ ਕਟਾਰੂਚੱਕ ਵਿਖੇ ਪਿੰਡ ਝੰਡਪੁਰ ਅਤੇ ਪਿੰਡ ਕਲੇਸਰ ਦੀਆਂ ਜੇਤੂ ਪੰਚਾਇਤਾਂ ਪਹੁੰਚੀਆਂ ਜਿਨ੍ਹਾਂ ਨੂੰ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਫੁੱਲਾਂ ਦੇ ਹਾਰ ਪਾ ਕੇ ਅਤੇ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ।

ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਪਿੰਡ ਝੰਡਪੁਰ ਤੋਂ ਸਰਪੰਚ ਬਨਾਰਸੀ ਦਾਸ, ਪੰਚਾਇਤ ਮੈਂਬਰ ਕਮਲ ਕਿਸੋਰ, ਨਰੋਤਮ ਕੁਮਾਰ, ਆਸਾ ਰਾਣੀ, ਰੇਨੂੰ ਬਾਲਾ ਅਤੇ ਦੁਸਾਂਨਤ ਕੁਮਾਰ , ਇਸੇ ਹੀ ਤਰ੍ਹਾਂ ਪਿੰਡ ਕਲੇਸਰ ਦੇ ਨਵੇਂ ਬਣੇ ਸਰਪੰਚ ਜੋਗਿੰਦਰ ਪਾਲ ਵੀ ਅਪਣੀ ਪੰਚਾਇਤ ਦੇ ਜੇਤੂ ਮੈਂਬਰਾਂ ਨਾਲ ਪਹੁੰਚੇ ਹਨ।



ਇਸ ਮੌਕੇ ਤੇ ਕੈਬਨਿਟ ਮੰਤਰੀ ਪੰਜਾਬ ਨੇ ਜੇਤੂ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਅਤੇ ਮੂੰਹ ਮਿੱਠਾ ਕਰਵਾ ਕੇ ਸੁਭਕਾਮਨਾਵਾਂ ਦਿੱਤੀਆਂ ਅਤੇ ਭਰੋਸਾ ਦਿੱਤਾ ਕਿ ਪੰਚਾਇਤਾਂ ਅੰਦਰ ਵਿਕਾਸ ਕਾਰਜਾਂ ਦੀ ਕੋਈ ਕਮੀ ਨਹੀਂ ਆਉਂਣ ਦਿੱਤੀ ਜਾਵੇਗੀ।

# ਚੱਬੇਵਾਲ ਜ਼ਿਮਣੀ ਚੋਣ- ਵੋਟਰ ਕਾਰਡ ਤੋਂ ਇਲਾਵਾ 12 ਹੋਰ ਦਸਤਾਵੇਜ਼ ਦਿਖਾ ਕੇ ਵੀ ਪਾਈ ਜਾ ਸਕਦੀ ਹੈ ਵੋਟ: ਰਿਟਰਨਿੰਗ ਅਧਿਕਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਵਧੀਕ ਡਿਪਟੀ ਕਮਿਸ਼ਨਰ (ਜ) -ਕਮ-ਰਿਟਰਨਿੰਗ ਅਫਸਰ 044-ਚੱਬੇਵਾਲ, ਰਾਹੁਲ ਚਾਬਾ ਨੇ ਚੱਬੇਵਾਲ ਹਲਕੇ ਦੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ 20 ਨਵੰਬਰ 2024 (ਬੁੱਧਵਾਰ) ਨੂੰ ਚੱਬੇਵਾਲ ਹਲਕੇ ਦੀ ਜ਼ਿਮਣੀ ਚੋਣ ਦੌਰਾਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ। ਰਿਟਰਨਿੰਗ ਅਧਿਕਾਰੀ ਨੇ ਦੱਸਿਆ ਕਿ ਵੋਟਰ ਕਾਰਡ ਤੋਂ ਇਲਾਵਾ ਚੋਣ ਕਮਿਸ਼ਨ ਵੱਲੋਂ ਦੱਸੇ ਗਏ ਹੋਰ ਦਸਤਾਵੇਜ਼ਾਂ ਦਿਖਾ ਕੇ ਵੀ ਵੋਟ ਪਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਹਲਕੇ ਦੇ ਵੋਟਰ ਆਧਾਰ ਕਾਰਡ, ਮਨਰੇਗਾ ਜੌਬ ਕਾਰਡ, ਬੈਂਕ/ਡਾਕਘਰ ਦੁਆਰਾ ਜਾਰੀ ਫੋਟੋ ਵਾਲੀ ਪਾਸਬੁੱਕ, ਕਿਰਤ ਮੰਤਰਾਲੇ ਵੱਲੋਂ ਜਾਰੀ ਸਿਹਤ ਬੀਮਾ ਸਮਾਰਟ ਕਾਰਡ, ਡਰਾਈਵਿੰਗ ਲਾਇਸੈਂਸ, ਪੈਨ ਕਾਰਡ, ਐਨ.ਪੀ.ਆਰ. ਦੇ ਤਹਿਤ ਜਾਰੀ ਸਮਾਰਟ ਕਾਰਡ, ਭਾਰਤੀ ਪਾਸਪੋਰਟ, ਫੋਟੋ ਸਮੇਤ ਪੈਨਸ਼ਨ ਦਸਤਾਵੇਜ਼, ਕੇਂਦਰ/ਰਾਜ ਸਰਕਾਰ, ਪਬਲਿਕ ਸੈਕਟਰ ਯੂਨਿਟ ਜਾਂ ਪਬਲਿਕ ਲਿਮਟਿਡ ਕੰਪਨੀਆਂ ਵੱਲੋਂ ਜਾਰੀ ਫੋਟੋ ਪਹਿਚਾਣ ਪੱਤਰ, ਸੰਸਦ ਮੈਂਬਰਾਂ/ਵਿਧਾਇਕਾਂ ਨੂੰ ਜਾਰੀ ਪਹਿਚਾਣ ਪੱਤਰ, ਸਮਾਜਿਕ ਨਿਆਂ ਅਤੇ ਅਧਿਕਾਰਤਾ



ਮੰਤਰਾਲੇ ਵੱਲੋਂ ਜਾਰੀ ਯੂਨੀਕ ਡਿਸਐਬਿਲਟੀ ਆਈ.ਡੀ. ਕਾਰਡ (ਯੂ.ਡੀ.ਆਈ.ਡੀ.) ਦਿਖਾ ਕੇ ਵੀ ਵੋਟ ਪਾ ਸਕਦੇ ਹਨ।

# ਭਾਜਪਾ ਦੇ ਸੋਹਣ ਸਿੰਘ ਠੰਡਲ ਨੂੰ ਮਿਲ ਰਿਹਾ ਹਲਕਾ ਚੱਬੇਵਾਲ ਵਿੱਚ ਭਾਰੀ ਜਨ ਸਮਰਥਨ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਸੋਹਣ ਸਿੰਘ ਠੰਡਲ ਦੇ ਹੱਕ ਵਿੱਚ ਪਿੰਡ ਭੁੰਗਰਨੀ ਵਿੱਚ ਭਾਜਪਾ ਵੱਲੋਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ੍ਰੀ ਠੰਡਲ ਨੂੰ ਜਿੱਤ ਦਾ ਭਰੋਸਾ ਦਿਵਾਇਆ ਅਤੇ ਭਾਜਪਾ ਦੀਆਂ ਨੀਤੀਆਂ 'ਤੇ ਭਰੋਸਾ ਵੀ ਪ੍ਰਗਟਾਇਆ। ਲੋਕਾਂ ਨੇ ਕਿਹਾ ਕਿ ਇੱਕ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਦੂਜੀਆਂ ਸਿਆਸੀ ਪਾਰਟੀਆਂ ਭਾਜਪਾ ਅਤੇ ਕੇਂਦਰ ਦੀਆਂ ਨੀਤੀਆਂ ਨੂੰ ਲੋਕ ਵਿਰੋਧੀ ਕਰਾਰ ਦੇ ਰਹੀਆਂ ਹਨ। ਜਦਕਿ ਅੱਜ ਉਨ੍ਹਾਂ ਨੂੰ ਜੋ ਵੀ ਸਹੂਲਤਾਂ ਮਿਲ ਰਹੀਆਂ ਹਨ, ਉਹ ਕੇਂਦਰ ਸਰਕਾਰ ਦੀ ਬਦੌਲਤ ਹਨ। ਜਦੋਂ ਕਿ ਦੂਜੇ ਪਾਸੇ ਪੰਜਾਬ ਸਰਕਾਰ ਨੇ ਕੇਂਦਰੀ ਸਕੀਮਾਂ ਦੇਣ ਵਿੱਚ ਹਮੇਸ਼ਾ ਦੇਰੀ ਕੀਤੀ ਹੈ। ਇਸ ਲਈ ਉਹ ਪਹਿਲਾਂ ਵਾਂਗ ਗਲਤੀ ਨਹੀਂ ਕਰੇਗੀ ਅਤੇ ਭਾਜਪਾ ਦਾ ਸਾਥ ਦੇਵੇਗੀ ਤਾਂ ਜੋ ਸਾਰੀਆਂ ਸਕੀਮਾਂ ਦਾ ਲਾਭ ਮਿਲ ਸਕੇ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਉਨ੍ਹਾਂ ਨੇ ਭਾਜਪਾ ਨੂੰ ਬਹੁਤ ਸੋਚ ਸਮਝ ਕੇ ਹਲਕੇ ਦੀ ਭਲਾਈ ਲਈ ਚੁਣਿਆ ਹੈ ਅਤੇ ਹੁਣ ਇਹ ਤੁਹਾਡੇ ਹੱਥ ਹੈ ਕਿ ਉਹ ਹਲਕੇ ਦੀ ਭਲਾਈ ਚਾਹੁੰਦੇ ਹਨ। ਸ੍ਰੀ ਠੰਡਲ ਨੇ ਕਿਹਾ ਕਿ ਉਹ ਹਮੇਸ਼ਾ ਲੋਕ ਸੇਵਕ ਹਨ ਅਤੇ ਰਹਿਣਗੇ ਅਤੇ ਉਨ੍ਹਾਂ ਲਈ ਹਲਕਾ ਸਭ ਤੋਂ ਪਹਿਲਾਂ ਹੈ, ਉਨ੍ਹਾਂ ਨੇ ਕਦੇ ਵੀ ਆਪਣੇ ਹਿੱਤਾਂ ਵੱਲ ਨਹੀਂ ਦੇਖਿਆ।



ਇਸ ਲਈ ਅੱਜ ਵੀ ਉਹ ਹਲਕੇ ਅਤੇ ਹਲਕਾ ਵਾਸੀਆਂ ਦੇ ਹਿੱਤਾਂ ਲਈ ਚੋਣ ਲੜ ਰਹੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਹਲਕਾ ਵਾਸੀਆਂ ਨੇ ਪਹਿਲਾਂ ਚਾਰ ਵਾਰ ਉਨ੍ਹਾਂ 'ਤੇ ਭਰੋਸਾ ਜਤਾਇਆ ਸੀ, ਉਸੇ ਤਰ੍ਹਾਂ ਹੁਣ ਵੀ ਉਹ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਜ਼ਰੂਰ ਦੇਣਗੇ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜਿੱਤ ਤੋਂ ਬਾਅਦ ਕੇਂਦਰ ਤੋਂ ਵੱਡੇ ਪ੍ਰੋਜੈਕਟ ਲਿਆ ਕੇ ਇਲਾਕੇ ਵਿੱਚ ਲਾਗੂ ਕੀਤੇ ਜਾਣਗੇ ਤਾਂ ਜੋ ਇਲਾਕਾ ਨਿਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ, ਸਿੱਖਿਆ ਅਤੇ ਉਦਯੋਗਾਂ ਦੀ ਸਥਾਪਨਾ ਰਾਹੀਂ ਰੁਜ਼ਗਾਰ ਦੇ ਵਧੀਆ ਮੌਕੇ ਮਿਲ ਸਕਣ ਅਤੇ ਆਪਣੀ ਆਰਥਿਕ ਹਾਲਤ ਨੂੰ ਮਜ਼ਬੂਤ ਕੀਤਾ ਜਾ ਸਕੇ। ਆਦਿ ਇਸ ਦੌਰਾਨ ਭਾਜਪਾ ਆਗੂਆਂ ਨੇ ਲੋਕਾਂ ਨੂੰ ਸੋਹਣ ਸਿੰਘ ਠੰਡਲ ਨੂੰ ਜਿਤਾਉਣ ਦਾ ਸੱਦਾ ਦਿੱਤਾ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਭਾਰਤ ਦੇ ਸੰਵਿਧਾਨ ਦਿਵਸ 'ਤੇ ਬਾਬਾ ਸਾਹਿਬ ਨੂੰ ਯਾਦ ਕਰਦਿਆਂ

ਪ੍ਰੇਮ ਕੁਮਾਰ ਚੁੰਬਰ
ਮੁੱਖ ਸੰਪਾਦਕ: ਅੰਬੇਡਕਰ ਟਾਈਮਜ਼/ਦੇਸ਼ ਦੁਆਬਾ

ਬਾਬਾ ਸਾਹਿਬ ਡਾ: ਭੀਮ ਰਾਓ ਰਾਮਜੀ ਅੰਬੇਦਕਰ (14 ਅਪ੍ਰੈਲ, 1891 – 6 ਦਸੰਬਰ, 1956) ਇੱਕ ਮਹਾਨ ਮਾਨਵਵਾਦੀ, ਦੱਬੇ-ਕੁਚਲੇ ਲੋਕਾਂ ਦੇ



ਮੁਕਤੀਦਾਤਾ, ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ, ਮੰਨੇ-ਪ੍ਰਮੰਨੇ ਕਾਨੂੰਨ-ਵਿਗਿਆਨੀ, ਸੱਚੇ ਸੁੱਚੇ ਲੋਕ ਨੇਤਾ, ਇਮਾਨਦਾਰ ਸਿਆਸਤਦਾਨ ਅਤੇ ਵਿਦਵਾਨ ਬਰਾਬਰ ਉੱਤਮ ਸਨ। ਉਹਨਾਂ ਨੇ ਬਹੁਤ ਸਾਰੇ ਸਮਾਜਿਕ ਸੁਧਾਰ ਦੇ ਉਪਾਅ ਸ਼ੁਰੂ ਕੀਤੇ ਅਤੇ ਭਾਰਤ ਦੀ ਧਰਤੀ ਤੋਂ ਜਾਤ-ਪਾਤ ਨੂੰ ਖ਼ਤਮ ਕਰਨ ਲਈ ਆਪਣੇ ਜੀਵਨ 'ਚ ਲੰਬੇ ਸੰਘਰਸ਼ ਲਈ ਤਿੰਨ ਸਿਆਸੀ ਪਾਰਟੀਆਂ ਦੀ ਸਥਾਪਨਾ ਕੀਤੀ। ਉਹਨਾਂ ਦਾ ਦ੍ਰਿੜ ਵਿਚਾਰ ਸੀ ਕਿ ਭਾਰਤ ਦੇ ਇੱਕ ਰਾਸ਼ਟਰ ਬਣਨ ਦੇ ਰਾਹ ਵਿੱਚ ਜਾਤ-ਪਾਤ ਸਭ ਤੋਂ ਵੱਡੀ ਰੁਕਾਵਟ ਹੈ। ਆਪਣੇ ਮਹਾਂ-ਪ੍ਰੀਨਿਰਵਾਨ ਤੋਂ ਕੁਝ ਸਮਾਂ ਪਹਿਲਾਂ, ਉਹਨਾਂ ਨੇ ਭਾਰਤ ਦੇ ਕਰੋੜਾਂ ਸਮਾਜਿਕ ਤੌਰ 'ਤੇ ਵੱਖ ਕੀਤੇ ਅਤੇ ਵਿਤਕਰੇ ਦੇ ਸ਼ਿਕਾਰ ਲੋਕਾਂ ਨੂੰ ਜਾਤ ਅਤੇ ਛੂਤ-ਛਾਤ ਦੇ ਸਦੀਆਂ ਪੁਰਾਣੇ ਸਰਾਪ ਤੋਂ ਛੁਟਕਾਰਾ ਪਾਉਣ ਲਈ ਇੱਕ ਨਵਾਂ ਰਾਹ ਦਿਖਾਉਣ ਲਈ ਭਾਰਤ ਵਿੱਚ ਬੋਧੀ ਅੰਦੋਲਨ ਦੀ ਨੀਂਹ ਰੱਖੀ। ਉਹਨਾਂ ਦੀ ਵਿਦਵਤਾ ਅਤੇ ਮਾਨਵਤਾ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਦੀ ਸ਼ਾਨਦਾਰ ਪਹੁੰਚ ਨੇ ਉਹਨਾਂ ਨੂੰ ਬ੍ਰਿਟਿਸ਼ ਸ਼ਾਸਨ ਅਤੇ ਆਜ਼ਾਦ ਭਾਰਤ ਦੌਰਾਨ ਵੱਖ-ਵੱਖ ਜ਼ਿੰਮੇਵਾਰੀਆਂ ਦੇ ਅਹੁਦਿਆਂ 'ਤੇ ਲਿਆ। ਉਹ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਸਨ।

ਆਜ਼ਾਦ ਭਾਰਤ ਦੇ ਸੰਵਿਧਾਨ ਦੀ ਡਰਾਫਟ ਕਮੇਟੀ ਦੇ ਚੇਅਰਮੈਨ ਵਜੋਂ, ਉਹਨਾਂ ਨੇ ਆਜ਼ਾਦ ਭਾਰਤ ਦੇ ਸੰਵਿਧਾਨ ਦਾ ਖਰੜਾ ਤਿਆਰ ਕੀਤਾ, ਜਿਸ ਨੂੰ ਸੰਵਿਧਾਨ ਸਭਾ ਦੁਆਰਾ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ। ਉਦੋਂ ਤੋਂ, 26 ਨਵੰਬਰ ਨੂੰ ਸੰਵਿਧਾਨ ਦਿਵਸ (ਸੰਵਿਧਾਨ ਦਿਵਸ) ਵਜੋਂ ਜਾਣਿਆ ਜਾਂਦਾ ਹੈ।) ਇਸਨੂੰ "ਰਾਸ਼ਟਰੀ ਕਾਨੂੰਨ ਦਿਵਸ" ਵਜੋਂ ਵੀ ਜਾਣਿਆ ਜਾਂਦਾ ਹੈ, ਅਤੇ ਭਾਰਤ ਵਿੱਚ ਹਰ ਸਾਲ 26 ਨਵੰਬਰ ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਡਾ: ਬੀ.ਆਰ. ਅੰਬੇਡਕਰ ਇੱਕ ਉੱਘੇ ਲੇਖਕ ਵੀ ਸਨ, ਜਿਨ੍ਹਾਂ ਨੇ ਛੂਤ-ਛਾਤ ਵਿਰੁੱਧ ਆਪਣੀ ਮੁਹਿੰਮ ਦੌਰਾਨ ਤਿੰਨ ਚੰਗੀਆਂ ਪ੍ਰਾਪਤੀਆਂ ਵਾਲੀਆਂ ਅਖਬਾਰਾਂ ਵੀ ਚਲਾਈਆਂ। ਉਹਨਾਂ ਅਮਰੀਕਾ ਅਤੇ ਯੂਕੇ ਦੀਆਂ ਨਾਮਵਰ ਯੂਨੀਵਰਸਿਟੀਆਂ ਤੋਂ ਆਰਥਿਕ ਅਤੇ ਹੋਰ ਬਹੁਤ ਸਾਰੀਆਂ ਅਕਾਦਮਿਕ ਡਿਗਰੀਆਂ ਵਿੱਚ ਡਾਕਟਰੇਟ ਹਾਸਲ ਕੀਤੀਆਂ। ਉਹਨਾਂ ਨੂੰ ਹੁਣ ਤੱਕ ਦੁਨੀਆ ਦੇ ਕੁਝ ਸਭ ਤੋਂ ਬੁੱਧੀਮਾਨ ਲੋਕਾਂ ਵਿੱਚੋਂ ਇੱਕ ਚੁਣਿਆ ਗਿਆ ਹੈ। 1990 ਵਿੱਚ, ਭਾਰਤ ਰਤਨ, ਭਾਰਤ ਦਾ ਸਰਵਉੱਚ ਨਾਗਰਿਕ ਪੁਰਸਕਾਰ, ਉਹਨਾਂ ਨੂੰ ਮਰਨ ਉਪਰੰਤ ਪ੍ਰਦਾਨ ਕੀਤਾ ਗਿਆ ਸੀ। ਬੀਤੇ ਸਾਲ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਭਾਰਤ ਦੇ ਸੰਵਿਧਾਨ ਦੇ ਮੁੱਖ ਆਰਕੀਟੈਕਟ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ, ਸੰਵਿਧਾਨ ਦਿਵਸ 'ਤੇ ਸੁਪਰੀਮ ਕੋਰਟ ਦੇ ਅਹਾਤੇ ਵਿੱਚ ਡਾ. ਬੀ. ਆਰ. ਅੰਬੇਡਕਰ ਦੀ ਇੱਕ ਸ਼ਾਨਦਾਰ 7 ਫੁੱਟ ਉੱਚੀ ਸਟੈਚੂ ਦਾ ਉਦਘਾਟਨ ਕੀਤਾ। ਸਮਾਰੋਹ ਦੌਰਾਨ ਭਾਰਤ ਦੇ ਉਸ ਵਕਤ ਦੇ ਚੀਫ਼ ਜਸਟਿਸ ਡੀ.ਵਾਈ ਚੰਦਰਚੂੜ ਅਤੇ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵੀ ਮੌਜੂਦ ਸਨ।

ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਬੋਧੀਸਤਵ, ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਨੂੰ ਉਨ੍ਹਾਂ ਨੂੰ ਅੱਜ ਦੇ ਦਿਨ ਮੌਕੇ ਪਿਆਰ ਅਤੇ ਸਤਿਕਾਰ ਨਾਲ ਯਾਦ ਕਰਦੇ ਹਨ।

# ਅਸਲ-ਸੰਸਾਰ ਦੇ ਹੁਨਰਾਂ ਲਈ ਸਿੱਖਿਆ ਨੂੰ ਮੁੜ ਡਿਜ਼ਾਈਨ ਕਰਨਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਪੈਸੇ ਕਮਾਉਣ, ਬਚਾਉਣ ਅਤੇ ਪ੍ਰਬੰਧਨ 'ਤੇ ਵਿਹਾਰਕ ਪਾਠਾਂ ਨੂੰ ਜੋੜ ਕੇ, ਸਿੱਖਿਆ ਵਿਦਿਆਰਥੀਆਂ ਨੂੰ ਅਸਲ-ਸੰਸਾਰ ਦੀਆਂ ਚੁਣੌਤੀਆਂ ਲਈ ਬਿਹਤਰ ਢੰਗ ਨਾਲ ਤਿਆਰ ਕਰ ਸਕਦੀ ਹੈ। ਇਹ ਕਹਿਣਾ ਇੱਕ ਸੱਚਾਈ ਹੈ ਕਿ ਸੰਸਾਰ ਨਾਲ ਨਜਿੱਠਣ ਲਈ ਇੱਕ ਵਧਦੀ ਗੁੰਝਲਦਾਰ ਪ੍ਰਸਤਾਵ ਬਣ ਰਿਹਾ ਹੈ ਅਤੇ ਇਸ ਨਾਲ ਨਜਿੱਠਣ ਦੇ ਤਰੀਕਿਆਂ ਨੂੰ ਢਾਂਚਾ ਅਤੇ ਸਮਝਣ ਦੀ ਲੋੜ ਹੈ। ਇਹ ਇਕੱਲਾ ਸੰਸਾਰ ਵਿੱਚ ਜਿਸ ਤਰ੍ਹਾਂ ਦੇ ਮਾਮਲਿਆਂ ਵਿੱਚ ਕੰਮ ਕਰ ਰਿਹਾ ਹੈ, ਉਸ ਬਾਰੇ ਵਧਦੇ ਸੋਗ ਅਤੇ ਉਲਝਣ ਤੋਂ ਬਚੇਗਾ। ਵਿੱਤ ਦੇ ਖੇਤਰ ਤੋਂ ਇੱਕ ਦ੍ਰਿਸ਼ਟਾਂਤ ਸਥਿਤੀ ਨੂੰ ਦਰਸਾ ਸਕਦਾ ਹੈ। ਇਹ ਦੱਸਣਾ ਸਪੱਸ਼ਟ ਗੱਲ ਹੈ ਕਿ ਹਰ ਕਿਸੇ ਨੂੰ ਜਿਉਂਦੇ ਰਹਿਣ ਲਈ ਵਿੱਤ ਦੀ ਲੋੜ ਹੁੰਦੀ ਹੈ ਅਤੇ ਵਿੱਤ ਪ੍ਰਾਪਤ ਕਰਨਾ ਪੈਂਦਾ ਹੈ ਜੇਕਰ ਕਿਤੇ ਤੋਂ ਕਮਾਈ ਨਾ ਕੀਤੀ ਜਾਵੇ। ਵਿੱਤ ਜਾਂ ਕਮਾਈ ਨੂੰ ਸਮਝਣ ਦੇ ਇਸ ਕਾਰੋਬਾਰ ਲਈ ਇਹ ਸਮਝਣ ਦੀ ਯੋਗਤਾ ਦੀ ਲੋੜ ਹੁੰਦੀ ਹੈ ਕਿ ਵਿੱਤ ਕੀ ਹੈ ਅਤੇ ਇਸਨੂੰ ਕਿਵੇਂ ਕਮਾਇਆ ਜਾ ਸਕਦਾ ਹੈ। ਵਿੱਤ ਕਈ ਆਕਾਰਾਂ ਅਤੇ ਰੰਗਾਂ ਵਿੱਚ ਆਉਂਦਾ ਹੈ। ਸਾਰੇ ਵਿੱਤ ਵਿੱਚ ਇੱਕ ਸਾਂਝਾ ਕਾਰਕ ਇਹ ਹੈ ਕਿ ਇਹ ਕਿਸੇ ਦੇ ਯਤਨਾਂ ਲਈ ਇੱਕ ਮੁਦਰਾ ਮੁੱਲ ਪਾ ਰਿਹਾ ਹੈ ਅਤੇ ਇਹ ਇੱਕ ਸਿਸਟਮ ਨੂੰ ਜਾਰੀ ਰੱਖਣ ਲਈ ਜੋ ਕੁਝ ਕਰਦਾ ਹੈ ਉਸ ਦਾ ਮੁਆਵਜ਼ਾ ਹੈ। ਵਿੱਤ ਕੋਸ਼ਿਸ਼ ਅਤੇ ਇਸਦੇ ਮੁਆਵਜ਼ੇ ਦੇ ਵਿਚਕਾਰ ਸਮੀਕਰਨ ਨਿਰਧਾਰਤ ਕਰਦਾ ਹੈ ਅਤੇ ਵਿੱਤ ਬਦਲੇ ਵਿੱਚ ਖਰੀਦਦਾਰੀ ਤੋਂ ਪਰੇ ਜੀਵਨ ਦੀਆਂ ਜ਼ਰੂਰਤਾਂ ਨੂੰ ਖਰੀਦਣ ਅਤੇ ਪ੍ਰਾਪਤ ਕਰਨ ਲਈ ਇੱਕ ਸਾਧਨ ਬਣ ਜਾਂਦਾ ਹੈ। ਅਜਿਹਾ ਕਰਨ ਲਈ, ਕਿਸੇ ਨੂੰ ਮੁਦਰਾ, ਇਸਦੇ ਬਰਾਬਰੀ ਅਤੇ ਮੁਦਰਾ ਨੂੰ ਕੋਸ਼ਿਸ਼ ਵਿੱਚ ਕਿਵੇਂ ਮਾਪਿਆ ਜਾਂਦਾ ਹੈ ਨੂੰ ਸਮਝਣ ਦੀ ਲੋੜ ਹੁੰਦੀ ਹੈ। ਇਹ ਸਾਡੀ ਪ੍ਰਚਲਿਤ ਸਕੂਲ ਅਤੇ ਕਾਲਜ ਪ੍ਰਣਾਲੀ ਦੀ ਇੱਕ ਗੁੱਥੀ ਹੈ ਕਿ ਇਹਨਾਂ ਮਾਮਲਿਆਂ ਨੂੰ ਪਾਠਕ੍ਰਮ ਦੁਆਰਾ ਜਾਂ, ਇਸ ਮਾਮਲੇ ਲਈ, ਇੱਕ ਰਸਮੀ ਸਥਿਤੀ ਵਿੱਚ ਘੱਟ ਹੀ ਸਮਝਾਇਆ ਜਾਂਦਾ ਹੈ। ਨਿਰੀਖਣ ਅਤੇ ਘਰੇਲੂ ਮਾਹੌਲ ਜਿਸ ਵਿੱਚ ਵਿਅਕਤੀ ਵਧਿਆ ਹੈ, ਦੁਆਰਾ ਵਿੱਤ ਬਾਰੇ ਬਹੁਤ ਕੁਝ ਸਿੱਖਿਆ ਜਾਂਦਾ ਹੈ, ਜੋ ਕਾਰਜਸ਼ੀਲ ਜੀਵਨ ਵਿੱਚ ਲੈਣ-ਦੇਣ ਵਿੱਚ ਬਦਲ ਜਾਂਦਾ ਹੈ ਅਤੇ ਜੀਵਨ ਵਿੱਚ ਬਹੁਤ ਜਲਦੀ ਇਹ ਸਿੱਖਦਾ ਹੈ ਕਿ ਪੈਸੇ ਕਮਾਉਣ ਲਈ ਕਿਸੇ ਕੋਲ ਸਮਰੱਥਾ ਹੋਣੀ ਚਾਹੀਦੀ ਹੈ ਅਤੇ ਇਸਲਈ ਵਿੱਤ ਨਾਲ ਨਜਿੱਠਣਾ ਚਾਹੀਦਾ ਹੈ। ਹਰੇਕ ਪ੍ਰਣਾਲੀ ਦੇ ਯਤਨਾਂ ਅਤੇ ਮੁਆਵਜ਼ੇ ਦੇ ਵਿਚਕਾਰ ਸਮਾਨਤਾ ਦੇ ਆਪਣੇ ਤਰੀਕੇ ਹੁੰਦੇ ਹਨ ਅਤੇ ਉਹ ਤਾਕਤਾਂ ਜੋ ਇਸਨੂੰ ਨਿਰਧਾਰਤ ਕਰਦੀਆਂ ਹਨ ਅਕਸਰ ਮਾਰਕੀਟ ਬਲਾਂ ਵਜੋਂ ਜਾਣੀਆਂ ਜਾਂਦੀਆਂ ਹਨ। ਇਹ ਆਪਣੇ ਆਪ ਵਿੱਚ ਇੱਕ ਕਲਾ ਹੈ ਜੋ ਜੀਵਨ ਕਈ ਵਾਰ ਅਜ਼ਮਾਇਸ਼ ਅਤੇ ਗਲਤੀ ਦੁਆਰਾ ਸਧਾਰਨ ਅਤੇ ਅਕਸਰ ਸਿਖਾਉਂਦਾ ਹੈ। ਇਸ ਤਰ੍ਹਾਂ, ਇਹ ਹੈ ਕਿ ਵਿੱਤ ਨਾ ਸਿਰਫ਼ ਔਖਾ ਹੈ, ਪਰ ਇਹ ਸਮਝਣ ਲਈ ਅਗਵਾਈ ਕਰਦਾ ਹੈ ਅਤੇ ਫਿਰ ਵੀ ਇਹ ਕਿਸੇ ਦੇ ਜੀਵਨ ਦਾ ਇੱਕ ਆਧਾਰ ਬਣਿਆ ਹੋਇਆ ਹੈ। ਗੱਲਬਾਤ ਨੂੰ ਹੋਰ ਅੱਗੇ ਲੈ ਕੇ, ਇਹ ਮਹਿਸੂਸ ਕਰਨ ਦੀ ਲੋੜ ਹੈ ਕਿ ਵਿੱਤ ਦੇ ਕੁਝ ਬੁਨਿਆਦੀ ਹਿੱਸੇ ਹਨ ਜਿਵੇਂ ਕਿ ਕਮਾਈ, ਬੱਚਤ, ਨਿਵੇਸ਼, ਠੋਸ ਸੰਪਤੀਆਂ ਵਿੱਚ ਬਦਲਣਾ ਅਤੇ ਹੋਰ ਬਹੁਤ ਕੁਝ। ਹਰ ਖੇਤਰ ਸਮੇਂ ਦੇ ਨਾਲ ਸਿੱਖਣ ਅਤੇ ਅਸਲ ਵਿੱਚ ਖੁਸ਼ੀ ਜਾਂ ਕਿਸੇ ਹੋਰ ਦੀ ਹੋਂਦ ਦਾ ਇੱਕ ਵਿਸ਼ੇਸ਼ ਖੇਤਰ ਬਣ ਗਿਆ ਹੈ।

ਸਕੂਲ ਦੀਆਂ ਉੱਚ ਜਮਾਤਾਂ ਵਿੱਚ ਵਿੱਤ ਦੀਆਂ ਸ਼ਕਤੀਆਂ ਹੁੰਦੀਆਂ ਹਨ ਜਿੱਥੇ ਕੁਝ ਬੁਨਿਆਦੀ ਸੰਕਲਪਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਵਿੱਤ ਬਾਰੇ ਕੁਝ ਜ਼ਰੂਰੀ ਬੁਨਿਆਦੀ ਵਿਚਾਰ ਸਾਂਝੇ ਕੀਤੇ ਜਾਂਦੇ ਹਨ। ਲੋੜ ਹੈ ਇਸ ਨੂੰ ਵਿਹਾਰਕ ਦਿਸ਼ਾ ਪ੍ਰਦਾਨ ਕਰਨ ਅਤੇ ਫੀਲਡ ਵਰਕ, ਵਿੱਤ ਦੀ ਕੀਮਤ ਅਤੇ ਮਨੁੱਖੀ ਜੀਵਨ ਵਿੱਚ ਇਸਦੀ ਕੇਂਦਰੀ ਭੂਮਿਕਾ ਦੁਆਰਾ ਲੋਕਾਂ ਨੂੰ ਸਿਖਾਉਣ ਦੀ। ਜ਼ਿਆਦਾਤਰ ਕਲਾਸਰੂਮ ਸੋਚ ਦੇ ਉਸ ਪੜਾਅ 'ਤੇ ਗ੍ਰੈਜੂਏਟ ਨਹੀਂ ਹੋਏ ਹਨ, ਜਾਂ ਸੋਚਣ ਦੇ ਉਸ ਤਰੀਕੇ ਨਾਲ, ਜਿਸਦਾ ਸਿੱਧਾ ਮਤਲਬ ਹੈ ਕਿ ਜ਼ਿਆਦਾਤਰ ਲੋਕ ਵਿੱਤ ਦੀਆਂ ਜ਼ਰੂਰੀ ਚੀਜ਼ਾਂ ਅਤੇ ਜੀਵਨ ਦੀ ਬੁਨਿਆਦ ਵਿਚਕਾਰ ਸਬੰਧ ਪ੍ਰਾਪਤ ਕੀਤੇ ਬਿਨਾਂ ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਲੰਘਦੇ ਹਨ। ਇੱਕ ਸਥਿਤੀ ਹੋਰ ਗੁੰਝਲਦਾਰ ਬਣ ਜਾਂਦੀ ਹੈ ਜਦੋਂ ਇੱਕ ਕਾਲਜ ਜਾਂ ਯੂਨੀਵਰਸਿਟੀ ਪੱਧਰ ਤੋਂ ਗ੍ਰੈਜੂਏਟ ਹੁੰਦਾ ਹੈ ਅਤੇ ਫਿਰ ਜਦੋਂ ਤੱਕ ਕੋਈ ਵਿੱਤ ਵਿੱਚ ਕੋਈ ਖਾਸ ਕੋਰਸ ਨਹੀਂ ਕਰ ਰਿਹਾ ਹੁੰਦਾ, ਕੋਈ ਵਿਅਕਤੀ ਵਿੱਤ ਬਾਰੇ ਸਕੂਲ ਵਿੱਚ ਜੋ ਕੁਝ ਸਿੱਖਿਆ ਹੈ ਉਸ ਤੋਂ ਵੱਧ ਕਦੇ ਵੀ ਕੁਝ ਨਹੀਂ ਸਿੱਖ ਸਕਦਾ। ਇਹ ਇੱਕ ਨੁਕਸਾਨ ਹੈ ਕਿਉਂਕਿ, ਜਿਵੇਂ ਕਿ ਉੱਪਰ ਗਿਣਿਆ ਗਿਆ ਹੈ, ਵਿੱਤ ਬਾਰੇ ਸਕੂਲ ਵਿੱਚ ਜੋ ਪੜ੍ਹਾਇਆ ਜਾਂਦਾ ਹੈ, ਉਹ ਵਿੱਤ ਦੇ ਅਭਿਆਸ ਵਿੱਚ ਬਹੁਤ ਦੂਰ ਨਹੀਂ ਜਾਂਦਾ ਹੈ। ਹਰ ਕਿਸੇ ਨੂੰ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਹੁਨਰ ਨੂੰ ਸੰਭਾਲਣ ਵਿੱਚ ਕਿਸੇ ਦੀ ਕੀਮਤ ਦੇ ਵਿਚਕਾਰ ਸਬੰਧਅਤੇ ਜਾਣਕਾਰੀ ਅਤੇ ਵਾਤਾਵਰਣ ਦੁਆਰਾ ਵਿੱਤੀ ਰੂਪ ਵਿੱਚ ਇਸਦਾ ਮੁਆਵਜ਼ਾ ਕਿਵੇਂ ਦਿੱਤਾ ਜਾਂਦਾ ਹੈ। ਇਹ ਆਪਣੇ ਆਪ ਵਿੱਚ ਇੱਕ ਗੁੰਝਲਦਾਰ ਪ੍ਰਸਤਾਵ ਹੈ ਅਤੇ, ਜਿਵੇਂ ਕਿ ਪਹਿਲਾਂ ਸੁਝਾਅ ਦਿੱਤਾ ਗਿਆ ਹੈ, ਫੀਲਡਵਰਕ ਦੀ ਲੋੜ ਹੈ। ਫਿਰ ਵਿੱਤ ਦੇ ਅੰਤਮ ਖੇਤਰ ਹਨ ਜੋ ਉਦੋਂ ਤੱਕ ਸਿੱਖੇ ਨਹੀਂ ਜਾ ਸਕਦੇ ਜਦੋਂ ਤੱਕ ਕਿ ਵਿਹਾਰਕ ਸੰਸਾਰ ਦੇ ਸਾਹਮਣੇ ਨਹੀਂ ਆਉਂਦੇ ਅਤੇ ਇਹ ਅਜਿਹਾ ਮਾਮਲਾ ਨਹੀਂ ਹੈ ਜਿਸ ਨੂੰ ਕਲਾਸਰੂਮ ਵਿੱਚ ਲਿਆਂਦਾ ਜਾ ਸਕਦਾ ਹੈ। ਨਾਲ ਹੀ, ਇੱਕ ਸਾਧਾਰਨ ਸਿੱਖਿਆ ਪ੍ਰਣਾਲੀ ਵਿੱਚ, ਦੁਬਾਰਾ ਅਜਿਹੇ ਪਾੜੇ ਹਨ ਜਿੱਥੇ ਇਹ ਸਿੱਖਿਆ ਮੂਲ ਰੂਪ ਵਿੱਚ ਚਲੀ ਜਾਂਦੀ ਹੈ ਅਤੇ ਲੋਕ ਅਜ਼ਮਾਇਸ਼ ਅਤੇ ਗਲਤੀ ਦੁਆਰਾ ਆਪਣੇ ਲਈ ਭੁਗਤਾਨ ਕਰਨ ਲਈ ਛੱਡ ਜਾਂਦੇ ਹਨ। ਇਹ ਨਾ ਸਿਰਫ਼ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦਾ ਹੈ ਬਲਕਿ ਇੱਕ ਜਾਂ ਕਿਸੇ ਹੋਰ ਕਿਸਮ ਦੀਆਂ ਪੇਚੀਦਗੀਆਂ ਦਾ ਕਾਰਨ ਬਣਦਾ ਹੈ। ਕਿਸੇ ਨੂੰ ਬਦਲਿਆ ਜਾ ਸਕਦਾ ਹੈ ਜਾਂ ਹੋ ਸਕਦਾ ਹੈ ਕਿ ਕਿਸੇ ਨੂੰ ਪਤਾ ਨਾ ਹੋਵੇ ਕਿ ਸੇਵਾਵਾਂ, ਬਹੁਤ ਸਾਰੇ ਮਾਮਲਿਆਂ ਵਿੱਚ, ਕਿਸੇ ਕਿਸਮ ਦੇ ਮੁਆਵਜ਼ੇ ਤੋਂ ਬਿਨਾਂ ਪ੍ਰਦਾਨ ਨਹੀਂ ਕੀਤੀਆਂ ਜਾ ਸਕਦੀਆਂ ਹਨ ਅਤੇ ਇਹ ਮੁਆਵਜ਼ਾ ਅਕਸਰ ਪੈਸੇ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ। ਲੋਕਾਂ ਨੂੰ ਪੈਸੇ, ਵਿੱਤ ਅਤੇ ਮਿਹਨਤ ਦੇ ਵਿਚਕਾਰ ਸਬੰਧ ਸਮਝਾਉਣ ਲਈ ਇਹ ਇੱਕ ਸਾਰਥਕ ਪਹੁੰਚ ਹੋਵੇਗੀ। ਅਜਿਹਾ ਦ੍ਰਿਸ਼ਟੀਕੋਣ ਨਾ ਸਿਰਫ਼ ਸਕੂਲਾਂ, ਸਗੋਂ ਕਾਲਜਾਂ ਦੇ ਪਾਠਕ੍ਰਮ ਨੂੰ ਆਪਣੇ ਜੀਵਨ ਵਿੱਚ ਸਾਰਥਕ ਅਤੇ ਵਧੇਰੇ ਵਿਹਾਰਕ ਬਣਾਉਣ ਵਿੱਚ ਮਦਦ ਕਰੇਗਾ। ਜਿਵੇਂ ਕਿ ਮਾਮਲਾ ਖੜ੍ਹਾ ਹੈ, ਜੇਕਰ ਕੋਈ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਇਤਿਹਾਸ, ਮਨੋਵਿਗਿਆਨ, ਭੂਗੋਲ, ਜਾਂ ਹੋਰ ਕਿਸੇ ਵੀ ਚੀਜ਼ ਵਿੱਚ ਮੁਹਾਰਤ ਰੱਖਦਾ ਹੈ, ਤਾਂ ਕਿਸੇ ਨੂੰ ਸ਼ਾਇਦ ਹੀ ਇਹ ਅਹਿਸਾਸ ਹੁੰਦਾ ਹੈ ਕਿ ਅਖੌਤੀ ਵਿਸ਼ੇਸ਼ਤਾ ਤੋਂ ਇਲਾਵਾ, ਇੱਕ ਆਮ ਸਿੱਖਿਆ ਦੀ ਲੋੜ ਹੈ। ਇਹ ਆਮ ਸਿੱਖਿਆ ਦੂਜਿਆਂ ਨਾਲ ਵਿਵਹਾਰ, ਆਪਣੇ ਆਪ ਦਾ ਪ੍ਰਬੰਧਨ, ਆਮਦਨ ਨੂੰ ਸਮਝਣਾ, ਖਰਚਿਆਂ ਨੂੰ ਸਮਝਣਾ, ਬੱਚਤਾਂ ਨੂੰ ਸਮਝਣਾ, ਆਦਿ ਵਿੱਚ ਹੋ ਸਕਦਾ ਹੈ। ਇਸ ਨੂੰ ਸਧਾਰਨ ਰੂਪ ਵਿੱਚ ਕਹੀਏ ਤਾਂ, ਜਵਾਨੀ ਵਿੱਚ ਜਾਣ ਤੋਂ ਪਹਿਲਾਂ ਅਤੇ ਇੱਕ ਵਿੱਤੀ ਤੌਰ 'ਤੇ ਵਿਵਹਾਰਕ ਸੰਸਥਾ ਬਣਨ ਤੋਂ ਪਹਿਲਾਂ ਸਿੱਖਣ ਦੀ ਸੀਮਾ 'ਤੇ ਵੀ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਜਿਵੇਂ ਕਿ ਪਹਿਲਾਂ ਦਰਸਾਇਆ ਗਿਆ ਹੈ, ਇਸਦਾ ਬਹੁਤ ਕੁਝ ਅਜ਼ਮਾਇਸ਼ ਅਤੇ ਗਲਤੀ ਦੁਆਰਾ ਹੋ ਰਿਹਾ ਹੈ, ਇੱਕ ਵਿਧੀ ਨੂੰ ਅਪਣਾਉਂਦੇ ਹੋਏ; ਜੋ ਕੁਝ ਮਾਮਲਿਆਂ ਵਿੱਚ ਕੰਮ ਕਰਦਾ ਹੈ ਪਰ ਦੂਜਿਆਂ ਵਿੱਚ ਨਹੀਂ। ਬਾਲਗਤਾ ਵਿੱਚ ਗ੍ਰੈਜੂਏਟ ਹੋਣ ਤੋਂ ਪਹਿਲਾਂ ਅਤੇ ਖੁੱਲੇ ਸਮੁੰਦਰ ਵਿੱਚ ਸੁੱਟੇ ਜਾਣ ਤੋਂ ਪਹਿਲਾਂ ਰਸਮੀ ਇਨਪੁਟਸ ਦੁਆਰਾ ਅਸਲ ਜੀਵਨ ਵਿੱਚ ਸਮਾਯੋਜਨ ਲਈ ਖਜ਼ਾਨੇ ਨੂੰ ਘਟਾਉਣ ਦੀ ਸਪੱਸ਼ਟ ਜ਼ਰੂਰਤ ਹੈ – ਜਿਵੇਂ ਕਿ ਇਹ ਆਪਣੇ ਆਪ ਦੀ ਦੇਖਭਾਲ ਕਰਨ ਲਈ ਸੀ। ਸਿੱਖਿਆ, ਸਵੈ-ਨਿਰਮਾਣ ਅਤੇ ਅਧਿਆਪਨ ਦੇ ਇੱਕ ਫਲਸਫੇ ਨੂੰ ਸਥਾਪਿਤ ਕਰਨ ਦਾ ਸਮਾਂ ਆ ਗਿਆ ਹੈ ਜੋ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ ਅਤੇ ਜੀਵਨ ਦੀਆਂ ਲੋੜਾਂ ਨਾਲ ਸਬੰਧਤ ਹੋ ਸਕਦਾ ਹੈ। ਅਜਿਹੇ ਮਾਮਲਿਆਂ 'ਤੇ ਕੁਝ ਬੁਨਿਆਦੀ ਸੋਚਣ ਦਾ ਸਮਾਂ ਸਹੀ ਹੈ, ਅਤੇ ਜਿੰਨੀ ਜਲਦੀ ਇਹ ਕੀਤਾ ਜਾਵੇ, ਨਾ ਹੀ ਚੰਗਾ ਹੈ।

ਇਸੇ ਤਰ੍ਹਾਂ, ਤਕਨਾਲੋਜੀ ਕੀ ਹੈ ਦੀ ਪ੍ਰਕਿਰਤੀ ਅਤੇ ਸਮੱਗਰੀ ਬਾਰੇ ਉਸ ਦੇ ਬਚਪਨ, ਕਿਸ਼ੋਰ ਅਤੇ ਉਸ ਦੇ ਜੀਵਨ ਦੇ ਹੋਰ ਪੜਾਵਾਂ ਰਾਹੀਂ ਉਸਨੂੰ ਇੱਕ ਵਿਅਕਤੀ ਬਣਾਉਣ ਲਈ ਉਸੇ ਤਰ੍ਹਾਂ ਦੇ ਪ੍ਰਤੀਬਿੰਬਾਂ ਦੀ ਜ਼ਰੂਰਤ ਹੈ। ਇਹ ਇਸ ਲਈ ਹੈ ਕਿਉਂਕਿ ਤਕਨਾਲੋਜੀ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਛੂੰਹਦੀ ਹੈ, ਨਾ ਸਿਰਫ ਐਨਕਾਂ ਤੋਂ ਲੈ ਕੇ ਜੋ ਕਿਸੇ ਨੂੰ ਆਪਣੀ ਨਜ਼ਰ ਨੂੰ ਠੀਕ ਕਰਨ ਲਈ ਪਹਿਨਣਾ ਪੈਂਦਾ ਹੈ, ਬਲਕਿ ਹਰ ਚੀਜ਼ ਜੋ ਕਿਸੇ ਦੀ ਰੋਜ਼ੀ-ਰੋਟੀ ਅਤੇ ਹੋਂਦ ਦਾ ਜ਼ਰੂਰੀ ਹਿੱਸਾ ਬਣ ਗਈ ਹੈ। ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਤਕਨਾਲੋਜੀ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਹਾਲਾਂਕਿ, ਇਹ ਇੱਕ ਅਜਿਹਾ ਵਿਸ਼ਾ ਹੋ ਸਕਦਾ ਹੈ ਜਿਸਨੂੰ ਵੱਖਰੇ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਇਲਾਜ ਕੀਤੇ ਜਾਣ ਦੀ ਲੋੜ ਹੈ।

# ਦਲਿਤ ਆਵਾਜ਼ ਦੇ ਸੰਸਥਾਪਕ-ਸੰਪਾਦਕ ਵੀ.ਟੀ. ਰਾਜਸ਼ੇਕਰ ਦਾ 93 ਸਾਲ ਦੀ ਉਮਰ ਵਿੱਚ ਦਿਹਾਂਤ

**ਮੰਗਲੁਰੂ**—ਪ੍ਰਸਿੱਧ ਪੱਤਰਕਾਰ, ਲੇਖਕ ਅਤੇ ਚਿੰਤਕ ਵੀ.ਟੀ. ਟ੍ਰੇਲਬਲੇਜ਼ਿੰਗ ਮੈਗਜ਼ੀਨ ਦਲਿਤ ਵਾਇਸ (ਦਲਿਤ ਆਵਾਜ) ਦੇ ਸੰਸਥਾਪਕ-ਸੰਪਾਦਕ ਵੀ.ਟੀ. ਰਾਜਸ਼ੇਕਰ ਦਾ ਬੁੱਧਵਾਰ ਸਵੇਰੇ ਮੰਗਲੁਰੂ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਉਹ 93 ਸਾਲ ਦੇ ਸਨ। ਦਲਿਤ ਅਧਿਕਾਰਾਂ ਅਤੇ ਸਮਾਜਿਕ ਨਿਆਂ ਲਈ ਆਪਣੀ ਨਿਡਰ ਵਕਾਲਤ ਲਈ ਜਾਣੇ ਜਾਂਦੇ, ਰਾਜਸ਼ੇਕਰ ਸ਼ਿਵਭਾਗ, ਮੰਗਲੁਰੂ ਵਿੱਚ ਇੱਕ ਸੇਵਾਮੁਕਤ ਜੀਵਨ ਬਤੀਤ ਕਰ ਰਹੇ ਸਨ, ਅਤੇ ਹਾਲ ਹੀ ਦੇ ਮਹੀਨਿਆਂ ਵਿੱਚ ਬਿਮਾਰ ਦੱਸੇ ਜਾ ਰਹੇ ਸਨ।



17 ਜੁਲਾਈ, 1932 ਨੂੰ ਵੋਂਟੀਬੇਟੂ, ਕਰਨਾਟਕ ਵਿੱਚ ਜਨਮੇ ਰਾਜਸ਼ੇਕਰ ਭਾਰਤ ਦੇ ਜਾਤ-ਵਿਰੋਧੀ ਅੰਦੋਲਨ ਵਿੱਚ ਇੱਕ ਮਹਾਨ ਹਸਤੀ ਸਨ। ਦ ਇੰਡੀਅਨ ਐਕਸਪ੍ਰੈਸ ਦੇ ਨਾਲ ਦੋ ਦਹਾਕਿਆਂ ਤੋਂ ਵੱਧ ਸਮਾਂ ਬਿਤਾਉਣ ਤੋਂ ਬਾਅਦ, ਜਿੱਥੇ ਉਸਨੇ ਆਪਣੇ ਪੱਤਰਕਾਰੀ ਹੁਨਰ ਦਾ ਸਨਮਾਨ ਕੀਤਾ, ਰਾਜਸ਼ੇਕਰ ਨੇ 1981 ਵਿੱਚ ਦਲਿਤ ਆਵਾਜ਼ ਦੀ ਸ਼ੁਰੂਆਤ ਕੀਤੀ। ਹਿਊਮਨ ਰਾਈਟਸ ਵਾਚ ਦੇ ਅਨੁਸਾਰ, ਰਸਾਲੇ ਨੇ ਜਲਦੀ ਹੀ "ਭਾਰਤ ਦੇ ਸਭ ਤੋਂ ਵੱਧ ਪ੍ਰਸਾਰਿਤ ਦਲਿਤ ਜਰਨਲ" ਵਜੋਂ ਪ੍ਰਮੁੱਖਤਾ ਪ੍ਰਾਪਤ ਕੀਤੀ, ਅਤੇ ਹਾਸ਼ੀਆਗ੍ਰਸਤ ਭਾਈਚਾਰਿਆਂ ਦੀਆਂ ਚਿੰਤਾਵਾਂ ਅਤੇ ਇੱਛਾਵਾਂ ਨੂੰ ਆਵਾਜ਼ ਦੇਣ ਲਈ ਇੱਕ ਜ਼ਰੂਰੀ ਪਲੇਟਫਾਰਮ ਬਣ ਗਿਆ।

'ਦਲਿਤ ਅਵਾਜ਼' ਵਿੱਚ ਰਾਜਸ਼ੇਕਰ ਦੀਆਂ ਲਿਖਤਾਂ ਨੇ ਅਕਸਰ ਦੇਸ਼ ਵਿਆਪੀ ਬਹਿਸ ਛੇੜ ਦਿੱਤੀ, ਜਾਤ-ਆਧਾਰਿਤ ਜ਼ੁਲਮ, ਬ੍ਰਾਹਮਣਵਾਦ ਅਤੇ ਸੰਘ ਪਰਿਵਾਰ ਦੇ ਕੱਟੜ ਆਲੋਚਕ ਵਜੋਂ ਉਹਨਾਂ ਆਪਣੀ ਸਾਖ ਨੂੰ ਮਜ਼ਬੂਤ ਕੀਤਾ। ਉਸ ਦੇ ਸਪੱਸ਼ਟ ਵਿਚਾਰ ਮਹੱਤਵਪੂਰਨ ਨਿੱਜੀ ਖਰਚਿਆਂ ਦੇ ਨਾਲ ਆਏ: 1986 ਵਿੱਚ, ਕਥਿਤ "ਹਿੰਦੂ-ਵਿਰੋਧੀ" ਲਿਖਤਾਂ ਲਈ ਉਸਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ ਸੀ ਅਤੇ ਉਸਨੂੰ ਬੈਂਗਲੁਰੂ ਵਿੱਚ ਅੱਤਵਾਦ ਅਤੇ ਵਿਘਨ ਵਿਰੋਧੀ ਗਤੀਵਿਧੀਆਂ (ਟਾਡਾ) ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਇਹ ਗ੍ਰਿਫਤਾਰੀ ਉਸ ਸੰਪਾਦਕੀ ਕਾਰਨ ਹੋਈ ਹੈ ਜੋ ਉਸ ਨੇ ਦਲਿਤ ਆਵਾਜ਼ ਵਿੱਚ ਲਿਖਿਆ ਸੀ, ਜਿਸ ਨੂੰ ਇੱਕ ਹੋਰ ਲੇਖਕ ਨੇ ਦੁਬਾਰਾ ਪ੍ਰਕਾਸ਼ਿਤ ਕੀਤਾ ਸੀ।

ਉਸ ਦੇ ਪਿੱਛੇ ਉਸ ਦਾ ਪੁੱਤਰ, ਸਲਿਲ ਸ਼ੈਟੀ ਹੈ, ਜੋ ਕਿ ਇੱਕ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦਾ ਵਕੀਲ ਹੈ, ਜਿਸਨੇ ਐਮਨੈਸਟੀ ਇੰਟਰਨੈਸ਼ਨਲ ਦੇ ਸਕੱਤਰ ਜਨਰਲ ਵਜੋਂ ਸੇਵਾ ਕੀਤੀ ਸੀ। ਵੀ.ਟੀ. ਰਾਜਸ਼ੇਕਰ ਦਾ ਅੰਤਿਮ ਸੰਸਕਾਰ ਵੀਰਵਾਰ ਨੂੰ ਉਡੁਪੀ ਵਿੱਚ ਉਨ੍ਹਾਂ ਦੇ ਜਨਮ ਸਥਾਨ ਓਨਥੀਬੇਟੂ ਵਿਖੇ ਹੋਵੇਗਾ। ਉਸ ਦਾ ਜਾਣਾ ਇੱਕ ਯੁੱਗ ਦੇ ਅੰਤ ਦਾ ਚਿੰਨ੍ਹ ਹੈ, ਪਰ ਦਲਿਤ ਅਧਿਕਾਰਾਂ ਅਤੇ ਸਮਾਜਿਕ ਨਿਆਂ ਦੇ ਨਿਡਰ ਚੈਂਪੀਅਨ ਵਜੋਂ ਉਸ ਦੀ ਵਿਰਾਸਤ ਕਾਇਮ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿਊਜਰਸੀ ਵਿਚ ਜੰਗਲ ਨੂੰ ਅੱਗ ਗੈਰ ਕਾਨੂੰਨੀ ਸ਼ਾਟਗੰਨ ਤੋਂ ਚਲਾਈ ਗੋਲੀ ਨਾਲ ਲੱਗੀ, ਇਕ ਵਿਅਕਤੀ ਵਿਰੁੱਧ ਦੋਸ਼ ਦਾਇਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਜੈਕਸਨ ਟਾਊਨਸ਼ਿੱਪ, ਨਿਊ ਜਰਸੀ ਵਿਚ ਜੰਗਲ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਇਕ ਵਿਅਕਤੀ ਵਿਰੁੱਧ ਅੱਗ ਲਾਉਣ ਦੇ ਦੋਸ਼ ਦਾਇਰ ਕੀਤੇ ਗਏ ਹਨ। ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਕਿਹਾ ਸੀ ਕਿ ਅੱਗ ਰਿਚਰਡ ਸ਼ਾਸ਼ੈਟੀ (37) ਨਾਮੀ ਵਿਅਕਤੀ ਵੱਲੋਂ ਗੈਰਕਾਨੂੰਨੀ ਸ਼ਾਟਗੰਨ ਤੋਂ ਚਲਾਈ ਗੋਲੀ ਨਾਲ ਲੱਗੀ ਹੈ। ਉਸ਼ੀਅਨ ਕਾਊਂਟੀ ਦੇ ਸਰਕਾਰੀ ਵਕੀਲ ਬਰਾਡਲੀ ਡਾ ਬਿਲਹਿਮਰ ਤੇ ਨਿਊਜਰਸੀ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਵਿਭਾਗ ਦੇ ਕਮਿਸ਼ਨਰ ਸ਼ਾਨ ਐਮ ਲਾ ਟੋਰੇਟ ਨੇ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਰਿਚਰਡ ਸ਼ਾਸ਼ੈਟੀ ਵਿਰੁੱਧ ਅੱਗ ਲਾਉਣ ਤੇ ਹੱਥਿਆਰਾਂ ਸਬੰਧੀ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਦਾਇਰ ਕੀਤੇ ਗਏ ਹਨ। ਸ਼ਾਸ਼ੈਟੀ ਨੇ ਵਕੀਲ ਸਮੇਤ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਉਸ ਨੂੰ ਗ੍ਰਿਫਤਾਰੀ ਬਾਰੇ ਸੁਣਵਾਈ ਤੱਕ ਉਸ਼ੀਅਨ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਨਿਊਜਰਸੀ ਫੌਰੈਸਟ ਫਾਇਰ ਸਰਵਿਸ ਅਨੁਸਾਰ ਬੀਤੇ ਹਫਤੇ ਬੁੱਧਵਾਰ ਨੂੰ ਜੰਗਲ ਨੂੰ ਲੱਗੀ ਅੱਗ ਕਾਰਨ 15 ਘਰਾਂ ਨੂੰ ਖਾਲੀ ਕਰਵਾਉਣਾ ਪਿਆ ਸੀ ਤੇ 25 ਹੋਰ ਘਰਾਂ ਨੂੰ ਖਤਰਾ ਪੈਦਾ ਹੋ ਗਿਆ ਸੀ। ਅੱਗ ਬੁਝਾਉਣ ਉਪਰੰਤ ਉਸੇ ਦਿਨ ਹੀ ਦੇਰ ਗਏ ਲੋਕਾਂ ਨੂੰ ਵਾਪਿਸ ਘਰਾਂ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ।



# ਅਮਰੀਕਾ ਵਿਚ ਹੱਤਿਆ ਦੇ ਮਾਮਲੇ ਵਿੱਚ ਉਮਰ ਕੈਦ ਕਟ ਰਹੇ ਵਿਅਕਤੀ ਨੂੰ ਅਦਾਲਤ ਨੇ 16 ਸਾਲ ਬਾਅਦ ਸਾਰੇ ਦੋਸ਼ਾਂ ਤੋਂ ਕੀਤਾ ਮੁਕਤ, ਹੋਇਆ ਰਿਹਾਅ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਕਟ ਰਹੇ ਮਿਨੀਸੋਟਾ ਦੇ ਇਕ ਵਿਅਕਤੀ ਦੀ ਸਜ਼ਾ ਇਕ ਜੱਜ ਵੱਲੋਂ ਰੱਦ ਕਰ ਦੇਣ ਦੀ ਖਬਰ ਹੈ। ਜੱਜ ਦੇ ਫੈਸਲੇ ਉਪਰੰਤ ਐਜਰ ਬੈਰੀਨਟੋਸ-ਕੁਇਨਟਾਨਾ ਨਾਮੀ ਵਿਅਕਤੀ ਨੂੰ 16 ਸਾਲ ਜੇਲ ਵਿਚ ਬਿਤਾਉਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਕੁਇਨਟਾਨਾ ਨੂੰ 2009 ਵਿਚ 18 ਸਾਲਾ ਜੈਸ ਮਿਕਲਸਨ ਨਾਮੀ ਵਿਅਕਤੀ ਦੀ ਹੱਤਿਆ ਲਈ ਦੋਸ਼ੀ ਪਾਏ ਜਾਣ 'ਤੇ ਅਦਾਲਤ ਨੇ ਬਿਨਾਂ ਪੈਰੋਲ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਸਾਲ ਅਗਸਤ ਵਿਚ ਅਟਾਰਨੀ ਜਨਰਲ ਕੀਥ ਐਲੀਸਨ ਦੇ ਦਫਤਰ ਤਹਿਤ ਕੰਮ ਕਰਦੀ ਸਜ਼ਾ ਬਾਰੇ ਮੁੜ ਵਿਚਾਰ ਕਮੇਟੀ ਨੇ ਜਾਰੀ ਇਕ ਰਿਪੋਰਟ ਵਿਚ ਕਿਹਾ ਸੀ ਕਿ ਕੁਇਨਟਾਨਾ ਦੇ ਮਾਮਲੇ ਵਿਚ ਕਈ ਗੰਭੀਰ ਕੁਤਾਹੀਆਂ ਪਾਈਆਂ ਗਈਆਂ ਹਨ। ਇਸ ਰਿਪੋਰਟ ਉਪਰੰਤ ਬੀਤੇ ਦਿਨ ਸਟੇਟ ਕੋਰਟ ਜੱਜ ਜੌਹਨ ਮੈਕਬਰਾਈਡ ਨੇ ਕੁਇਨਟਾਨਾ ਦੀ ਸਜ਼ਾ ਰੱਦ ਕਰ ਦਿੱਤੀ ਤੇ ਉਸ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਜੱਜ ਨੇ ਉਸ ਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕੁਇਨਟਾਨਾ ਦੇ ਮਾਮਲੇ ਦੀ ਨਿਰਪੱਖ ਸੁਣਵਾਈ ਨਹੀਂ ਹੋਈ ਕਿਉਂਕਿ ਸਰਕਾਰੀ ਵਕੀਲਾਂ ਨੇ ਉਸ ਦੇ ਨਿਰਦੋਸ਼ ਹੋਣ ਸਬੰਧੀ ਸਾਰੇ ਸਬੂਤ ਪੇਸ਼ ਨਹੀਂ ਕੀਤੇ ਤੇ ਨਾ ਹੀ ਉਸ ਦੇ ਆਪਣੇ ਵਕੀਲਾਂ ਨੇ ਮਾਮਲੇ ਦੀ ਪ੍ਰਭਾਵੀ ਢੰਗ ਨਾਲ ਪੈਰਵਾਈ ਕੀਤੀ ਹੈ। ਇਸ ਫੈਸਲੇ ਉਪਰੰਤ ਹੈਨੇਪਿਨ ਕਾਊਂਟੀ ਅਟਾਰਨੀ ਮੈਰੀ ਮੋਰੀਆਰਟੀ ਨੇ ਕਿਹਾ ਹੈ ਕਿ ਕੁਇਨਟਾਨਾ ਵੱਲੋਂ ਜੇਲ ਵਿਚ ਬਿਤਾਏ 16 ਸਾਲ ਵਾਪਿਸ ਨਹੀਂ ਲਿਆਂਦੇ ਜਾ ਸਕਦੇ, ਇਸ ਲਈ ਸਾਨੂੰ ਅਫਸੋਸ ਹੈ। ਰਿਹਾਈ ਉਪਰੰਤ ਕੁਇਨਟਾਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਤਾਂ ਹੋਣਾ ਹੀ ਸੀ, ਮੈ ਜੇਲ ਤੋਂ ਬਾਹਰ ਆ ਕੇ ਖੁਸ਼ ਹਾਂ।



# ਲਾਸ ਵੇਗਾਸ ਵਿੱਚ ਹੋਈ ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਗੱਡੇ ਝੰਡੇ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)** 18 ਨਵੰਬਰ: ਅਮਰੀਕਾ ਦੇ ਲਾਸ ਵੇਗਾਸ ਵਿੱਚ ਹੋਈ ਵਿਸ਼ਵ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਵੱਡੀ ਕਾਮਯਾਬੀ ਹਾਸਲ ਕਰਦਿਆਂ ਤਿੰਨ ਸੋਨ ਤਗਮੇ ਜਿੱਤ ਕੇ ਨਾ ਸਿਰਫ਼ ਪੰਜਾਬ ਬਲਕਿ ਪੂਰੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਆਈਬੀਐਫ ਏਸ਼ੀਆ ਦੇ ਪ੍ਰਧਾਨ ਹਰਵਿੰਦਰ ਸਿੰਘ ਸਲੀਨਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਦੁਨੀਆ ਭਰ ਦੇ ਦੇਸ਼ਾਂ ਦੇ ਐਥਲੀਟਾਂ ਨੇ ਭਾਗ ਲਿਆ। ਇਸੇ ਤਰ੍ਹਾਂ ਉਹ ਵੀ ਆਪਣੀ ਟੀਮ ਨਾਲ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਸਨ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਅਬੋਹਰ ਦੇ ਰਹਿਣ ਵਾਲੇ ਅਮਨ ਪ੍ਰਕਾਸ਼ ਟੋਨੀ ਸੰਧੂ ਨੇ 90 ਕਿਲੋ ਭਾਰ ਵਰਗ ਦੇ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਪੰਜਾਬੀ ਅਥਲੀਟ ਨੇ ਤਿੰਨ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਿਆ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਜਿੱਤ ਨਾਲ ਪ੍ਰਕਾਸ਼ ਟੋਨੀ ਨੇ ਅਗਲੇ ਸਾਲ 2025 ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਲਿਆ ਹੈ।

ਹਰਵਿੰਦਰ ਸਿੰਘ ਸਲੀਨਾ ਨੇ ਕਿਹਾ ਕਿ ਖੇਡਾਂ ਮਨੁੱਖ ਲਈ ਬੇਹੱਦ ਜ਼ਰੂਰੀ ਹਨ ਅਤੇ ਖੇਡਾਂ ਵਿੱਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਪਹਿਲਾਂ ਵੀ ਪੰਜਾਬੀਆਂ ਨੇ ਖੇਡਾਂ ਦੇ ਖੇਤਰ ਵਿੱਚ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਹੁਣ ਵੀ ਪੰਜਾਬ ਦੇ ਨੌਜਵਾਨ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਵੱਲੋਂ ਅਮਰੀਕਾ ਵਿੱਚ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਿੰਨ ਤਗਮੇ ਜਿੱਤਣਾ ਆਪਣੇ ਆਪ ਵਿੱਚ ਵੱਡੀ ਪ੍ਰਾਪਤੀ ਹੈ। ਟੋਨੀ ਸੰਧੂ ਦੀ ਇਹ ਪ੍ਰਾਪਤੀ ਹੋਰਨਾਂ ਨੌਜਵਾਨਾਂ ਨੂੰ ਵੀ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਹਰਵਿੰਦਰ ਸਿੰਘ ਸਲੀਨਾ ਨੇ ਐਲਾਨ ਕੀਤਾ ਕਿ ਟੋਨੀ ਸੰਧੂ ਦਾ ਪੰਜਾਬ ਪਹੁੰਚਣ 'ਤੇ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਲੀਨਾ ਟੀਮ ਦੇ ਕਈ ਖਿਡਾਰੀ ਵਿਸ਼ਵ ਪੱਧਰ 'ਤੇ ਪਹਿਲਾਂ ਵੀ ਕਾਮਯਾਬੀ ਹਾਸਲ ਕਰ ਚੁੱਕੇ ਹਨ। ਜਦੋਂ ਕੋਈ ਵੀ ਨੌਜਵਾਨ ਇੰਨੀ ਵੱਡੀ ਉਪਲਬਧੀ ਹਾਸਲ ਕਰਦਾ ਹੈ ਤਾਂ ਉਹ ਆਪਣੀ ਟੀਮ 'ਤੇ ਹੋਰ ਵੀ ਮਾਣ ਮਹਿਸੂਸ ਕਰਦਾ ਹੈ। ਹਰਵਿੰਦਰ ਸਿੰਘ ਸਲੀਨਾ ਨੇ ਵੀ ਪ੍ਰਕਾਸ਼ ਟੋਨੀ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਉਨ੍ਹਾਂ ਦੇ ਬੱਚੇ ਦੀ ਸਫਲਤਾ ਲਈ ਵਧੀਆ ਮਾਹੌਲ ਪ੍ਰਦਾਨ ਕੀਤਾ।




# ਫੈਕਟਰੀ ਵਿਚ ਹੋਏ ਜਬਰਦਸਤ ਧਮਾਕੇ ਵਿੱਚ 11 ਵਰਕਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਕੈਂਟੁਕੀ ਰਾਜ ਦੇ ਸ਼ਹਿਰ ਲੋਇਸਵਿਲੇ ਵਿਖੇ ਇਕ ਰੰਗ ਬਣਾਉਣ ਵਾਲੀ ਫੈਕਟਰੀ ਵਿਚ ਹੋਏ ਜਬਰਦਸਤ ਧਮਾਕੇ ਵਿੱਚ 11 ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਲੋਇਸਵਿਲੇ ਦੇ ਮੇਅਰ ਕਰੈਗ ਗਰੀਨਬਰਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜ਼ਖਮੀ ਹੋਏ ਸਾਰੇ ਵਿਅਕਤੀ ਪਲਾਂਟ ਵਿਚ ਕੰਮ ਕਰਦੇ ਹਨ। ਉਨਾਂ ਕਿਹਾ ਹੈ ਕਿ ਫੈਕਟਰੀ ਵਿਚ ਧਮਾਕਾ ਉਸ ਸਮੇ ਹੋਇਆ ਜਦੋਂ ਵਰਕਰ ਆਮ ਵਾਂਗ ਕੰਮ ਕਰ ਰਹੇ ਸਨ। ਲੋਇਸਵਿਲੇ ਦੇ ਅੱਗ ਬੁਝਾਉਣ ਵਾਲੇ ਵਿਭਾਗ ਨੇ ਕਿਹਾ ਹੈ ਕਿ ਧਮਾਕਾ 3 ਵਜੇ ਬਾਅਦ ਦੁਪਹਿਰ ਖਤਰਨਾਕ ਸਮਗਰੀ ਕਾਰਨ ਹੋਇਆ ਜਿਸ ਦੀ ਆਵਾਜ਼ ਸਮੁੱਚੇ ਸ਼ਹਿਰ ਵਿਚ ਸੁਣੀ ਗਈ। ਅਧਿਕਾਰੀਆਂ ਨੇ ਇਕ ਮੀਲ ਦੇ ਘੇਰੇ ਵਿਚ ਰਹਿੰਦੇ ਵਾਸੀਆਂ ਨੂੰ ਸੁਚੇਤ ਕੀਤਾ ਹੈ ਕਿ ਉਹ ਖਤਰਨਾਕ ਜ਼ਹਿਰੀਲੀਆਂ ਹਵਾਵਾਂ ਤੋਂ ਬਚ ਕੇ ਰਹਿਣ। ਫਾਇਰ ਵਿਭਾਗ ਦੇ ਮੁੱਖੀ ਬਰੀਅਨ ਓ ਨੀਲ ਨੇ ਕਿਹਾ ਹੈ ਕਿ ਫੈਕਟਰੀ ਨਾਲ ਲੱਗਦੇ ਕੁਝ ਘਰ ਖਾਲੀ ਵੀ ਕਰਵਾਏ ਗਏ ਹਨ ਕਿਉਂਕਿ ਧਮਾਕੇ ਕਾਰਨ ਘਰਾਂ ਦੇ ਸ਼ੀਸ਼ੇ ਟੁੱਟ ਗਏ ਹਨ ਜਿਸ ਕਾਰਨ ਉਨਾਂ ਵਿਚ ਰਹਿੰਦੇ ਲੋਕਾਂ ਲਈ ਜ਼ਹਿਰੀਲੀ ਹਵਾ ਖਤਰਨਾਕ ਸਾਬਤ ਹੋ ਸਕਦੀ ਹੈ। ਧਮਾਕੇ ਕਾਰਨ ਫੈਕਟਰੀ ਦੀ ਇਮਾਰਤ ਨੂੰ ਭਾਰੀ ਨੁਕਸਾਨ ਪੁੱਜਾ ਹੈ ਤੇ ਇਮਾਰਤ ਦਾ ਕਾਫੀ ਹਿੱਸਾ ਤਬਾਹ ਹੋ ਗਿਆ ਹੈ। ਧਮਾਕੇ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਫੈਕਟਰੀ ਫਿਲਹਾਲ ਬੰਦ ਕਰ ਦਿੱਤੀ ਗਈ ਹੈ। ਖੇਤਰ ਵਿਚ ਹਵਾ ਦੀ ਗੁਣਵਤਾ ਦਾ ਪਤਾ ਲਾਉਣ ਲਈ ਡਰੋਨ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਭਾਰਤੀ ਰਾਜਦੂਤ ਵੱਲੋਂ ਪ੍ਰਮੁੱਖ ਕਾਂਗਰਸ ਮੈਂਬਰਾਂ ਨਾਲ ਮੀਟਿੰਗਾਂ ਦੌਰਾਨ ਭਾਰਤ-ਅਮਰੀਕਾ ਸਬੰਧਾਂ ਬਾਰੇ ਚਰਚਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚਲੇ ਭਾਰਤੀ ਰਾਜਦੂਤ ਵਿਨੇ ਮੋਹਨ ਕਵਾਤਰਾ ਨੇ ਅਮਰੀਕੀ ਕਾਂਗਰਸ ਦੇ ਅਨੇਕਾਂ ਪ੍ਰਮੁੱਖ ਮੈਂਬਰਾਂ ਨਾਲ ਵੱਖਰੇ ਵੱਖਰੇ ਤੌਰ 'ਤੇ ਮੀਟਿੰਗ ਕੀਤੀ ਜਿਸ ਦੌਰਾਨ ਵੱਖ ਵੱਖ ਖੇਤਰਾਂ ਵਿਚ ਭਾਰਤ-ਅਮਰੀਕਾ ਸਬੰਧਾਂ ਨੂੰ ਨਿਰੰਤਰ ਮਜ਼ਬੂਤ ਬਣਾਉਣ ਬਾਰੇ ਚਰਚਾ ਹੋਈ। ਕਵਾਤਰਾ ਨੇ ਜਿਨਾਂ ਕਾਂਗਰਸ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਉਨਾਂ ਵਿਚ ਕਾਂਗਰਸਵੋਮੈਨ ਡੇਬੋਰਾਹ ਰੌਸ, ਕਾਂਗਰਸ ਸਾਂਸਦ ਐਂਡੀ ਬਰ, ਰਿਕ ਮਕੋਰਮਿਕ ਤੇ ਭਾਰਤੀ-ਅਮਰੀਕੀ ਸਾਂਸਦ ਐਮੀ ਬੇਰਾ, ਆਰ ਓ ਖੰਨਾ, ਸ੍ਰੀ ਥਾਨੇਦਾਰ ਤੇ ਰਾਜਾ ਕ੍ਰਿਸ਼ਨਾਮੂਰਤੀ ਸ਼ਾਮਿਲ ਹਨ।



ਮੀਟਿੰਗਾਂ ਦੌਰਾਨ ਭਾਰਤ-ਅਮਰੀਕਾ ਦੁਪਾਸੜ ਸਬੰਧ ਚਰਚਾ ਦਾ ਕੇਂਦਰ ਬਿੰਦੂ ਰਿਹਾ। ਕਵਾਤਰਾ ਨੇ ਦੋਨਾਂ ਦੇਸ਼ਾਂ ਵਿਚਾਲੇ ਭਾਈਵਾਲੀ ਨੂੰ ਹੋਰ ਮਜ਼ਬੂਤ ਬਣਾਉਣ 'ਤੇ ਜੋਰ ਦਿੱਤਾ। ਦੁਪਾਸੜ ਹਿੱਤਾਂ ਨੂੰ ਮੁੱਖ ਰੱਖ ਕੇ ਕੌਮਾਂਤਰੀ ਘਟਨਾਕ੍ਰਮ ਬਾਰੇ ਵੀ ਚਰਚਾ ਹੋਈ।

ਕਵਾਤਰਾ ਤੇ ਆਰ ਓ ਖੰਨਾ ਜੋ ਸਦਨ ਵਿਚ ਭਾਰਤੀ ਗੁੱਟ ਦੇ ਸਹਿ ਪ੍ਰਧਾਨ ਹਨ, ਵਿਚਾਲੇ ਬਹੁਤ ਮਹੱਤਵਪੂਰਨ ਵਿਚਾਰ ਵਟਾਂਦਰਾ ਹੋਇਆ। ਜਿਕਰਯੋਗ ਹੈ ਕਿ ਬਰ ਅਤੇ ਖੰਨਾ ਨੇ ਸਾਂਝੇ ਤੌਰ 'ਤੇ ਅਮਰੀਕਾ ਤੇ ਭਾਰਤ ਵਿਚਾਲੇ ਰਖਿਆ ਖੇਤਰ ਵਿਚ ਸਹਿਯੋਗ ਵਧਾਉਣ ਲਈ ਬਿੱਲ ਪੇਸ਼ ਕੀਤਾ ਸੀ।

ਕਾਂਗਰਸ ਮੈਂਬਰ ਕ੍ਰਿਸ਼ਨਾਮੂਰਤੀ ਜਿਨਾਂ ਦੀ ਹਾਲ ਹੀ ਵਿਚ ਟਰੰਪ ਪ੍ਰਸ਼ਾਸਨ ਵਿਚ ਨਿਯੁਕਤੀ ਹੋਈ ਹੈ, ਸ੍ਰੀ ਥਾਨੇਦਾਰ ਤੇ ਮਕੋਰਮਿਕ ਨਾਲ ਹੋਏ ਵਿਚਾਰ ਵਟਾਂਦਰੇ ਦੌਰਾਨ ਵੀ ਦੋਨਾਂ ਦੇਸ਼ਾਂ ਵਿਚਾਲੇ ਸਬੰਧ ਚਰਚਾ ਦਾ ਮੁੱਖ ਵਿਸ਼ਾ ਰਿਹਾ।

# ਸਰੀ (ਨਿਊਟੋਨ) ਕਨੇਡਾ ਦੇ ਸੁੱਖ ਧਾਲੀਵਾਲ ਮੈਂਬਰ ਪਾਰਲੀਮੈਂਟ ਵੱਲੋਂ ਬਲਦੇਵ ਰਾਹੀ ਦਾ ਸਨਮਾਨ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)** ਪੰਜਾਬੀ ਸੱਭਿਆਚਾਰ ਦਾ ਸਿਰਨਾਵਾਂ ਮੰਚ ਸੰਚਾਲਕ ਤੇ ਗੀਤਕਾਰ ਬਲਦੇਵ ਰਾਹੀ ਨੂੰ ਉਸਦੀਆਂ ਮਾਣ ਮੱਤੀਆਂ ਸੇਵਾਵਾਂ ਬਦਲੇ ਸਰੀ ਕਨੇਡਾ ਵਿਖੇ ਮੌਜੂਦਾ ਮੈਂਬਰ ਔਫ ਪਾਰਲੀਮੈਂਟ ਟਵਾ ਦੇ ਮਿਸਟਰ ਸੁੱਖ ਧਾਲੀਵਾਲ ਜੀ ਵੱਲੋਂ ਉਹਨਾਂ ਦੇ ਦਫ਼ਤਰ ਸਥਿੱਤ ਸਨਮਾਨ ਪੱਤਰ ਦੇ ਕੇ ਉਸ ਦਾ ਮਾਣ ਵਧਾਇਆ ਗਿਆ। ਵਰਨਣਯੋਗ ਹੈ ਕਿ ਪਹਿਲਾਂ ਵੀ ਇਸ ਦਾ ਕਨੇਡਾ ਦੇ ਵੱਖ 2 ਸ਼ਹਿਰਾਂ ਵਿੱਚ ਸਨਮਾਨ ਹੋ ਚੁੱਕਿਆ। ਇਹ ਉਸ ਦੀ ਸੁਹਿਰਦ ਬੋਲੀ ਤੇ ਉਸਦੀਆਂ ਨਿਭਾਈਆਂ ਗਈਆਂ ਸੇਵਾਵਾਂ ਬਦਲੇ ਹੋ ਰਿਹਾ ਹੈ। ਨਿੱਘੇ ਸੁਭਾਅ ਤੇ ਸਭ ਨੂੰ ਅਦਬ ਨਾਲ ਮਿਲਣ ਵਾਲਾ ਬਲਦੇਵ ਰਾਹੀ, ਕਨੇਡਾ ਟੂਰ ਵਿੱਚ ਹੋਏ ਸਨਮਾਨ ਤੇ ਪਿਆਰ ਮਿਲੇ ਪਿਆਰ ਬਦਲੇ ਦਵਿੰਦਰ ਸਿੰਘ ਸਹੋਤਾ ਵਿਕਟੋਰੀਆ। ਸ਼ਤੀਸ਼ ਜੌੜਾ, ਪੱਤਰਕਾਰ ਤੇ ਗਾਇਕ ਕੁਲਦੀਪ ਚੁੰਬਰ, ਹੀਰਾ ਧਾਲੀਵਾਲ, ਸਨਮ ਉਹੜਪੁਰੀ, ਗੁਰਪਿੰਦਰ ਪੰਮਾ ਮੌਟਰੀਂਅਲ, ਜੋਵਾ ਦਿਉਲ ਸ਼ਾਹ ਜੀ ਰੈਸਟੋਰੈਂਟ, ਸ਼ੀਰਾ ਦਿਉਲ, ਗਾਇਕ ਸੁਰਿੰਦਰ ਲਾਡੀ, ਰਿੱਕ ਨੂਰ, ਬੀ ਕੇ ਮਾਨ, ਬਲਜੀਤ ਬੱਲ ਰਿੱਦੁਮ ਮਾਸਟਰ, ਰਣਜੀਤ ਸਿੰਘ ਲਾਲ ਬੈਂਜੋ ਮਾਸਟਰ, ਗਾਇਕ ਐਸ ਰਿਸ਼ੀ, ਸੁਰਿੰਦਰ ਸਿੰਘ ਸੰਧੂ ਮੌਟਰੀਂਅਲ ਪ੍ਰਦੀਪ ਸੂਬਾ, ਪ੍ਰੇਮ ਚਮਕੀਲਾ, ਜਸਵੰਤ ਮਾਨ, ਤਜਿੰਦਰ ਅਟਵਾਲ, ਗੁਰਵਿੰਦਰ ਬਾਹੋਪੁਰ, ਦੀਪਾ ਸਹੋਤਾ, ਸ਼ਿੰਦਾ ਟਾਹਲੀ ਵਾਲਾ, ਪ੍ਰਦੀਪ ਬੈਂਸ, ਸੋਢੀ ਨਾਗਰਾ, ਸੁੱਖੀ ਬਾਠ ਪੰਜਾਬ ਭਵਨ, ਪਿਰਤਪਾਲ ਸਿੰਘ ਗਿੱਲ, ਸੁਰਜੀਤ ਮਾਧੋਪੁਰੀ, ਜਗੀਰ ਸਿੰਘ ਵਿਰਕ ਵਿਕਟੋਰੀਆ, ਪੈਪਸੀ ਆਦਮਪੁਰ, ਗੁਰਵਿੰਦਰ ਲੱਕੀ ਜੈਦ ਸਿੰਘ ਹਰਜੋਤ, ਬਲਵੀਰ ਹੁੰਦਲ ਬੇਕਰ-ਸਫੀਲਡ, ਮਨਜੋਤ ਪੀ ਟੀ, ਜਸਵੰਤ ਮੁੰਡੀ ਅਮਰੀਕਾ, ਹਰਦੀਪ ਸਿੰਘ ਅਮਰ, ਰਣਜੀਤ ਸਿੰਘ ਸੀਰੀਜ਼ ਸਿਟੀ, ਗਾਇਕ ਬੁੱਕਣ ਜੱਟ, ਸ੍ਰੀ ਬੰਨੀ ਸ਼ਰਮਾ, ਸੁੱਖੀ ਨਿੱਝਰ, ਤੀਰਥ ਦਿਉਲ ਖੋਜੇਵਾਲ, ਦਲਬੀਰ ਸਿੰਘ ਕਥੂਰੀਆ ਟੋਰਾਂਟੋ, ਨਿੰਦਰ ਦਿਉਲ ਐਡਮੈਂਟਨ, ਰਾਜੂ ਰਮੀਦੀ, ਸਤਨਾਮ ਫਲੌਰਾ, ਰੋਮੀ ਉਦੇਸੀਆਂ, ਲੱਖੀ ਦਿਉਲ D L ਕੰਪਨੀ ਅਤੇ ਸਰਬਜੀਤ ਸਿੰਘ ਦਿਉਲ ਬਰੈਂਪਟਨ ਜੀ ਦਾ ਵਿਸ਼ੇਸ਼ ਤੌਰ ਤੇ ਸ਼ੁਕਰਗੁਜ਼ਾਰ ਹੈ। ਉਹ ਕਨੇਡਾ ਵਿੱਚ ਵਿੱਚ ਵੱਸਦੇ ਪੰਜਾਬੀਆਂ ਦਾ ਦਿਲੋਂ ਧੰਨਵਾਦ ਕਰਦਾ ਹੈ।






# ਮੈਸੰਜਰ ਆਫ ਪੀਸ ਦੇ ਅੰਬੇਸਡਰ ਸਲੀਮ ਸੁਲਤਾਨੀ ਨੇ ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਦਲਾਈ ਲਾਮਾ ਨਾਲ ਕੀਤੀ ਮੁਲਾਕਾਤ



**ਫਿਲੌਰ–** ਮੈਸੰਜਰ ਆਫ ਪੀਸ ਦੇ ਅੰਬੇਸਡਰ ਸਲੀਮ ਸੁਲਤਾਨੀ ਨੇ ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਦਲਾਈ ਲਾਮਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਤੇ ਆਪਣੇ ਗਿਆਨ 'ਚ ਵਾਧਾ ਕੀਤਾ। ਉਨਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਸ਼ਾਂਤੀ ਮਿਸ਼ਨ ਇੰਡੀਆ ਦੇ ਮੈਸੇਂਜਰ ਦੇ ਸ਼ਾਂਤੀ ਵਫਦ ਦੇ ਰੂਪ ਵਿੱਚ, ਅਸੀਂ ਪਵਿੱਤਰ ਗੁਰੂ, ਅਧਿਆਤਮਿਕ ਸ਼ਖਸੀਅਤ, ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਦਲਾਈ ਲਾਮਾ ਜੀ ਨੂੰ ਮਿਲੇ ਅਤੇ ਉਹਨਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸ਼ਾਂਤੀ ਸਿੱਖਿਆ ਬਾਰੇ ਜਾਣਨ ਅਤੇ ਸਮਝਣ ਦੀ ਕੋਸ਼ਿਸ਼ ਕੀਤੀ । ਉਨਾਂ ਕਿਹਾ ਕਿ ਸਾਡਾ ਮੁੱਖ ਮਕਸਦ ਸਾਂਤੀ ਤੇ ਸਦਭਾਵਨਾ ਲਈ ਕੰਮ ਕਰਨਾ ਹੈ ਤਾਂ ਕਿ ਪੂਰੇ ਵਿਸ਼ਵ 'ਚ ਅਮਨ ਤੇ ਸਾਂਤੀ ਹਮੇਸ਼ਾ ਕਾਇਮ ਰਹੇ।


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

# ਕੇਂਦਰ 'ਚ ਰਹੀਆਂ ਸਰਕਾਰਾਂ ਅੱਜ ਤੱਕ ਪੰਜਾਬ ਨੂੰ ਉਸਦੀ ਰਾਜਧਾਨੀ ਨਹੀਂ ਦੇ ਸਕੀਆਂ : ਡਾ. ਅਵਤਾਰ ਸਿੰਘ ਕਰੀਮਪੁਰੀ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਸ਼ਹਿਰੀ ਪ੍ਰਧਾਨ ਬਲਵਿੰਦਰ ਸਿੰਘ ਜੱਸੀ ਅਤੇ ਦਿਹਾਤੀ ਪ੍ਰਧਾਨ ਬੂਟਾ ਸਿੰਘ ਸੰਗੋਵਾਲ ਦੀ ਪ੍ਰਧਾਨਗੀ ਹੇਠ ਸਰਕਟ ਹਾਊਸ ਵਿਖੇ ਹੋਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਬਹੁਜਨ ਸਮਾਜ ਪਾਰਟੀ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਸਰਦਾਰ ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸੂਬਾ ਸਕੱਤਰ ਬਲਵਿੰਦਰ ਬਿੱਟਾ ਅਤੇ ਸੂਬਾ ਸਕੱਤਰ ਭਾਗ ਸਿੰਘ ਸਰੀਂਹ ਪੁੱਜੇ। ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ. ਕਰੀਮਪੁਰੀ ਨੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਵਰਕਰਾਂ ਨੂੰ ਦਿਨ ਰਾਤ ਇੱਕ ਕਰਨ ਦਾ ਸੁਨੇਹਾ ਦਿੱਤਾ, ਨਾਲ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਭਾਜਪਾ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ ਅਤੇ ਇਸ ਤੋਂ ਪਹਿਲਾਂ ਕਾਂਗਰਸ 84 ਵਰਗਾ ਸਿੱਖ ਕਤਲੇਆਮ ਤੇ ਗੁਰਦੁਆਰੇ ਤੋੜ ਚੁੱਕੀ ਹੈ, ਜਦਕਿ ਬਸਪਾ ਨੇ ਜਾਤ ਤੋੜਨ ਦਾ ਕੰਮ ਕੀਤਾ ਹੈ। ਇਸ ਲਈ ਪੰਜਾਬ ਦੇ ਲੋਕ ਗੁਰਦੁਆਰਿਆਂ ਨੂੰ ਤੋੜਨ ਵਾਲਿਆਂ ਅਤੇ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਵਾਲਿਆਂ 'ਤੇ ਵਿਸ਼ਵਾਸ ਨਾ ਕਰਨ, ਬਲਕਿ ਜਾਤ ਤੋੜਨ ਦਾ ਸੰਕਲਪ ਲੈ ਕੇ ਚੱਲਣ ਵਾਲੀ ਬਹੁਜਨ ਸਮਾਜ ਪਾਰਟੀ 'ਤੇ ਵਿਸ਼ਵਾਸ ਕਰਕੇ ਇਸਦੀ ਤਾਕਤ ਬਣਨ। ਉਨ੍ਹਾਂ ਆਮ ਆਦਮੀ ਪਾਰਟੀ 'ਤੇ ਵਰ੍ਹਦਿਆਂ ਕਿਹਾ ਕਿ ਲਾਅ ਐਂਡ ਆਰਡਰ ਦੀ ਸਥਿਤੀ, ਪੰਜਾਬ ਦੀ ਦਿਨੋਂ ਦਿਨ ਕਮਜ਼ੋਰ ਹੋ ਰਹੀ ਆਰਥਿਕ ਸਥਿਤੀ ਅਤੇ ਇਨ੍ਹਾਂ ਵੱਲੋਂ ਲਏ ਜਾ ਰਹੇ ਮਣਾ ਮੂੰਹੀ ਕਰਜ਼ੇ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਕਿ ਪੰਜਾਬ 'ਚ 'ਆਪ' ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ, ਪੰਜਾਬ ਦੇ ਲੋਕ ਜਿਸ ਬਦਲਾਅ ਦੇ ਸੁਫ਼ਨੇ ਨੂੰ ਲੈ ਕੇ 'ਆਪ' ਨੂੰ ਸੱਤਾ 'ਚ ਲਿਆਏ ਸਨ, ਉਹ ਕਿਸੇ ਵੀ ਨਜ਼ਰੀਏ ਤੋਂ ਪੂਰੇ ਨਹੀਂ ਹੋਏ, ਸੋ ਭਵਿੱਖ 'ਚ 'ਆਪ' ਪਾਰਟੀ ਨੂੰ ਲੋਕ ਸਬਕ ਜ਼ਰੂਰ ਸਿਖਾਉਣਗੇ ਅਤੇ ਇਸਦੇ ਬਦਲ ਵਜੋਂ ਬਹੁਜਨ ਸਮਾਜ ਪਾਰਟੀ ਨੂੰ ਪੰਜਾਬ ਦੀ



ਸੱਤਾ ਦੇਕੇ ਆਪਣਾ ਟੀਚਾ ਪੂਰਾ ਕਰਨਗੇ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਚ ਹਰਿਆਣਾ ਦੀ ਵਿਧਾਨ ਸਭਾ ਲਈ ਜ਼ਮੀਨ ਦੇਣ ਦਾ 'ਬਸਪਾ' ਸਖ਼ਤ ਵਿਰੋਧ ਕਰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਜਿਹੜੀਆਂ ਵੀ ਸਰਕਾਰਾਂ ਰਹੀਆਂ ਹਨ, ਉਹ ਪੰਜਾਬ ਨੂੰ ਅੱਜ ਤੱਕ ਉਸਦੀ ਰਾਜਧਾਨੀ ਨਹੀਂ ਦੇ ਸਕੀਆਂ, ਪਹਿਲਾਂ ਕੇਂਦਰ ਵਿੱਚ ਲੰਬੇ ਸਮੇਂ ਤੱਕ ਕਾਂਗਰਸ ਦੀ ਸਰਕਾਰ ਰਹੀ ਪਰ ਉਹ ਵੀ ਪੰਜਾਬ ਨੂੰ ਉਸਦੀ ਰਾਜਧਾਨੀ ਨਹੀਂ ਦੇ ਸਕੀ, ਹੁਣ ਜਦੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ ਤਾਂ ਵੀ ਹਾਲਾਤ ਇਹੋ ਜਿਹੇ ਹੀ ਹਨ।

ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਲਈ ਰਾਜਧਾਨੀ ਚੰਡੀਗੜ੍ਹ ਦਾ ਮੁੱਦਾ ਬਹੁਤ ਹੀ ਭਾਵਨਾਤਮਕ ਹੈ, ਇਸ ਲਈ ਕੇਂਦਰ ਦੀ ਭਾਜਪਾ ਸਰਕਾਰ ਨੂੰ ਸਿੱਧੇ ਜਾਂ ਅਸਿੱਧੇ ਰੂਪ 'ਚ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜੋ ਪੰਜਾਬ ਦਾ ਚੰਡੀਗੜ੍ਹ 'ਤੇ ਦਾਅਵਾ ਕਮਜ਼ੋਰ ਕਰਦਾ ਹੋਵੇ। ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਇਸ ਮਾਮਲੇ 'ਚ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾ ਸਕੀ, ਜਦਕਿ ਉਸ ਨੂੰ ਇਸ ਮਾਮਲੇ 'ਚ ਸਖ਼ਤ ਸਟੈਂਡ ਲੈਣਾ ਚਾਹੀਦਾ ਸੀ। ਡਾ। ਕਰੀਮਪੁਰੀ ਨੇ ਕਿਹਾ ਕਿ 'ਆਪ' ਮੁਖੀ ਕੇਜਰੀਵਾਲ ਕਰਕੇ ਪੰਜਾਬ ਵਿੱਚ 'ਆਪ' ਸਰਕਾਰ ਇਸ ਮਾਮਲੇ 'ਚ ਕੋਈ ਵੀ ਸਖ਼ਤ ਸਟੈਂਡ ਨਹੀਂ ਲੈ ਪਾ ਰਹੀ।

ਸੂਬਾ ਪ੍ਰਧਾਨ ਨੇ ਪੰਜਾਬ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਰਾਜਧਾਨੀ ਚੰਡੀਗੜ੍ਹ ਦੇ ਮਸਲੇ ਵਿੱਚ ਉਨ੍ਹਾਂ ਨੂੰ ਵਿਆਪਕ ਤੌਰ 'ਤੇ ਜਨਤਕ ਰਾਏ ਬਣਾਉਣੀ ਚਾਹੀਦੀ ਹੈ ਤਾਂ ਕਿ ਕੇਂਦਰ ਦੀ ਭਾਜਪਾ ਸਰਕਾਰ ਇਸ ਮਾਮਲੇ ਵਿੱਚ ਕੋਈ ਵੀ ਫੈਸਲਾ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਜਾ ਕੇ ਨਾ ਲੈ ਸਕੇ। ਇਸਦੇ ਨਾਲ-ਨਾਲ ਕਾਂਗਰਸ ਦਾ ਵੀ ਪੰਜਾਬ ਵਿਰੋਧੀ ਚਿਹਰਾ ਉਜਾਗਰ ਕਰਨਾ ਚਾਹੀਦਾ ਹੈ ਜੋ ਕੇਂਦਰ ਦੀ ਸੱਤਾ ਵਿੱਚ ਲੰਬੇ ਸਮੇਂ ਤੱਕ ਹੁੰਦੇ ਹੋਏ ਵੀ ਪੰਜਾਬ ਨੂੰ ਉਸਦੀ ਰਾਜਧਾਨੀ ਨਹੀਂ ਦੇ ਸਕੀ।

ਉਨ੍ਹਾਂ ਅਖੀਰ 'ਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਾਮਲੇ 'ਚ ਵੀ ਸੈਨਟ ਚੋਣਾਂ ਨਾ ਕਰਾ ਕੇ ਲੋਕਤੰਤਰਿਕ ਵਿਵਸਥਾ ਦਾ ਗਲਾ ਘੁੱਟਿਆ ਜਾ ਰਿਹਾ, ਕੇਂਦਰ ਦਾ ਇਹ ਫੈਸਲਾ ਵੀ ਪੂਰੀ ਤਰ੍ਹਾਂ ਸੰਵਿਧਾਨ ਵਿਰੋਧੀ ਹੈ ਤੇ ਬਸਪਾ ਇਸ 'ਤੇ ਸਖ਼ਤ ਵਿਰੋਧ ਦਰਜ ਕਰਾਉਂਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਲੋਕ ਸਭਾ ਇੰਚਾਰਜ ਦਵਿੰਦਰ ਸਿੰਘ ਰਾਮਗੜ੍ਹੀਆ, ਨਿਰਮਲ ਸਿੰਘ ਸਾਇਆ ਤੇ ਜੀਤ ਰਾਮ ਬਸਰਾ ਇੰਚਾਰਜ ਲੁਧਿਆਣਾ, ਹੁਸਨ ਲਾਲ ਜਨਾਗਲ ਇੰਚਾਰਜ ਬਾਮਸੇਫ਼ ਲੁਧਿਆਣਾ, ਪਰਗਣ ਬਿਲਗਾ ਸਾਬਕਾ ਜਿਲਾ ਪ੍ਰਧਾਨ, ਸੋਨੂ ਅੰਬੇਦਕਰੀ, ਬਿੱਟੂ ਸ਼ੇਰਪੁਰੀ ਇੰਚਾਰਜ ਮੀਡੀਆ, ਵਿੱਕੀ ਬਹਾਦਰ ਕੇ, ਰਾਮ ਨਰਾਇਣ ਪ੍ਰਧਾਨ ਅੰਬੇਡਕਰ ਨਵਯੁਵਕ ਦਲ, ਹਰਮੇਸ਼ ਸਰੋਏ, ਜਸਵੰਤ ਸਿੰਘ, ਬਬਲੂ ਕੁਮਾਰ, ਅਜੇ ਕੁਮਾਰ, ਸੁਖਦੇਵ ਚੱਡਾ, ਰਵੀ ਕਾਂਤ ਜੱਖੂ, ਜਸਪਾਲ ਭੋਰਾ, ਨਰੇਸ਼ ਬਸਰਾ, ਡਾਕਟਰ ਰੋਸ਼ਨ, ਛੇਦੀ ਲਾਲ, ਕਪਿਲ ਕੁਮਾਰ, ਪ੍ਰੇਮ ਸਿੰਘ ਜੋਧਾ, ਸਤਵਿੰਦਰ ਸਿੰਘ, ਹਰਜਿੰਦਰ ਸਿੰਘ ਸੁਜਾਤਵਾਲ, ਜਗਤਾਰ ਸਿੰਘ ਕੈਂਥ, ਹਰਫੂਲ ਬਹੁਤ, ਬਲਬੀਰ ਸਿੰਘ ਰਾਜਗੜ੍ਹ, ਬਲਦੇਵ ਮੱਲ, ਗੁਰਦੀਪ ਸਿੰਘ ਚਮੰਡਾ, ਗੁਰਮੀਤ ਸਿੰਘ ਰੇਲਵੇ, ਕਮਲ ਘਈ, ਰਾਮਦਾਸ ਬੋਧ, ਸੁਖਦੇਵ ਸਿੰਘ ਭਟੋਏ, ਦੁਰਜਨ ਕੁਮਾਰ, ਪ੍ਰੇਮ ਸਿੰਘ ਜੋਧਾ ਅਤੇ ਆਦਿ ਹਾਜ਼ਰ ਸਨ।

# ਜ਼ਿਲ੍ਹਾ ਭਾਸ਼ਾ ਦਫ਼ਤਰ ਨੇ 'ਮਾਤ ਭਾਸ਼ਾ ਪੰਜਾਬੀ ਦੀ ਵਰਤਮਾਨ ਸਥਿਤੀ' ਵਿਸ਼ੇ 'ਤੇ ਕਰਵਾਈ ਗੋਸ਼ਟੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਭਾਸ਼ਾ ਵਿਭਾਗ, ਪੰਜਾਬ ਦੁਆਰਾ ਮਨਾਏ ਜਾ ਰਹੇ ਪੰਜਾਬੀ ਮਾਹ ਦੇ ਸਮਾਗਮਾਂ ਦੀ ਲੜੀ ਅਧੀਨ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਜ ਪ੍ਰਕਾਸ਼ ਮਾਡਲ ਸੀਨੀਅਰ। ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ 'ਮਾਤ ਭਾਸ਼ਾ ਪੰਜਾਬੀ ਦੀ ਵਰਤਮਾਨ ਸਥਿਤੀ' ਵਿਸ਼ੇ 'ਤੇ ਗੋਸ਼ਟੀ ਕਰਵਾਈ ਗਈ। ਇਸ ਗੋਸ਼ਟੀ ਵਿਚ ਸਹਾਇਕ ਪ੍ਰੋਫੈਸਰ ਡਾ। ਕੇਵਲ ਰਾਮ ਅਤੇ ਉੱਘੇ ਕਹਾਣੀਕਾਰ ਅਜਮੇਰ ਸਿੱਧੂ ਮੁੱਖ ਵਕਤਾ ਵਜੋਂ ਹਾਜ਼ਰ ਹੋਏ। ਇਸ ਗੋਸ਼ਟੀ ਦੀ ਪ੍ਰਧਾਨਗੀ ਮਹਿੰਦਰ ਸਿੰਘ ਦੁਸਾਂਝ ਵੱਲੋਂ ਕੀਤੀ ਗਈ। ਗੋਸ਼ਟੀ ਦਾ ਆਰੰਭ ਸਕੂਲ ਦੇ ਪ੍ਰਿੰਸੀਪਲ ਸੁਖਰਾਜ ਸਿੰਘ ਝੰਡ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦੇ ਸਵਾਗਤ ਨਾਲ ਕੀਤਾ ਗਿਆ। ਇਸ ਮੌਕੇ ਉਨ੍ਹਾਂ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਦੀ ਸ਼ਲਾਂਘਾ ਕੀਤੀ । ਉਨ੍ਹਾਂ ਅਜਿਹੇ ਸਮਾਗਮਾਂ ਨੂੰ ਵਿਦਿਆਰਥੀਆਂ ਲਈ ਇਕ ਵਰਦਾਨ ਦੱਸਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੀ ਵਿਦਿਆਰਥਣ ਖੁਸ਼ੀ ਅਰਮਾਨ ਦੁਆਰਾ ਸ਼ਬਦ ਗਾ ਕੇ ਕੀਤੀ ਗਈ। ਇਸ ਤੋਂ ਬਾਅਦ ਸਕੂਲ ਵੱਲੋਂ ਤਿੰਨ ਵਿਦਿਆਰਥਣਾਂ ਗਗਨਦੀਪ ਕੌਰ, ਜਨੀਆ ਸਿੰਘ ਅਤੇ ਹਰਪ੍ਰੀਤ ਕੌਰ ਵੱਲੋਂ ਮਾਤ ਭਾਸ਼ਾ ਪੰਜਾਬੀ ਦੀ ਵਰਤਮਾਨ ਸਥਿਤੀ 'ਤੇ ਪਰਚੇ ਪੜ੍ਹੇ ਗਏ। ਇਸ ਮੌਕੇ ਬੋਲਦਿਆਂ ਡਾ. ਕੇਵਲ ਰਾਮ ਨੇ ਪੰਜਾਬੀ ਭਾਸ਼ਾ ਸਬੰਧੀ ਹੁਣ ਤੱਕ ਬਣੇ ਭਾਸ਼ਾ ਐਕਟਾਂ ਬਾਰੇ ਵਿਸਥਾਰ ਨਾਲ ਦੱਸਣ ਦੇ ਨਾਲ-ਨਾਲ ਇਸ ਦੇ ਸਹੀ ਤੇ ਸਟੀਕ ਅੰਕੜੇ ਪੇਸ਼ ਕੀਤੇ। ਇਸੇ ਲੜੀ ਤਹਿਤ ਗੱਲ ਅਗਾਂਹ ਤੋਰਦਿਆਂ ਅਜਮੇਰ ਸਿੱਧੂ ਨੇ ਮਾਤ ਭਾਸ਼ਾ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਦੇ ਨਾਲ-ਨਾਲ ਇਹ ਵੀ ਸਪੱਸ਼ਟ ਕੀਤਾ ਕਿ ਜਦੋਂ ਤੱਕ ਮਾਤ ਭਾਸ਼ਾ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਇਸਨੂੰ ਲਾਗੂ ਕਰਨ ਵਿਚ ਸਮਾਜ ਵੱਲੋਂ ਪੂਰਨ ਸਹਿਯੋਗ ਨਹੀਂ ਮਿਲ ਸਕਦਾ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਮਹਿੰਦਰ ਸਿੰਘ ਦੁਸਾਂਝ ਵੱਲੋਂ ਆਪਣੇ ਜੀਵਨ ਤਜ਼ਰਬੇ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਬੁਲਾਰਿਆਂ ਵੱਲੋਂ ਪੇਸ਼ ਕੀਤੇ ਗਏ ਵਿਚਾਰਾਂ ਦੀ ਵਿਲੱਖਣਤਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਵੱਲੋਂ ਸਮਾਜ ਨੂੰ ਮਾਤ ਭਾਸ਼ਾ ਪੰਜਾਬੀ ਦੇ ਅਮੀਰ ਪਿਛੋਕੜ ਅਤੇ ਗੌਰਵਮਈ ਵਿਰਾਸਤ ਨਾਲ ਜੁੜਨ ਲਈ ਹੋਕਾ ਦਿੱਤਾ ਗਿਆ।

ਅੰਤ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਹਰਕੀਰਤ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਮਾਂ ਬੋਲੀ ਪੰਜਾਬੀ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ।




# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਸੈਮੀਨਾਰ

## ਕੌਮਾਂਤਰੀ ਵਿਦਿਆਰਥੀਆਂ ਤੇ ਪ੍ਰਵਾਸੀ ਕਾਮਿਆਂ ਦੀ ਏਕਤਾ ਤੇ ਜੋਰ

**ਟੋਰਾਂਟੋ, (ਦਲਜੀਤ ਕੌਰ)** 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' (ਮਾਇਸੋ) ਵੱਲੋਂ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 109ਵੇਂ ਸ਼ਹਾਦਤ ਦਿਵਸ ਤੇ ਬਰੈਂਪਟਨ ਵਿਖੇ 'ਵਿਦੇਸ਼ਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਲਈ ਚੁਣੌਤੀਆਂ ਤੇ ਸੰਘਰਸ਼ ਦਾ ਰਾਹ' ਵਿਸ਼ੇ ਉੱਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ।



ਇਸ ਸਮੇਂ ਮਾਇਸੋ ਦੇ ਨੌਜਵਾਨ ਆਗੂ ਖੁਸ਼ਪਾਲ ਗਰੇਵਾਲ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਘਾਲਣਾ ਬਾਰੇ ਬੋਲਦਿਆਂ ਨੌਜਵਾਨਾਂ-ਵਿਦਿਆਰਥੀਆਂ ਨੂੰ ਸਿਆਸੀ ਚੇਤੰਨਤਾ ਗ੍ਰਹਿਣ ਕਰਨ ਦੀ ਅਪੀਲ ਕੀਤੀ। ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ, ਕੈਨੇਡਾ ਦੇ ਆਗੂ ਬਲਵਿੰਦਰ ਬਰਨਾਲਾ ਨੇ ਬਸਤੀਵਾਦੀ ਲੁੱਟ-ਜ਼ਬਰ ਦੇ ਦੌਰ ਅੰਦਰ ਸਰਾਭਾ ਦੀ ਲਾਸਾਨੀ ਕੁਰਬਾਨੀ ਅਤੇ ਗਦਰੀ ਵਿਚਾਰਧਾਰਾ ਦੀ ਇਨਕਲਾਬੀ ਵਿਰਾਸਤ ਤੋਂ ਜਰੂਰੀ ਸਬਕ ਗ੍ਰਹਿਣ ਕਰਨ ਉੱਤੇ ਜੋਰ ਦਿੱਤਾ। ਕੈਨੇਡਾ ਤੋਂ ਛਪਦੇ ਮੈਗਜ਼ੀਨ 'ਨੌਜਵਾਨ ਅਵਾਜ਼' ਦੇ ਸੰਪਾਦਕ ਮਨਦੀਪ ਨੇ ਮੁੱਖ ਵਿਸ਼ੇ ਉੱਤੇ ਗੱਲ ਕਰਦਿਆਂ ਕਿਹਾ ਕਿ ਕੈਨੇਡਾ ਸਮੇਤ ਦੁਨੀਆਂ ਭਰ ਵਿੱਚ ਤੇਜ਼ੀ ਨਾਲ ਬਦਲ ਰਹੇ ਹਾਲਾਤਾਂ ਵਿੱਚ ਜਿੱਥੇ ਕੁੱਲ ਕਿਰਤੀ ਜਮਾਤ ਪਿਸ ਰਹੀ ਹੈ ਉੱਥੇ ਵਿਦੇਸ਼ਾਂ ਵਿੱਚ ਪ੍ਰਵਾਸੀ ਕਾਮਿਆਂ ਤੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਲੁੱਟ ਤੇ ਵਿਤਕਰੇਬਾਜ਼ੀ ਦਾ ਮਹੌਲ ਤੇਜ਼ ਹੋ ਰਿਹਾ ਹੈ। ਲੰਘੀਆਂ ਅਮਰੀਕੀ ਚੋਣਾਂ ਸਮੇਂ ਪ੍ਰਵਾਸੀਆਂ ਵਿਰੋਧੀ ਨਫਰਤ ਅਤੇ ਦੇਸ਼-ਨਿਕਾਲੇ ਦੇ ਐਲਾਨਾਂ ਨਾਲ ਇਹ ਜਾਹਰ ਹੋ ਗਿਆ ਹੈ ਕਿ ਸਾਮਰਾਜੀ ਮੁਲਕ ਇੱਕ ਪਾਸੇ ਕੱਚੇ ਕਾਮਿਆਂ ਨੂੰ ਸਸਤੀ ਕਿਰਤ ਸ਼ਕਤੀ ਦੇ ਸਾਧਨ ਵਜ਼ੋਂ ਵਰਤਦੇ ਹਨ ਤੇ ਦੂਜੇ ਪਾਸੇ ਉਹਨਾਂ ਨੂੰ ਦੇਸ਼-ਨਿਕਾਲਾ ਦੇ ਕੇ ਆਪਣੇ ਸਿਆਸੀ ਤੇ ਆਰਥਿਕ ਲਾਹੇ ਹਾਸਲ ਕਰਦੇ ਹਨ। ਸਾਮਰਾਜੀ ਮੁਲਕ ਪ੍ਰਵਾਸੀ ਕੱਚੇ ਕਾਮਿਆਂ ਦੀ ਰਿਜ਼ਰਵ ਸੈਨਾ ਨੂੰ ਵਿਦੇਸ਼ਾਂ ਵਿਚਲੇ ਸਥਾਨਕ ਕਾਮਿਆਂ ਦੀਆਂ ਉਜ਼ਰਤਾਂ ਘੱਟ ਕਰਨ ਤੇ ਉਹਨਾਂ ਦੇ ਜੱਥੇਬੰਦ ਹੋਣ ਦੇ ਧਰਾਤਲ ਨੂੰ ਖੋਰਾ ਲਾਉਂਦੇ ਹਨ। ਤੀਜਾ, ਆਰਥਿਕ ਤੇ ਢਾਂਚਾਗਤ ਸੰਕਟ ਵਿੱਚ ਫਸੀਆਂ ਸਾਮਰਾਜੀ ਤਾਕਤਾਂ ਜੰਗਾਂ, ਨਸਲੀ ਤੇ ਸਰਹੱਦੀ ਝਗੜਿਆਂ ਨੂੰ ਲਗਾਤਾਰ ਬੜਾਵਾ ਦੇ ਰਹੀਆਂ ਹਨ, ਜਿਸ ਨਾਲ ਦੁਨੀਆਂ ਭਰ ਵਿੱਚ ਮਹਿੰਗਾਈ, ਬੇਰੁਜਗਾਰੀ ਤੇ ਟੈਕਸ ਬੋਝ ਵੱਧ ਰਿਹਾ ਹੈ ਤੇ ਰਿਹਾਇਸ਼ੀ ਘਰਾਂ ਦੀ ਕਿੱਲਤ ਪੈਦਾ ਹੋ ਰਹੀ ਹੈ। ਉਹਨਾਂ ਕਿਹਾ ਕਿ ਇਸ ਸਮੇਂ ਫਲਸਤੀਨ ਦੁਨੀਆਂ ਦੇ ਸਭ ਤੋਂ ਵੱਡੇ ਮਨੁੱਖੀ ਸੰਕਟ ਦਾ ਸ਼ਿਕਾਰ ਹੈ ਤੇ ਪ੍ਰਵਾਸ ਸੰਕਟ ਅਸਲ ਅਰਥਾਂ ਵਿੱਚ ਪੂੰਜੀਵਾਦੀ ਸੰਕਟ ਹੈ। ਉਹਨਾਂ ਕੈਨੇਡਾ ਵਿੱਚ ਕੱਚੇ ਕਾਮਿਆਂ ਨੂੰ ਪੱਕੇ ਕਰਨ ਤੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਵਾਲੇ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇਣ ਦੀ ਮੰਗ ਕੀਤੀ। ਉਹਨਾਂ ਵਿਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਕਾਮਿਆਂ ਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਭੜਕਾਊ, ਫਿਰਕੂ ਤੇ ਸਪਾਂਸਰਡ ਅਖੌਤੀ ਜੱਥੇਬੰਦੀਆਂ ਤੇ ਵਿਅਕਤੀਆਂ ਦੇ ਭੁਚਲਾਵੇ ਤੋਂ ਸੁਚੇਤ ਹੋ ਕੇ ਵਿਚਾਰਧਾਰਕ ਤੌਰ ਤੇ ਚੇਤੰਨ ਜੱਥੇਬੰਦੀ, ਏਕਤਾ ਤੇ ਸਾਂਝੇ ਸੰਘਰਸ਼ਾਂ ਦੀ ਲੋੜ ਉੱਤੇ ਜ਼ੋਰ ਦਿੱਤਾ।

ਇਸ ਸਮੇਂ ਕੈਨੇਡੀਅਨ ਪੰਜਾਬੀ ਕਲਚਰਲ ਐਸ਼ੋਸੀਏਸ਼ਨ ਵੱਲੋਂ ਡਾ। ਹਰਦੀਪ ਸਿੰਘ ਨੇ ਕਿਹਾ ਕਿ ਸ਼ਹੀਦ ਸਰਾਭਾ ਦੀ ਸ਼ਹਾਦਤ ਦੇ 109 ਵਰ੍ਹਿਆਂ ਬਾਅਦ ਸੰਸਾਰ ਹਾਲਾਤ ਬਹੁਤ ਤੇਜ਼ ਗਤੀ ਨਾਲ ਬਦਲ ਚੁੱਕੇ ਹਨ। ਇਸ ਲਈ ਸੰਸਾਰ ਪੂੰਜੀਵਾਦ ਦੀਆਂ ਨਵੀਆਂ ਤੇ ਵੱਡੀਆਂ ਚੁਣੌਤੀਆਂ ਖਿਲਾਫ ਲੜ੍ਹਨ ਲਈ ਨਵੀਂ-ਨਰੋਈ ਅਗਵਾਈ ਦੀ ਲੋੜ ਹੈ।

ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ, ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇੰਡੋ-ਕੈਨੇਡੀਅਨ ਭਾਈਚਾਰੇ ਦੇ ਬੁਨਿਆਦੀ ਮੁੱਦੇ ਸਾਂਝੇ ਹਨ ਤੇ ਇਸ ਲਈ ਉਹਨਾਂ ਦੀ ਜਮਾਤੀ-ਤਬਕਾਤੀ ਸਾਂਝ ਬਣਦੀ ਹੈ। ਉਹਨਾਂ, ਕੈਨੇਡਾ ਵਿੱਚ ਵਸਦੇ ਵੱਖ-ਵੱਖ ਭਾਈਚਾਰੇ ਦੇ ਲੋਕਾਂ ਨੂੰ ਹਾਕਮ ਜਮਾਤਾਂ ਦੀਆਂ ਵੰਡਪਾਊ ਤੇ ਫਿਰਕਾਪ੍ਰਸਤ ਚਾਲਾਂ ਤੋਂ ਦੂਰ ਰਹਿਕੇ ਧਰਮ-ਨਿਰਪੱਖਤਾ ਤੇ ਜਮਹੂਰੀ ਹੱਕਾਂ ਲਈ ਇੱਕਜੁੱਟ ਹੋਣ ਦਾ ਸੱਦਾ ਦਿੱਤਾ।

ਇਸ ਦੌਰਾਨ ਲੌਰਲ ਕਰਿਸ ਕਲੱਬ, ਬਰੈਂਪਟਨ ਵੱਲੋਂ ਗੁਰਮੀਤ ਸੁਖਪੁਰਾ ਨੇ ਨੌਜਵਾਨ ਪੀੜ੍ਹੀ ਨੂੰ ਸਾਮਰਾਜੀ ਹਮਲਿਆਂ ਖਿਲਾਫ ਲੜਾਈ ਲਈ ਜਾਗਰਿਤ ਹੋਣ ਲਈ ਕਿਹਾ। ਕੈਨੇਡੀਅਨ ਸਾਹਿਤ ਸਭਾ ਵੱਲੋਂ ਤਲਵਿੰਦਰ ਮੰਡ, ਪੰਜਾਬੀ ਪੈਨਸ਼ਨਰ ਐਸ਼ੋਸ਼ੀਏਸ਼ਨ ਵੱਲੋਂ ਪ੍ਰੋ. ਜਾਗੀਰ ਸਿੰਘ ਕਾਹਲੋਂ, ਐਸੋਸ਼ੀਏਸ਼ਨ ਆਫ ਪ੍ਰੋਗਰੈਸਿਵ ਕੈਨੇਡੀਅਨ ਕੋਆਰਡੀਨੇਸ਼ਨ ਵੱਲੋਂ ਹਰਪਰਮਿੰਦਰ ਸਿੰਘ ਗਦਰੀ ਤੇ ਕੁਲਦੀਪ ਸਿੰਘ ਬੋਪਾਰਾਏ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸ਼ਹੀਦਾਂ ਦੀ ਅਗਾਂਹਵਧੂ ਇਨਕਲਾਬੀ ਵਿਚਾਰਧਾਰਾ ਦੀ ਮਾਰਗ-ਸੇਧ ਤੇ ਚੱਲਦਿਆਂ ਜੱਥੇਬੰਦ ਏਕਤਾ ਦਾ ਸੁਨੇਹਾ ਦਿੱਤਾ।

ਇਸ ਸਮੇਂ ਤਰਕਸ਼ੀਲ ਰੈਸ਼ਨੇਲਿਸਟ ਸੁਸਾਇਟੀ, ਕੈਨੇਡਾ ਦੇ ਆਗੂ ਬਲਰਾਜ ਸ਼ੋਕਰ, ਅਮਰਦੀਪ ਸਿੰਘ, ਡਾ. ਸੋਹਨ ਸਿੰਘ ਪਰਮਾਰ, ਮਾਇਸੋ ਦੇ ਆਗੂ ਵਰੁਣ ਖੰਨਾ ਵੀ ਹਾਜ਼ਰ ਸਨ। ਤਰਕਸ਼ੀਲ ਸੁਸਾਇਟੀ ਵੱਲੋਂ ਅਮਰਦੀਪ ਸਿੰਘ ਨੇ ਅਗਾਂਹਵਧੂ ਸਾਹਿਤ ਦੀ ਪੁਸਤਕ ਪ੍ਰਦਰਸ਼ਨੀ ਲਗਾਈ। ਮੰਚ ਸੰਚਾਲਨ ਦੀ ਭੂਮਿਕਾ ਖੁਸ਼ਪਾਲ ਗਰੇਵਾਲ ਨੇ ਨਿਭਾਈ।

# ਭਾਕਿਯੂ ਏਕਤਾ ਡਕੌਂਦਾ ਨੇ ਆਮ ਆਦਮੀ ਪਾਰਟੀ ਅਤੇ ਭਾਜਪਾ ਖ਼ਿਲਾਫ਼ ਕੀਤਾ ਪਰਦਾਫਾਸ਼ ਮਾਰਚ

**ਬਰਨਾਲਾ, (ਦਲਜੀਤ ਕੌਰ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਸੂਬਾ ਪ੍ਰਧਾਨ ਮਨਜੀਤ ਧਨੇਰ ਅਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਦੀ ਅਗਵਾਈ ਵਿੱਚ ਕੁੱਲਰੀਆਂ ਦੇ ਅਬਾਦਕਾਰ ਕਿਸਾਨਾਂ ਦੀਆਂ



ਮਾਲਕੀ ਵਾਲੀਆਂ ਜ਼ਮੀਨਾਂ ਖੋਹਣ ਦੀਆਂ ਕੋਸ਼ਿਸ਼ਾਂ ਖਿਲਾਫ ਰੋਕ ਭਰਪੂਰ ਮਾਰਚ ਕੀਤਾ ਗਿਆ। ਕਿਸਾਨਾਂ ਨੇ ਮੰਡੀਆਂ ਵਿੱਚ ਝੋਨੇ ਦੀ ਲੁੱਟ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ ਜਬਰ ਦੀ ਵੀ ਸਖਤ ਵਿਰੋਧਤਾ ਕੀਤੀ। ਇਸ ਮਾਰਚ ਦੌਰਾਨ ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਤੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੂੰ ਵਿਸ਼ੇਸ਼ ਤੌਰ ਤੇ ਨਿਸ਼ਾਨੇ ਤੇ ਲੈਂਦਿਆਂ ਕਿਹਾ ਕਿ ਉਹ ਕੁੱਲਰੀਆਂ ਦੇ ਕਿਸਾਨਾਂ ਦੀ ਜ਼ਮੀਨ ਖੋਹਣ ਵਾਲੇ ਭੂ-ਮਾਫ਼ੀਆ ਗਰੋਹ ਦੀ ਪੁਸ਼ਤ ਪਨਾਹੀ ਕਰ ਰਿਹਾ ਹੈ। ਇਸ ਪਰਦਾਫਾਸ਼ ਮਾਰਚ ਵਿੱਚ ਸੈਂਕੜੇ ਕਿਸਾਨ ਆਗੂਆਂ ਅਤੇ ਵਰਕਰਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।

ਪਰਦਾਫਾਸ਼ ਮਾਰਚ ਦੌਰਾਨ ਆਗੂਆਂ/ਵਰਕਰਾਂ ਨੂੰ ਸੰਬੋਧਨ ਕਰਦਿਆਂ ਕੁਲਵੰਤ ਸਿੰਘ ਭਦੌੜ, ਜਗਤਾਰ ਸਿੰਘ ਦੇ-ਹੜਕਾ, ਰਣਧੀਰ ਸਿੰਘ ਭੱਟੀਵਾਲ, ਬੂਟਾ ਖਾਂ ਮਲੇਰਕੋਟਲਾ ਅਤੇ ਬਲਬਹਾਦਰ ਸਿੰਘ ਮੋਗਾ ਨੇ ਕਿਹਾ ਕਿ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੋਲ਼ ਕੇ ਰੇਟ ਤੇ ਖ੍ਰੀਦ ਏਜੰਸੀਆਂ ਅਤੇ ਸ਼ੈਲਰ ਮਾਲਕਾਂ ਵੱਲੋਂ 5-5 ਗੱਟਿਆਂ ਦਾ ਕੱਟ ਲਾਕੇ ਲੁੱਟ ਕੀਤੀ ਜਾ ਰਹੀ ਹੈ, ਡੀਏਪੀ ਸਪਲਾਈ ਨਹੀਂ ਕੀਤੀ ਜਾ ਰਹੀ ਅਤੇ ਪਰਾ਼ਲੀ ਫ਼ੂਕਣ ਵਾਲੇ ਕਿਸਾਨਾਂ ਖਿਲਾਫ਼ ਕੇਸ ਦਰਜ ਕਰਕੇ, ਰੈਡ ਐਂਟਰੀਆਂ ਕਰਕੇ ਅਤੇ ਜ਼ੁਰਮਾਨੇ ਕਰਕੇ ਜ਼ਬਰ ਕੀਤਾ ਜਾ ਰਿਹਾ ਹੈ। ਇਸ ਵਾਰ ਮੀਂਹ ਨਾ ਪੈਣ ਕਰਕੇ 4 ਤੋਂ 6 ਕੁਇੰਟਲ ਝਾੜ ਘਟਣ ਕਰਕੇ ਕਿਸਾਨਾਂ ਨੂੰ 10 ਹਜ਼ਾਰ ਤੋਂ 15 ਹਜ਼ਾਰ ਰੁਪਏ ਪ੍ਰਤੀ ਏਕੜ ਨੁਕਸਾਨ ਉਠਾਉਣਾ ਪੈ ਰਿਹਾ ਹੈ।

ਅਦਾਲਤਾਂ ਵੱਲੋਂ, ਮਜ਼ਬੂਰੀ ਵੱਸ ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ਼ ਸੁਣਾਏ ਜਾ ਰਹੇ ਇੱਕ ਪਾਸੜ ਫੁਰਮਾਨਾਂ ਦੀ ਵੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਨੇ ਕਿਹਾ ਕਿ ਅਦਾਲਤਾਂ ਵੱਲੋਂ ਜ਼ਮੀਨੀ ਹਕੀਕਤਾਂ ਨੂੰ ਅੱਖੋਂ ਉਹਲੇ ਕਰਕੇ ਸਿਰਫ 4।4% ਪ੍ਰਦੂਸ਼ਣ ਪੈਦਾ ਕਰਨ ਵਾਲੇ ਕਿਸਾਨਾਂ ਤੇ ਜ਼ਬਰ ਕਰਨ ਦੇ ਹੁਕਮ ਚਾੜ੍ਹੇ ਜਾ ਰਹੇ ਹਨ ਜਦੋਂ ਕਿ ਪਟਾਕੇ ਚਲਾ ਕੇ, ਕਰੋੜਾਂ ਆਵਾਜਾਈ ਦੇ ਸਾਧਨਾਂ, ਥਰਮਲ ਪਾਵਰ ਪਲਾਂਟਾਂ, ਡੀਜ਼ਲ ਜੈਨਰੇਟਰ ਚਲਾ ਕੇ, ਫੈਕਟਰੀਆਂ ਵਿੱਚੋਂ ਬੇਤਹਾਸ਼ਾ ਧੂੰਆਂ ਛੱਡ ਕੇ ਅਤੇ ਟਰਾਂਸਪੋਟ ਰਾਹੀਂ 95।6% ਪਰਦੂਸ਼ਣ ਕਰਨ ਵਾਲਿਆਂ ਉੱਪਰ ਸਵੱਲੀ ਨਜ਼ਰ ਰੱਖੀ ਹੋਈ ਹੈ। ਇਸ ਮੌਕੇ ਆਗੂਆਂ ਸਾਹਿਬ ਸਿੰਘ ਬਡਬਰ, ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਜਗਤਾਰ ਸਿੰਘ ਦੁੱਗਾਂ, ਕਰਮਜੀਤ ਸਿੰਘ ਛੰਨਾਂ, ਤਾਰਾ ਸਿੰਘ ਅੱਚਰਵਾਲ, ਬਾਬੂ ਸਿੰਘ ਖੁੱਡੀਕਲਾਂ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਭੋਲਾ ਸਿੰਘ ਛੰਨਾਂ, ਜਸਪ੍ਰੀਤ ਸਿੰਘ ਸਮਾਧ ਭਾਈ ਆਦਿ ਆਗੂਆਂ ਨੇ ਕਿਹਾ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਪਰਾਲੀ ਨੂੰ ਇਕੱਠੀ ਕਰਨ, ਢੋਆ ਢੁਆਈ ਅਤੇ ਖਪਤ ਦੇ ਪ੍ਰਬੰਧ ਕਰਨੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਪਰ 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਦੀ ਕਹਾਵਤ ਅਨੁਸਾਰ ਕਿਸਾਨਾਂ ਨੂੰ ਹੀ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਨੂੰ ਕੀਤਾ ਸਿਜਦਾ

## ਗ਼ਦਰੀ ਬਾਬਿਆਂ ਦੇ ਮੇਲੇ 'ਤੇ ਮਾਰੀ ਪੜਚੋਲਵੀਂ ਨਜ਼ਰ



**ਜਲੰਧਰ –** ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ, ਤਿੰਨੋਂ ਪਿੰਡ ਗਿੱਲ ਵਾਲੀ ਅੰਮ੍ਰਿਤਸਰ, ਹਰਨਾਮ ਸਿੰਘ ਸਿਆਲਕੋਟੀ ਭੱਟੀ ਗੁਰਾਇਆਂ ਜ਼ਿਲ੍ਹਾ ਸਿਆਲਕੋਟ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਦੀ ਘਾਲਣਾ ਨੂੰ ਸਿਜਦਾ ਕਰਦਿਆਂ, ਗ਼ਦਰ ਪਾਰਟੀ ਦੇ ਉਦੇਸ਼ਾਂ ਦੀ ਪੂਰਤੀ ਲਈ ਆਪਣਾ ਯੋਗਦਾਨ ਪਾਉਣ ਦਾ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਏ ਸਮਾਗਮ ਵਿੱਚ ਅਹਿਦ ਕੀਤਾ ਗਿਆ।




ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਉਪਰੋਕਤ ਜ਼ਿਕਰ ਅਧੀਨ ਗ਼ਦਰੀ ਸੰਗਰਾਮੀਆਂ ਦੇ ਨਾਲ-ਨਾਲ ਨਵੰਬਰ ਮਹੀਨੇ ਦੇ ਸਮੂਹ ਦੇਸ਼ ਭਗਤਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ। ਉਹਨਾਂ ਸਫ਼ਲ ਮੇਲੇ 'ਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਸਭਨਾਂ ਦੇ ਸਹਿਯੋਗ ਨਾਲ ਮੇਲਾ ਬੁਲੰਦੀਆਂ ਛੋਹ ਗਿਆ। ਜਨਰਲ ਸਕੱਤਰ ਨੇ ਉਚੇਚੇ ਤੌਰ 'ਤੇ ਚਾਹ ਦੇ ਲੰਗਰ ਦੀਆਂ ਸੇਵਾਵਾਂ ਲਈ ਸਾਰਾ ਪ੍ਰਬੰਧ ਆਪਣੇ ਜ਼ਿੰਮੇ ਲੈਣ ਅਤੇ ਸਫ਼ਲਤਾ ਨਾਲ ਨੇਪਰੇ ਚਾੜ੍ਹਨ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਲੰਗਰ 'ਚ ਰਸਦ ਅਤੇ ਆਰਥਕ ਯੋਗਦਾਨ ਲਈ ਗ਼ਦਰੀ ਦੇਸ਼ ਭਗਤਾਂ ਦੇ ਪਿੰਡਾਂ ਦਾ ਉਚੇਚਾ ਧੰਨਵਾਦ ਕੀਤਾ।

ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਉਪਰ ਪੜਚੋਲਵੀਂ ਨਜ਼ਰ ਮਾਰਨ ਲਈ ਅੱਜ ਦੀ ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਦੇ 'ਤੇ ਕੁਇਜ਼, ਭਾਸ਼ਣ, ਗਾਇਨ, ਪੇਂਟਿੰਗ, ਕਵੀ-ਦਰਬਾਰ, ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ, ਲੰਗਰ, ਵਲੰਟੀਅਰ, ਫ਼ਿਲਮ ਸ਼ੋਅ ਆਦਿ ਕਾਰਜ਼ ਨੇਪਰੇ ਚਾੜਨ ਲਈ ਬਣਾਈਆਂ ਸਮੂਹ ਕਮੇਟੀਆਂ ਨੂੰ ਅੱਜ ਦੀ ਮੀਟਿੰਗ 'ਚ ਸ਼ਾਮਲ ਹੋ ਕੇ ਨਿੱਗਰ ਸੁਝਾਅ ਦਿੱਤੇ ਅਤੇ ਖੁੱਲ੍ਹਕੇ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ 'ਚ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ 33ਵੇਂ ਮੇਲੇ ਦੀਆਂ ਪ੍ਰਾਪਤੀਆਂ ਨੂੰ ਲੜ ਬੰਨ੍ਹਣ ਅਤੇ ਰਹੀਆਂ ਊਣਤਾਈਆਂ ਦੀ ਪੂਰਤੀ ਲਈ ਅੱਗੇ ਤੋਂ ਠੋਸ ਵਿਉਂਤਬੰਦੀ ਕਰਨ ਅਤੇ ਨਵੀਆਂ ਪੁਲਾਂਘਾਂ ਭਰਨ ਲਈ ਪੂਰੀ ਸੂਝ-ਬੂਝ ਅਤੇ ਤਨਦੇਹੀ ਨਾਲ ਸਾਂਝੇ ਉੱਦਮ ਜੁਟਾਉਣ ਦੀ ਅਪੀਲ ਕੀਤੀ।

ਮੀਟਿੰਗ 'ਚ ਡਾ. ਤੇਜਿੰਦਰ ਵਿਰਲੀ, ਡਾ. ਸੈਲੇਸ਼, ਡਾ. ਹਰਜਿੰਦਰ ਸਿੰਘ ਅਟਵਾਲ, ਕੇਸਰ ਸਿੰਘ, ਪ੍ਰੋ. ਗੋਪਾਲ ਬੁੱਟਰ, ਸੁਰਿੰਦਰ ਕੁਮਾਰੀ ਕੋਛੜ, ਪੱਤਰਕਾਰ ਸੀਤਲ, ਡਾ. ਪਰਮਿੰਦਰ, ਸਾਹਿਲ ਨੂਰ ਮਹਿਲ, ਵਿਜੈ ਬੰਬੇਲੀ, ਵਿਜੈ ਜਲੰਧਰ, ਗੁਰਮੀਤ, ਸੁਰਿੰਦਰਪਾਲ, ਵਰੁਨ ਟੰਡਨ, ਪਰਮਜੀਤ ਆਦਮਪੁਰ, ਨਸੀਬ ਚੰਦ ਬੱਬੀ, ਜਸਬੀਰ ਜੱਸੀ, ਹਰਮੇਸ਼ ਮਾਲੜੀ, ਸੀਤਲ ਸਿੰਘ ਸੰਘਾ, ਇੰਦਰਜੀਤ ਆਰਟਿਸਟ ਜਲੰਧਰ, ਜੋਗਾ ਸਿੰਘ, ਸੁਮੀਤ ਅੰਮ੍ਰਿਤਸਰ ਆਦਿ ਨੇ ਮੇਲੇ ਦੇ ਮੁਕਾਬਲਿਆਂ, ਪੇਸ਼ਕਾਰੀਆਂ, ਪ੍ਰਬੰਧਾਂ, ਇਕੱਠ, ਮੇਲੇ ਦੇ ਸੁਨੇਹੇ ਅਤੇ ਅੱਗੇ ਤੋਂ ਮੇਲੇ ਨੂੰ ਹਰ ਪੱਖੋਂ ਹੋਰ ਵੀ ਹਰਮਨ ਪਿਆਰਾ ਬਣਾਉਣ ਲਈ ਠੋਸ ਸੁਝਾਅ ਦਿੱਤੇ।

ਵਿਚਾਰ-ਚਰਚਾ ਦੇ ਸਿਖ਼ਰ 'ਤੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਗਗਨਦੀਪ ਵਿਰਕ ਦੀ ਅਗਵਾਈ 'ਚ ਮੇਲੇ ਆਈਆਂ ਵਿਦਿਆਰਥਣਾਂ ਵੱਲੋਂ ਮੇਲੇ ਦੇ ਮੁੱਖ ਬੁਲਾਰਿਆਂ, ਕਮੇਟੀ ਅਤੇ ਝੰਡੇ ਦੇ ਗੀਤ ਦੇ ਕਲਾਕਾਰਾਂ ਲਈ ਕਾਲਜ ਅੰਦਰ ਹੀ ਘਰ ਦਾ ਤਿਆਰ ਕੀਤਾ ਮੇਲੇ 'ਚ ਭੇਂਟ ਕੀਤੇ ਗੁੜ ਨਾਲ ਸਭਨਾਂ ਨੇ ਮੂੰਹ ਮਿੱਠਾ ਕੀਤਾ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਮੇਲੇ ਸਬੰਧੀ ਉਸਾਰੂ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਸਮੀਖਿਆ ਕਰਦਿਆਂ ਸਭਨਾਂ ਦੇ ਆਏ ਸੁਝਾਵਾਂ ਉਪਰ ਕਮੇਟੀ ਗੰਭੀਰਤਾ ਨਾਲ ਗੱਲ ਕਰੇਗੀ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# 'ਖੇਡਾਂ ਵਤਨ ਪੰਜਾਬ ਦੀਆਂ-2024'- ਰਾਜ ਪੱਧਰੀ ਬਾਕਸਿੰਗ ਮੁਕਾਬਲਿਆਂ ਦੇ ਤੀਜੇ ਦਿਨ ਹੋਏ ਰੌਚਕ ਮੁਕਾਬਲੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2024, ਸੀਜ਼ਨ 3' ਦੇ ਤਹਿਤ ਲੈਮਰਿਨ ਟੈਕ ਸਕਿਲ ਯੂਨੀਵਰਸਿਟੀ ਬਲਾਚੌਰ ਵਿਖੇ ਕਰਵਾਏ ਜਾ ਰਹੇ ਰਾਜ ਪੱਧਰੀ ਬਾਕਸਿੰਗ ਮੁਕਾਬਲਿਆਂ ਦੇ ਤੀਜੇ ਦਿਨ ਅੱਜ ਵੱਖ-ਵੱਖ ਵਰਗਾਂ ਦੇ ਰੌਚਿਕ ਮੁਕਾਬਲੇ ਹੋਏ। ਅੱਜ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਲੈਮਰਿਨ ਟੈੱਕ ਸਕਿੱਲ ਯੂਨੀਵਰਸਿਟੀ ਬਲਾਚੌਰ ਦੇ ਰਜਿਸਟਰਾਰ ਡਾ। ਰਾਜੀਵ ਮਹਾਜਨ ਅਤੇ ਸਹਾਇਕ ਡਾਇਰੈਕਟਰ ਖੇਡਾਂ ਰਾਮ ਮੈਅਰ ਮੁੱਖ ਮਹਿਮਾਨਾਂ ਦੇ ਤੌਰ 'ਤੇ ਹਾਜ਼ਰ ਹੋਏ।




ਇਸ ਮੌਕੇ ਮੁੱਖ ਮਹਿਮਾਨਾਂ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਖੇਡਾਂ ਵਿਚ ਵੱਧ-ਚੜ੍ਹ ਕੇ ਭਾਗ ਲੈਣ ਅਤੇ ਨਸ਼ਿਆ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੂਬੇ ਵਿਚ ਖੇਡ ਸੱਭਿਆਚਾਰ ਪੈਦਾ ਕਰਨ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ।

ਜ਼ਿਲ੍ਹਾ ਖੇਡ ਅਫਸਰ ਵੰਦਨਾ ਚੌਹਾਨ ਨੇ ਦੱਸਿਆ ਕਿ 24 ਨਵੰਬਰ ਤੱਕ ਚੱਲਣ ਵਾਲੇ ਇਨ੍ਹਾਂ ਰਾਜ ਪੱਧਰੀ ਬਾਕਸਿੰਗ ਮੁਕਾਬਲਿਆਂ ਵਿਚ ਲੜਕੇ-ਲੜਕੀਆਂ ਦੇ ਅੰਡਰ 14,17,21,21-30 ਅਤੇ 31-40 ਉਮਰ ਵਰਗਾਂ ਦੇ ਮੁਕਾਬਲੇ ਹੋ ਰਹ। ਉਨ੍ਹਾਂ ਦੱਸਿਆ ਕਿ ਅੱਜ ਟੂਰਨਾਮੈਂਟ ਦੇ ਤੀਜੇ ਦਿਨ ਲੜਕੀਆਂ ਦੇ ਉਮਰ ਵਰਗ 21 ਵਿਚ ਭਾਰ 45-48 ਕਿਲੋ ਵਿਚ ਨੀਤੂ ਜ਼ਿਲ੍ਹਾ ਐਸ। ਏ। ਐਸ ਨਗਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਭਾਰ 51-54 ਕਿਲੋ ਵਿਚ ਸਾਹੀਨ ਜ਼ਿਲ੍ਹਾ ਮਾਲੇਰਕੋਟਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਭਾਰ ਵਰਗ 54-57 ਕਿਲੋ ਵਿਚ ਅਰੀਬਾ ਜ਼ਿਲ੍ਹਾ ਮਾਲੇ-ਰਕੋਟਲਾ ਨੂੰ ਪਹਿਲਾ ਸਥਾਨ ਮਿਲਿਆ। ਭਾਰ ਵਰਗ 57-60 ਕਿਲੋ ਵਿਚ ਵਿਸ਼ਾਖਾ ਜ਼ਿਲ੍ਹਾ ਪਠਾਨਕੋਟ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜੇਤੂ ਖਿਡਾਰਨਾਂ ਨੂੰ ਮੈਡਲ ਦੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮਾਰਕੀਟ ਕਮੇਟੀ ਨਵਾਸ਼ਹਿਰ ਦੇ ਚੇਅਰਮੈਨ ਗਗਨ ਅਗਨੀਹੋਤਰੀ, ਮੁਹੰਮਦ ਹਬੀਬ ਕਨਵੀਨਰ, ਹਰਦੀਪ ਸਿੰਘ ਕੇ- ਕਨਵੀਨਰ, ਹਰਪ੍ਰੀਤ ਸਿੰਘ ਬਾਕਸਿੰਗ ਕੋਚ, ਮਲਕੀਤ ਸਿੰਘ ਅਥਲੈਕਿਟਸ ਕੋਚ, ਮਿਸ ਲਵਪ੍ਰੀਤ ਕੌਰ ਅਥਲੈਟਿਕਸ ਕੋਚ, ਜਸਵਿੰਦਰ ਸਿੰਘ ਫੁੱਟਬਾਲ ਕੋਚ ਅਤੇ ਸਮੂਹ ਸਟਾਫ ਤੋਂ ਇਲਾਵਾ ਵੱਡੀ ਗਿਣਤੀ ਵਿਚ ਖਿਡਾਰੀ ਹਾਜ਼ਰ ਸਨ।

# ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਵੋਟ ਰਜਿਸਟ੍ਰੇਸ਼ਨ ਲਈ 15 ਦਸੰਬਰ ਤੱਕ ਵਾਧਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਚੀਫ ਕਮਿਸ਼ਨਰ ਗੁਰੂਦੁਆਰਾ ਚੋਣਾਂ ਵੱਲੋਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਸਬੰਧੀ ਵੋਟਰਾਂ ਦੀ ਰਜਿਸਟ੍ਰੇਸ਼ਨ ਵਿਚ 15 ਦਸੰਬਰ 2024 ਤੱਕ ਵਾਧਾ ਕੀਤਾ ਗਿਆ ਹੈ ਜਿਸ ਉਪਰੰਤ 16 ਦਸੰਬਰ 2024 ਨੂੰ ਵੋਟਰ ਸੂਚੀਆਂ ਤਿਆਰ ਕਰਨ ਤੋਂ ਇਲਾਵਾ 2 ਜਨਵਰੀ 2025 ਨੂੰ ਨਿਰਧਾਰਤ ਸੈਂਟਰਾਂ 'ਤੇ ਵੋਟਰ ਸੂਚੀਆਂ ਮੁਢਲੀ ਪ੍ਰਕਾਸ਼ਨਾ ਲਈ ਦਿੱਤੀਆਂ ਜਾਣਗੀਆਂ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਯੋਗ ਵਿਅਕਤੀ ਨਿਰਧਾਰਤ ਮਿਤੀ ਤੱਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਡਿਪਟੀ ਕਮਿਸ਼ਨਰ ਵੱਲੋਂ 3 ਜਨਵਰੀ 2025 ਨੂੰ ਮੁਢਲੀ ਵੋਟਰ ਸੂਚੀ ਦੀ ਪ੍ਰਕਾਸ਼ਨਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਦੀ ਅੰਤਿਮ ਮਿਤੀ 24 ਜਨਵਰੀ 2025 ਹੋਵੇਗੀ ਜਿਨ੍ਹਾਂ ਦਾ ਨਿਪਟਾਰਾ 5 ਫਰਵਰੀ 2025 ਤੱਕ ਕੀਤਾ ਜਾਵੇਗਾ। ਇਸੇ ਤਰ੍ਹਾਂ ਸਪਲੀਮੈਂਟਰੀ ਵੋਟਰ ਸੂਚੀਆਂ ਦੀ ਤਿਆਰੀ ਅਤੇ ਸਪਲੀਮੈਂਟਰੀ ਸੂਚੀਆਂ ਦੀ ਛਪਾਈ 24 ਫਰਵਰੀ 2025 ਨੂੰ ਹੋਵੇਗੀ ਅਤੇ ਅੰਤਿਮ ਪ੍ਰਕਾਸ਼ਨਾ 25 ਫਰਵਰੀ 2025 ਨੂੰ ਹੋਵੇਗੀ।

# ਨਗਰ ਨਿਗਮ ਚੋਣਾਂ ਸਬੰਧੀ ਵੋਟਰ ਸੂਚੀਆਂ ਤੇ ਵਾਰਡਬੰਦੀ ਸਬੰਧੀ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਲੈ ਕੇ ਅਕਾਲੀ ਦਲ ਨੇ ਐਸ.ਡੀ.ਐਮ. ਨੂੰ ਦਿੱਤਾ ਮੰਗ ਪੱਤਰ

**ਫਗਵਾੜਾ (ਬੀ.ਕੇ. ਰੱਤੂ)** ਸ਼੍ਰੋਮਣੀ ਅਕਾਲੀ ਦਲ (ਬ) ਦਾ ਇਕ ਵਫਦ ਅੱਜ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਹਲਕਾ ਦਿਹਾਤੀ ਇੰਚਾਰਜ ਰਜਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਸ. ਜਸ਼ਨਜੀਤ ਸਿੰਘ ਨੂੰ ਮਿਲਿਆ। ਇਸ ਦੌਰਾਨ ਐਸ.ਡੀ.ਐਮ. ਨੂੰ ਇਕ ਮੰਗ ਪੱਤਰ ਦਿੰਦਿਆਂ ਅਕਾਲੀ ਆਗੂਆਂ ਨੇ ਨਗਰ ਨਿਗਮ ਚੋਣਾਂ ਸਬੰਧੀ ਵੋਟਰ ਸੂਚੀਆਂ ਤੇ ਵਾਰਡਬੰਦੀ ਸਬੰਧੀ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਜਿਕਰ ਕਰਦਿਆਂ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਨੇ 12 ਨਵੰਬਰ ਨੂੰ ਆਪਣੇ ਪੱਤਰ ਰਾਹੀਂ ਸੂਬੇ ਦੀਆਂ ਪੰਜ ਨਗਰ ਨਿਗਮਾਂ ਦੀ ਚੋਣ ਸੰਬੰਧੀ ਵੋਟਰ ਸੂਚੀਆਂ ਵਿਚ ਸੋਧ ਕਰਨ ਲਈ ਸ਼ਡਿਊਲ ਜਾਰੀ ਕੀਤਾ ਜਾਵੇ। ਜਿਸ ਅਨੁਸਾਰ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਵੱਲੋਂ 14 ਨਵੰਬਰ ਨੂੰ ਵੋਟਰ ਸੂਚੀਆਂ ਜਾਰੀ ਕੀਤੀਆਂ ਜਾਣੀਆਂ ਸੀ ਅਤੇ 18 ਨਵੰਬਰ ਤੋਂ 25 ਨਵੰਬਰ, 2024 ਤੱਕ ਦਾਅਵੇ ਤੇ ਇਤਰਾਜ਼ ਦਰਜ ਕੀਤੇ ਜਾਣੇ ਹਨ। ਦਾਅਵਿਆਂ ਅਤੇ ਇਤਰਾਜਾਂ ਦਾ ਨਿਪਟਾਰਾ 3 ਦਸੰਬਰ ਤੱਕ ਕਰਨ ਦੀ ਗੱਲ ਪੱਤਰ ਵਿਚ ਕਹੀ ਗਈ ਹੈ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 7 ਦਸੰਬਰ ਤੱਕ ਕੀਤੀ ਜਾਣੀ ਹੈ। ਪਰ ਵੋਟਰ ਸੂਚੀਆਂ ਅਤੇ ਵਾਰਡ ਬੰਦੀ ਹਾਲੇ ਤੱਕ ਜਾਰੀ ਨਹੀਂ ਕੀਤੀਆਂ ਗਈਆਂ ਹਨ। ਰਣਜੀਤ ਸਿੰਘ ਖੁਰਾਣਾ ਨੇ ਐਸ.ਡੀ.ਐਮ. ਫਗਵਾੜਾ ਤੋਂ ਮੰਗ ਕੀਤੀ ਕਿ ਜਿਹੜੀ ਵੀ ਵੋਟਰ ਸੂਚੀ ਜਾਂ ਵਾਰਡਬੰਦੀ ਅਨੁਸਾਰ ਨਗਰ ਨਿਗਮ ਫਗਵਾੜਾ ਦੀ ਚੋਣ ਕਰਵਾਈ ਜਾਣੀ ਹੈ, ਉਸ ਨੂੰ ਜਲਦੀ ਤੋਂ ਜਲਦੀ ਜਾਰੀ ਕੀਤਾ ਜਾਵੇ ਤਾਂ ਜੋ ਲੋਕ ਜਾਂ ਸਿਆਸੀ ਪਾਰਟੀਆਂ ਆਪਣੇ ਦਾਅਵੇ ਤੇ ਇਤਰਾਜ਼ ਪੇਸ਼ ਕਰ ਸਕਣ।



ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਰਣਜੀਤ ਸਿੰਘ ਖੁਰਾਣਾ ਅਤੇ ਚੰਦੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਾਰਪੋਰੇਸ਼ਨ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਫਗਵਾੜਾ ਕਾਰਪੋਰੇਸ਼ਨ ਚੋਣਾਂ 'ਚ ਆਪਣੇ ਦਮ ਤੇ ਸ਼ਾਨਦਾਰ ਜਿੱਤ ਦਰਜ ਕੀਤੀ ਜਾਵੇਗੀ। ਇਸ ਮੌਕੇ ਅਵਤਾਰ ਸਿੰਘ ਭੁੰਗਰਨੀ, ਹਰਵਿੰਦਰ ਸਿੰਘ ਵਾਲੀਆਂ, ਸਰਬਜੀਤ ਕੌਰ ਸਾਬਕਾ ਐਮ ਸੀ, ਬਲਜਿੰਦਰ ਸਿੰਘ ਠੇਕੇਦਾਰ ਸਾਬਕਾ ਐਮ ਸੀ, ਕੁਲਵਿੰਦਰ ਸਿੰਘ ਕਿੰਦਾ ਸਾਬਕਾ ਐਮ ਸੀ, ਪਰਮਜੀਤ ਕੌਰ ਕੰਬੋਜ ਸਾਬਕਾ ਐਮ ਸੀ, ਪੁਸ਼ਪਿੰਦਰ ਕੌਰ ਸਾਬਕਾ ਐਮ ਸੀ, ਧਰਮਿੰਦਰ ਟੋਨੀ, ਗੁਰਦੀਪ ਸਿੰਘ ਖੇੜਾ, ਸਰਨਜੀਤ ਸਿੰਘ ਅਟਵਾਲ, ਸਰੂਪ ਸਿੰਘ ਖਲਵਾੜਾ, ਸੁਖਵਿੰਦਰ ਸਿੰਘ ਕੰਬੋਜ, ਅਵਤਾਰ ਸਿੰਘ ਮੰਗੀ, ਪ੍ਰਿਤਪਾਲ ਸਿੰਘ ਮੰਗਾ, ਸੁਖਬੀਰ ਸਿੰਘ ਕਿੰਨੜਾ, ਗੁਰਸਿਮਰ ਸਿੰਘ ਯੂਥ ਪ੍ਰਧਾਨ, ਪਰਮਿੰਦਰ ਸਿੰਘ ਜੰਡੂ, ਰਣਜੀਤ ਸਿੰਘ ਜੀਤੀ, ਜਸਵਿੰਦਰ ਸਿੰਘ ਭਗਤਪੁਰਾ , ਹਰਜੋਤ ਸਿੰਘ ਪਾਹਵਾ, ਰਿੰਕੂ ਪਾਹਵਾ, ਪ੍ਰਦੀਪ ਸਿੰਘ ਬਸਰਾ, ਰੋਹਿਤ ਪਾਲ, ਜਤਿੰਦਰ ਸ਼ਰਮਾ, ਸੁਖਬੀਰ ਸਿੰਘ, ਸੁਖਦੀਪ ਸਿੰਘ ਵਾਲੀਆਂ , ਦਵਿੰਦਰ ਸਿੰਘ, ਜਗੀਰ ਸਿੰਘ, ਮੇਸ਼ੀ ਬਿਸਨਪੁਰ, ਸੁਜੀਤ ਸਿੰਘ ਬਾਹੜਾ, ਗੁਵਿੰਦਰ ਲਵਲੀ, ਦੇਸ ਰਾਜ , ਸਤਨਾਮ ਸਿੰਘ ਆਦਿ ਹਾਜਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਨੇ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਨਾਲ ਗਲੋਬਲ ਸਬੰਧਾਂ ਨੂੰ ਕੀਤਾ ਹੋਰ ਮਜ਼ਬੂਤ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਆਪਣੇ ਚੱਲ ਰਹੇ ਅੰਤਰਰਾਸ਼ਟਰੀ ਸਹਿਯੋਗਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦਾ ਐਲਾਨ ਕਰਨ 'ਤੇ ਮਾਣ ਮਹਿਸੂਸ ਕਰ ਰਹੀ ਹੈ। ਗਲੋਬਲ ਵਿੱਦਿਅਕ ਉੱਤਮਤਾ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਸ਼ਾਨਦਾਰ ਕਦਮ ਚੁੱਕਦੇ ਹੋਏ, ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ। ਸੰਦੀਪ ਸਿੰਘ ਨੇ ਹਾਲ ਹੀ ਵਿੱਚ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਦੇ ਵਿੱਤ, ਆਰਥਿਕ ਯੋਜਨਾ ਅਤੇ ਸੂਚਨਾ ਤਕਨਾਲੋਜੀ ਮੰਤਰੀ, ਮਾਨਯੋਗ ਕੈਮੀਲੋ ਗੋਂਸਾਲਵਸ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਰਾਲਫ਼ ਗੋਂਸਾਲਵੇਸ ਦੇ ਪੁੱਤਰ ਮੰਤਰੀ



ਗੋਂਸਾਲਵੇਸ ਨੇ ਇਸ ਮੀਟਿੰਗ ਦੀ ਮੇਜ਼ਬਾਨੀ ਕੀਤੀ, ਜਿਨ੍ਹਾਂ ਨੇ ਦੋਵਾਂ ਸੰਸਥਾਵਾਂ ਵਿਚਕਾਰ ਡੂੰਘੇ ਸਬੰਧਾਂ 'ਤੇ ਜ਼ੋਰ ਦਿੱਤਾ।

ਇਹ ਸ਼ਮੂਲੀਅਤ ਦੇਸ਼ ਭਗਤ ਯੂਨੀਵਰਸਿਟੀ ਦੀ ਵਿਸ਼ਵਵਿਆਪੀ ਮੌਜੂਦਗੀ ਨੂੰ, ਖਾਸ ਕਰਕੇ ਕੈਰੇਬੀਅਨ ਖੇਤਰ ਅਤੇ ਉੱਤਰੀ ਅਮੇਰੀਕਾ ਵਿੱਚ ਵਧਾਉਣ ਦੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਪਲ ਹੈ।

ਦੇਸ਼ ਭਗਤ ਯੂਨੀਵਰਸਿਟੀ ਅਮੇਰੀਕਾਸ, ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਵਿੱਚ ਸਥਿਤ, ਪਹਿਲਾਂ ਹੀ ਮੈਡੀਕਲ ਸਿੱਖਿਆ ਵਿੱਚ ਆਪਣੇ ਆਪ ਨੂੰ ਇੱਕ ਮੋਹਰੀ ਵਜੋਂ ਸਥਾਪਿਤ ਕਰ ਚੁੱਕੀ ਹੈ। ਇਸ ਦਾ 5-ਸਾਲਾ ਐਮ.ਬੀ.ਬੀ.ਐਸ. ਡਿਗਰੀ ਪ੍ਰੋਗਰਾਮ, ਚਾਹਵਾਨ ਮੈਡੀਕਲ ਪੇਸ਼ੇਵਰਾਂ ਲਈ ਵਿਸ਼ਵ ਪੱਧਰੀ ਸਿਖਲਾਈ ਪ੍ਰਦਾਨ ਕਰਨ ਅਤੇ ਅੰਤਰਰਾਸ਼ਟਰੀ ਅਕਾਦਮਿਕ ਸਹਿਯੋਗ ਲਈ ਇੱਕ ਮਜ਼ਬੂਤ ਢਾਂਚਾ ਬਣਾਉਣ ਲਈ ਤਿਆਰ ਕੀਤਾ ਗਿਆ ਹੈ।

ਡਾ। ਸੰਦੀਪ ਸਿੰਘ ਅਤੇ ਮੰਤਰੀ ਗੋਂਸਾਲਵੇਸ ਵਿਚਕਾਰ ਵਿਚਾਰ-ਵਟਾਂਦਰੇ ਬਹੁਤ ਲਾਭਕਾਰੀ ਸਨ, ਜੋ ਵਿਦਿਅਕ ਮੌਕਿਆਂ ਨੂੰ ਵਧਾਉਣ ਅਤੇ ਸਹਿਯੋਗੀ ਉੱਦਮਾਂ ਨੂੰ ਵਿਕਸਤ ਕਰਨ ਦੇ ਸਾਂਝੇ ਟੀਚਿਆਂ 'ਤੇ ਕੇਂਦਰਿਤ ਸਨ। ਇਹ ਭਾਈਵਾਲੀ ਦੋਵਾਂ ਖੇਤਰਾਂ ਵਿੱਚ ਵਿਦਿਆਰਥੀਆਂ ਅਤੇ ਭਾਈਚਾਰਿਆਂ ਨੂੰ ਲਾਭ ਪਹੁੰਚਾਉਣ ਦਾ ਵਾਅਦਾ ਕਰਦੀ ਹੈ, ਡਾਕਟਰੀ ਸਿੱਖਿਆ ਅਤੇ ਖੋਜ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੇ ਹੋਏ ਅਕਾਦਮਿਕ ਅਤੇ ਪੇਸ਼ੇਵਰ ਸਫਲਤਾ ਲਈ ਮਾਰਗ ਪ੍ਰਦਾਨ ਕਰਦੀ ਹੈ।

ਇਸ ਮੌਕੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਨੇ ਕਿਹਾ ਕਿ ਅਸੀਂ ਇਸ ਸਾਂਝੇਦਾਰੀ ਨਾਲ ਦੁਨੀਆਂ ਭਰ ਦੇ ਵਿਦਿਆਰਥੀਆਂ ਲਈ ਇਸ ਦੇ ਮੌਕਿਆਂ ਨੂੰ ਲੈ ਕੇ ਬਹੁਤ ਖੁਸ਼ ਹਾਂ। ''ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਨਾਲ ਸਾਡਾ ਸਹਿਯੋਗ ਇੱਕ ਵਿਸ਼ਵ-ਪੱਧਰੀ ਵਿਦਿਅਕ ਈਕੋਸਿਸਟਮ ਬਣਾਉਣ ਲਈ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ ਜੋ ਸਰਹੱਦਾਂ ਤੋਂ ਪਾਰ ਹੈ।''

ਇਸ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ। ਜ਼ੋਰਾ ਸਿੰਘ ਨੇ ਕਿਹਾ ਕਿ ਇਹ ਸਹਿਯੋਗ ਡੀਬੀਯੂ ਦੇ ਅਕਾਦਮਿਕ ਉੱਤਮਤਾ ਅਤੇ ਅਰਥਪੂਰਨ ਅੰਤਰਰਾਸ਼ਟਰੀ ਸਬੰਧਾਂ ਨੂੰ ਉਤਸ਼ਾਹਿਤ ਕਰਨ ਦੇ ਮਿਸ਼ਨ ਨੂੰ ਦਰਸਾਉਂਦਾ ਹੈ। ਯੂਨੀਵਰਸਿਟੀ ਆਉਣ ਵਾਲੇ ਸਾਲਾਂ ਵਿੱਚ ਇਸ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਨਵੀਨਤਾਕਾਰੀ ਵਿੱਦਿਅਕ ਪਹਿਲਕਦਮੀਆਂ ਨੂੰ ਚਲਾਉਣ ਦੀ ਉਮੀਦ ਰੱਖਦੀ ਹੈ।

# "ਹੁਣ ਮੈਂ ਕਿਸੇ ਜੋਗਾ ਨਹੀਂ ਰਿਹਾ " ਕਿਤਾਬ ਦਾ ਲੋਕ ਅਰਪਣ ਅਤੇ ਨੌਜਵਾਨ ਕਵੀ ਦਰਬਾਰ

**ਰੋਪੜ (ਸਤਨਾਮ ਸਿੰਘ ਸਹੂੰਗੜਾ)-** ਰੋਪੜ ਦੇ ਕਲਗੀਧਰ ਕੰਨਿਆਂ ਪਾਠਸ਼ਾਲਾ ਵਿਖੇ ਲੇਖਕ ਮਨਦੀਪ ਮਨਸੂਹਾ ਦੀ ਪਠੇਲੀ ਕਿਤਾਬ "ਹੁਣ ਮੈਂ ਕਿਸੇ ਜੋਗਾ ਨਹੀਂ ਰਿਹਾ" ਦਾ ਲੋਕ ਅਰਪਣ ਬੜੀ ਧੂਮਧਾਮ ਨਾਲ ਕੀਤਾ ਗਿਆ। ਜਿਸ ਵਿੱਚ ਪ੍ਰਧਾਨਗੀ ਮੰਡਲ ਵਿੱਚ ਡਾਕਟਰ ਜਸਵੰਤ ਕੌਰ ਸੈਣੀ (ਸੈਣੀ ਭਵਨ ਰੋਪੜ ਦੇ ਪ੍ਰਿੰਸੀਪਲ), ਸ਼੍ਰੀ ਮਹਿੰਦਰ ਸਿੰਘ ਦੁਸਾਂਝ (ਸਾਹਿਤਕਾਰ ਤੇ ਵਿਗਿਆਨੀ), ਸ਼੍ਰੀ ਸੰਦੀਪ ਨਈਅਰ (ਨਾਵਲਕਾਰ ਤੇ ਅਧਿਆਪਕ), ਸ਼੍ਰੀ ਗੁਰਦੀਪ ਸੈਣੀ (ਗ਼ਜ਼ਲਕਾਰ) ਤੇ ਸ਼੍ਰੀਮਤੀ ਰਜਨੀ ਸ਼ਰਮਾ (ਅਧਿਆਪਿਕਾ ਤੇ ਕਵਿਤਰੀ) ਵਿਰਾਜਮਾਨ ਹੋਏ। ਪ੍ਰੋਗਰਾਮ ਦਾ ਆਗਾਜ਼ ਸਟੇਜ ਸਕੱਤਰ ਜਸਵਿੰਦਰ ਭਟੋਆ ਤੇ ਦੀਪ ਜਗਤਪੁਰੀ ਵੱਲੋਂ ਕੀਤਾ ਗਿਆ। ਜਿਸ ਉਪਰੰਤ ਨੂਰਕਮਲ ਨੇ ਸਵਾਗਤੀ ਭਾਸ਼ਣ ਨਾਲ ਆਏ ਸਾਰੇ ਸਤਿਕਾਰਯੋਗ ਸ੍ਰੋਤਿਆਂ, ਕਵੀਆਂ ਤੇ ਪ੍ਰਧਾਨਗੀ ਮੰਡਲ ਦਾ ਸਵਾਗਤ ਕੀਤਾ ਤੇ ਪਹੁੰਚਣ ਤੇ ਧੰਨਵਾਦ ਪ੍ਰਗਟ ਕੀਤਾ। ਪ੍ਰੋਗਰਾਮ ਵਿੱਚ ਕਿਤਾਬ ਲੋਕ ਅਰਪਣ ਦੀ ਰਸਮ ਅਦਾ ਕੀਤੀ ਗਈ ਤੇ ਸ੍ਰੋਤਿਆਂ ਨੇ ਬੜੇ ਜੋਸ਼ ਨਾਲ ਤਾੜੀਆਂ ਮਾਰ ਕੇ ਖੁਸ਼ੀ ਜਤਾਈ। ਇਸ ਪ੍ਰੋਗਰਾਮ ਵਿੱਚ ਪ੍ਰਧਾਨਗੀ ਮੰਡਲ ਵਿੱਚੋਂ ਮੈਡਮ ਰਜਨੀ ਸ਼ਰਮਾ ਵੱਲੋਂ ਕਿਤਾਬ ਦੇ ਲੇਖਕ ਨੂੰ ਵਧਾਈ ਦਿੰਦੇ ਹੋਏ ਕਿਤਾਬ, ਲੇਖਕ ਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਆਪਣੀ ਗ਼ਜ਼ਲ ਸ੍ਰੋਤਿਆਂ ਨੂੰ ਪੇਸ਼ ਕੀਤੀ। ਜਿਸ ਉਪਰੰਤ ਪ੍ਰੋਫ਼ੈਸਰ ਸੰਦੀਪ ਨਈਅਰ ਨੇ ਕਿਤਾਬ ਦੀ ਬਾਰੇ ਗੱਲ ਕਰਦਿਆਂ ਦੱਸਿਆ ਕਿ ਕਿਤਾਬ ਦੇ ਲੇਖਕ ਨੇ ਬੜੀ ਸੰਜੀਦਗੀ ਨਾਲ ਕਿਤਾਬ ਵਿੱਚ ਭਾਵਨਾਵਾਂ ਬਿਆਨ ਕੀਤੀਆਂ ਹਨ ਤੇ ਕਿਤਾਬ ਨੂੰ ਪਾਠਕਾਂ ਦੁਆਰਾ ਜ਼ਰੂਰ ਪੜ੍ਹਨਾ ਚਾਹੀਦਾ ਹੈ। ਇਸੇ ਦੌਰਾਨ ਸ੍ਰੀ ਗੁਰਦੀਪ ਸੈਣੀ ਨੇ ਮੰਚ ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਤਾਬ ਵਿੱਚੋਂ ਕੁਝ ਰਚਨਾਵਾਂ ਪੇਸ਼ ਕੀਤੀਆਂ ਤੇ ਉਹਨਾਂ ਦੇ ਸੰਦਰਭ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਤੇ ਆਪਣੀ ਗ਼ਜ਼ਲ ਪੇਸ਼ ਕੀਤੀ। ਡਾਕਟਰ ਜਸਵੰਤ ਕੌਰ ਸੈਣੀ ਵੱਲੋਂ ਵੀ ਇਸ ਪ੍ਰੋਗਰਾਮ ਵਿੱਚ ਕਿਤਾਬ ਤੇ ਲੇਖਕ ਦੀ ਸ਼ਲਾਘਾ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਸ੍ਰੀ ਮਹਿੰਦਰ ਸਿੰਘ ਦੁਸਾਂਝ ਨੇ ਬੜੀ ਸਰਲਤਾ ਤੇ ਸਹਿਜਤਾ ਨਾਲ ਕਵਿਤਾ ਦੀ ਤੁੱਕਬੰਦੀ ਤੇ ਖੁੱਲੀ ਕਵਿਤਾ ਬਾਰੇ ਸ੍ਰੋਤਿਆਂ ਨੂੰ ਜਾਣਕਾਰੀ ਦਿੱਤੀ , ਮਨਦੀਪ ਮਨਸੂਹਾ ਨੂੰ ਵਧਾਈ ਦਿੱਤੀ ਤੇ ਲੇਖਕ ਅਤੇ ਪ੍ਰਬੰਧਕਾਂ ਨੂੰ ਪ੍ਰੋਗਰਾਮ ਸਫ਼ਲ ਹੋਣ ਤੇ ਵਧਾਈ ਦਿੱਤੀ । ਇਸ ਪ੍ਰੋਗਰਾਮ ਵਿੱਚ ਮਨਦੀਪ ਮਨਸੂਹਾ ਜੋ ਸੰਗੀਤ ਦੇ ਅਧਿਆਪਕ ਹਨ, ਦੇ ਵਿਦਿਆਰਥੀਆਂ ਨੇ ਆਪਣੇ ਗੀਤ ਪੇਸ਼ ਕੀਤੇ ਜਿਨ੍ਹਾਂ ਵਿੱਚ ਜਸਮੀਤ ਕੌਰ, ਗੁਰਸਾਹਿਬ ਸਿੰਘ, ਜੋਤੀ ਕੁਮਾਰੀ, ਕਮਲਜੀਤ ਕੌਰ ਤੇ ਸਨੀ ਭਾਰਦਵਾਜ ਆਦਿ ਸ਼ਾਮਲ ਸਨ। ਇਸੇ ਪ੍ਰੋਗਰਾਮ ਦੌਰਾਨ ਦੂਰੋਂ ਨੇੜਿ ' ਚੱਲ ਕੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਕਵੀਆਂ ਨੇ ਵੀ ਪ੍ਰੋਗਰਾਮ ਵਿੱਚ ਚਾਰ ਚੰਦ ਲਾਏ ਜਿਨਾਂ ਵਿੱਚ ਅਨੀ ਕਾਠਗੜ੍ਹ, ਗੁਰਲੀਨ ਕੌਰ ਬੰਗਾ, ਮਨੀਸ਼ਾ ਲੁਧਿਆਣਾ, ਈਲੀਨਾ ਧੀਮਾਨ (ਲੁਧਿਆਣਾ), ਹਨੀ ਰਾਮਪੁਰਾ, ਅੰਮ੍ਰਿਤ ਨਵਾਂਸ਼ਹਿਰ, ਦੀਪ ਫਤਿਹਗੜ੍ਹ (ਫਤਿਹਗੜ੍ਹ ਚੂੜੀਆਂ), ਅਵਤਾਰ ਸਿੰਘ, ਦੀਪ ਸ਼ੇਰਗਿੱਲ ਜਗਤਪੁਰ (ਨਵਾਂਸ਼ਹਿਰ), ਜਸਵਿੰਦਰ ਭਟੋਆ (ਨਵਾਂਸ਼ਹਿਰ), ਦੀਪ ਜਗਤਪੁਰੀ (ਨਵਾਂਸ਼ਹਿਰ) ਤੇ ਨੂਰਕਮਲ ਆਦਿ ਸ਼ਾਮਲ ਸਨ। ਜਿਨ੍ਹਾਂ ਨੇ ਇਸ ਪ੍ਰੋਗਰਾਮ ਦੇ ਵਿੱਚ ਆਪਣੀਆਂ ਰਚਨਾਵਾਂ ਪ੍ਰਗਟ ਕਰਕੇ ਚਾਰ ਚੰਦ ਲਾਏ। ਮਨਦੀਪ ਮਨਸੂਹਾ ਦੇ ਸਮੂਹ ਪਰਿਵਾਰਕ ਮੈਂਬਰ ਵੀ ਇਸ ਪ੍ਰੋਗਰਾਮ ਦਾ ਹਿੱਸਾ ਰਹੇ। ਅਖੀਰ ਵਿੱਚ ਮਨਦੀਪ ਮਨਸੂਹਾ ਨੇ ਆਏ ਸਾਰੇ ਸਤਿਕਾਰਯੋਗ ਸੱਜਣਾ ਦਾ ਧੰਨਵਾਦ ਕੀਤਾ ਤੇ ਉਪਰੰਤ ਸਨਮਾਨ ਵੰਡ ਸਮਾਰੋਹ ਹੋਇਆ ਤੇ ਸਾਰੀਆਂ ਸਤਿਕਾਰਯੋਗ ਸ਼ਖਸੀਅਤਾਂ ਦਾ ਸਨਮਾਨ ਹੋਇਆ। ਅੰਤ ਨੂਰਕਮਲ ਤੇ ਜਸਵਿੰਦਰ ਭਟੋਆ ਵੱਲੋਂ ਪ੍ਰੋਗਰਾਮ ਵਿੱਚ ਪਹੁੰਚੇ ਸਾਰੇ ਸ੍ਰੋਤਿਆਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਦੌਰਾਨ ਧੌ ਗੁਰਜੀਤ ਸਿੰਘ , ਅਜਮੇਰ ਸਿੰਘ ਸੈਣੀ, ਸੰਦੀਪ ਕੌਰ ਨਵਾਂਸ਼ਹਿਰ, ਲਵਪ੍ਰੀਤ, ਪ੍ਰੀਤ ਤੇ ਮਨਸੂਹਾ ਪਿੰਡ ਦੇ ਹੋਰ ਵੀ ਸੱਜਣ ਆਦਿ ਵੀ ਹਾਜ਼ਰ ਰਹੇ।



# ਸ਼੍ਰੀ ਸੁਖਚੈਨ ਸਿੰਘ ਨੂੰ ਬਹੁਤ ਬਹੁਤ ਮੁਬਾਰਕਾਂ





ਇਸ ਮਹੀਨੇ ਨਿਊਜ਼ੀਲੈਂਡ ਵਿੱਚ 50 ਤੋਂ ਵੱਧ ਫੀਲਡ ਹਾਕੀ ਲੰਪਿਕ ਖੇਡਾਂ ਹੋਈਆਂ । ਇਸ ਵਿੱਚ 16 ਦੇਸ਼ਾਂ ਨੇ ਹਿੱਸਾ ਲਿਆ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਸੀਨੀਅਰ ਸਿਟੀਜ਼ਨ ਅਤੇ ਆਈ।ਵੀ।ਏ।ਸੀ।ਸੀ। ਦੇ ਥੰਬ ਸ਼੍ਰੀ ਸੁਖਚੈਨ ਸਿੰਘ ਅਨੁਸਾਰ, ਊਨਾ ਦੇ ਬੇਟੇ ਸੰਦੀਪ ਸਿੰਘ (ਤਸਵੀਰ ਵਿੱਚ ਖੱਬੇ ਪਾਸੇ) ਨੇ ਵੀ ਕੈਨੇਡੀਅਨ ਫੀਲਡ ਹਾਕੀ ਟੀਮ 'ਚ ਹਿੱਸਾ ਲਿਆ।

ਕੈਨੇਡਾ ਦੀ ਟੀਮ ਚੋਟੀ ਤੋਂ ਛੇਵੇਂ ਸਥਾਨ 'ਤੇ ਰਹੀ। ਇਹ ਅਦਭੁਤ ਹੈ! ਸੰਦੀਸ਼ ਸਿੰਘ ਅਤੇ ਕੈਨੇਡੀਅਨ ਟੀਮ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ। ਅਦਾਰਾ 'ਦੇਸ਼ ਦੁਆਬਾ' ਨੂੰ ਸ਼੍ਰੀ ਸੁਖਚੈਨ ਸਿੰਘ ਤੇ ਮਾਣ ਹੈ ਕਿ ਸੰਦੀਸ਼ ਸਿੰਘ ਊਨਾ ਦਾ ਬੇਟਾ ਹੈ। ਬਹੁਤ ਬਹੁਤ ਮੁਬਾਰਕਾਂ।

# ਆਈ.ਵੀ.ਏ.ਸੀ.ਸੀ. ਬੋਰਡ ਦੀ ਸਾਲਾਨਾ ਸਮਾਰੋਹ ਦੀ ਤਿਆਰੀ ਲਈ ਹਾਂ ਪੱਖੀਂ ਹੁੰਗਾਰਾ



ਆਈ.ਵੀ.ਏ.ਸੀ.ਸੀ. ਬੋਰਡ ਦੀ ਮੀਟਿੰਗ 7 ਨਵੰਬਰ, 2024 ਨੂੰ ਫਿਲਮਿੰਗੋ ਪੈਲੇਸ ਵਿਖੇ ਹੋਈ ਜਿਸ ਵਿਚ ਆਈ.ਵੀ.ਏ.ਸੀ.ਸੀ. ਵਲੋਂ 6 ਦਸੰਬਰ, 2024 ਦਿਨ ਸ਼ੁੱਕਰਵਾਰ, ਨੂੰ ਸਾਲਾਨਾ ਸਮਾਰੋਹ ਦੀ ਤਿਆਰੀ ਲਈ ਹਾਂ ਪੱਖੀਂ ਖੂਬ ਵਿਚਾਰਾਂ ਹੋਈਆਂ। ਸਾਰੇ ਮੈਂਬਰ ਸਹਿਬਾਨ ਨੇ ਬਹੁਤ ਦਿਲਚਸਪੀ ਲਈ। ਸ੍ਰੀਮਤੀ ਪਰਮਿੰਦਰ ਕੌਰ ਦਾ ਜਨਮ ਦਿਨ ਵੀ ਮਨਾਇਆ ਗਿਆ। ਮੀਟਿੰਗ ਸਫਲਤਾ ਪੂਰਵਕ ਤੇ ਮਨੋਰੰਜਨ ਨਾਲ ਸਮਾਪਤ ਹੋਈ। ਸੀਮਤ ਜਗ੍ਹਾ ਅਸੀਮਤ ਮਜ਼ੇਦਾਰ। ਸ਼੍ਰੀ ਸੁਖਚੈਨ ਸਿੰਘ ਨੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ।

# ਡਿਪਟੀ ਸਪੀਕਰ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਨਵੇਂ ਚੁਣੇ ਪੰਚਾਂ ਨੂੰ ਚੁਕਾਈ ਸਹੁੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵੱਲੋਂ ਅੱਜ ਨਵਾਂਸ਼ਹਿਰ ਵਿਖੇ ਵਿਸ਼ਾਲ ਜ਼ਿਲ੍ਹਾ ਪੱਧਰੀ ਸਹੁੰ ਚੁੱਕ ਸਮਾਗਮ ਦੌਰਾਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ 466 ਪੰਚਾਇਤਾਂ ਦੇ ਨਵੇਂ ਚੁਣੇ ਗਏ 2822 ਪੰਚਾਂ ਨੂੰ ਸਹੁੰ ਚੁਕਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਗਏ ਇਸ ਸ਼ਾਨਦਾਰ ਸਮਾਗਮ ਦੌਰਾਨ ਉਨ੍ਹਾਂ ਨਵੇਂ ਚੁਣੇ ਗਏ ਪੰਚਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਪਿੰਡਾਂ ਦੀ ਖੁਸ਼ਹਾਲੀ, ਸਰਵਪੱਖੀ ਵਿਕਾਸ ਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨ ਦਾ ਦਿੱਤਾ ਸੱਦਾ। ਉਨ੍ਹਾਂ ਕਿਹਾ ਕਿ ਪੰਚਾਇਤ ਮੈਂਬਰ, ਆਪਣੀ ਸਰਗਰਮ




ਭੂਮਿਕਾ ਨਾਲ ਪਿੰਡਾਂ ਦੀ ਕਾਇਆ ਕਲਪ ਕਰਕੇ ਇਨ੍ਹਾਂ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾ ਸਕਦੇ ਹਨ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਚਾਇਤਾਂ ਨੂੰ ਹਰ ਨੇਕ ਕੰਮ ਲਈ ਪੂਰਾ ਸਹਿਯੋਗ ਦੇਵੇਗੀ।

ਉਨ੍ਹਾਂ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਵੱਡੀ ਗਿਣਤੀ ਵਿਚ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ ਅਤੇ ਜਿਥੇ ਚੋਣਾਂ ਹੋਈਆਂ ਹਨ, ਉਹ ਵੀ ਸ਼ਾਂਤਮਈ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹੀਆਂ ਹਨ। ਇਸ ਦੇ ਲਈ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਵਾਸੀ ਵਧਾਈ ਦੇ ਪਾਤਰ ਹਨ। ਉਨ੍ਹਾਂ ਪੰਚਾਂ ਨੂੰ ਕਿਹਾ ਕਿ ਲੋਕਾਂ ਨੇ ਜਿਨ੍ਹਾਂ ਆਸਾਂ-ਉਮੀਦਾਂ ਨਾਲ ਉਨ੍ਹਾਂ ਨੂੰ ਚੁਣਿਆ ਹੈ, ਉਹ ਆਉਣ ਵਾਲੇ ਸਮੇਂ ਵਿਚ ਉਨ੍ਹਾਂ 'ਤੇ ਪੂਰੇ ਉਤਰਨਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਪੰਚਾਇਤਾਂ ਨੂੰ 'ਲੋਕਤੰਤਰ ਦੇ ਥੰਮ੍ਹ' ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਕੋਲ ਅਥਾਹ ਸ਼ਕਤੀ ਹੁੰਦੀ ਹੈ ਅਤੇ ਪੰਚਾਇਤ ਦੇ ਫ਼ੈਸਲੇ ਨੂੰ ਪੂਰਾ ਪਿੰਡ ਸਤਿਕਾਰ ਨਾਲ ਮੰਨਦਾ ਹੈ। ਉਨ੍ਹਾਂ ਕਿਹਾ ਕਿ ਪੰ-ਚਾਇਤਾਂ ਸੂਬਾ ਸਰਕਾਰ ਦੀਆਂ ਲੋਕ ਪੱਖੀ ਅਤੇ ਵਿਕਾਸਮੁਖੀ ਸਕੀਮਾਂ ਦੇ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਪ੍ਰੇਰਕ ਵਜੋਂ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੀਤੀਆਂ ਬਣਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿਚ ਸਰਪੰਚਾਂ-ਪੰਚਾਂ ਦੀ ਵੱਡੀ ਭੂਮਿਕਾ ਹੁੰਦੀ ਹੈ। ਉਨ੍ਹਾਂ ਸਮੂਹ ਪੰਚਾਂ ਨੂੰ ਆਪਣੇ ਸਰਪੰਚਾਂ ਦੀ ਅਗਵਾਈ ਵਿਚ ਅੱਜ ਤੋਂ ਹੀ ਵਿਕਾਸ ਕਾਰਜਾਂ ਲਈ ਸਮਰਪਿਤ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਪੰਚਾਇਤ ਮੈਂਬਰਾਂ ਨੂੰ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਪੰਚਾਂ ਨੂੰ ਪਿੰਡਾਂ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਸਖ਼ਤ ਮਿਹਨਤ ਕਰਨ ਲਈ ਵੀ ਕਿਹਾ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਕੀਤੀਆਂ ਜਾ ਰਹੀਆਂ ਨਿਵੇਕਲੀਆਂ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਾਲ ਹੀ ਵਿਚ 'ਨਵੀਂ ਉਡਾਣ-ਸੂਚਨਾ ਦੀ ਸਵਾਰੀ' ਤਹਿਤ ਜ਼ਿਲ੍ਹੇ ਦੇ ਅਖ਼ਬਾਰਾਂ ਵੰਡਣ ਵਾਲਿਆਂ ਨੂੰ ਨਵੇਂ ਸਾਈਕਲ ਦੇ ਕੇ ਸਨਮਾਨਿਤ ਕਰਨਾ ਇਕ ਬੇਹੱਦ ਸਲਾਘਯੋਗ ਉਪਰਾਲਾ ਹੈ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ, ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐਸ.ਐਸ.ਪੀ ਡਾ. ਮਹਿਤਾਬ ਸਿੰਘ, ਪੰਜਾਬ ਤਕਨੀਕੀ ਸਿੱਖਿਆ ਬੋਰਡ ਦੇ ਉੱਪ ਚੇਅਰਮੈਨ ਲਲਿਤ ਮੋਹਨ ਪਾਠਕ 'ਬੱਲੂ', ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਦੇ ਉੱਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਚੇਅਰਮੈਨ ਇੰਪਰੂਵਮੈਂਟ ਟਰੱਸਟ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀਹੋ-ਤਰੀ, ਹਰਜੋਤ ਕੌਰ ਲੋਹਟੀਆ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਜੀਵ ਵਰਮਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਐਸ.ਡੀ.ਐਮ ਬਲਾਚੌਰ ਪ੍ਰੀਤ ਇੰਦਰ ਸਿੰਘ ਬੈਂਸ, ਡੀ.ਡੀ.ਪੀ. ਨਿਧੀ ਸਿਨਹਾ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਪਤਵੰਤੇ ਹਾਜ਼ਰ ਸਨ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵੱਲੋਂ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕਰਨ ਲਈ ਕਰਵਾਇਆ ਗਿਆ ਸਮਾਗਮ




**ਫਰਿਜ਼ਨੋ–** ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾ ਦੇ ਸਾਥੀਆਂ ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਸਿਆਲਕੋਟੀ, ਬਖ਼ਸ਼ੀਸ਼ ਸਿੰਘ,ਸੁਰੈਣ ਸਿੰਘ ਵੱਡਾ ਤੇ ਸੁਰੈਣ ਸਿੰਘ ਛੋਟਾ ਦੀ ਸ਼ਹਾਦਤ ਨੂੰ ਯਾਦ ਕਰਨ ਲਈ ਕਰਵਾਇਆ ਗਿਆ ਸਮਾਗਮ ਦੌਰਾਨ ਸ਼ਹੀਦਾਂ ਨੂੰ ਇੱਕ ਧਰਮ ਵਿਸ਼ੇਸ਼ ਦੀਆਂ ਵਲਗਣਾਂ 'ਚ ਕੈਦ ਕਰਨ, ਉਨ੍ਹਾਂ ਦੀ ਸ਼ਾਨਮੱਤੀ ਵਿਰਾਸਤ ਨੂੰ ਮਲੀਆਮੇਟ ਕਰਨ ਦੀਆਂ ਕੋਝੀਆਂ ਚਾਲਾਂ ਨੂੰ ਨਾਕਾਮ ਕਰਨ ਲਈ ਨਿਰੰਤਰ ਬੱਝਵੇਂ ਯਤਨ ਕਰਨ ਦੇ ਸੱਦੇ ਨਾਲ ਸੰਪੰਨ ਹੋ ਗਿਆ।




ਸਮਾਗਮ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਕਿਹਾ ਕਿ ਸਾਡੇ ਇਨ੍ਹਾਂ ਸ਼ਹੀਦਾਂ ਨੇ ਜਿੱਥੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਦੀ ਆਹੂਤੀ ਦਿੱਤੀ, ਥੇ ਗ਼ਦਰੀ ਬਾਬਿਆਂ ਨੇ ਸਾਨੂੰ ਇਨ੍ਹਾਂ ਦੇਸ਼ਾਂ ਵਿੱਚ ਵੀ ਸਿਰ ਚੁੱਕ ਕੇ ਜੀਊਣ ਜੋਗੇ ਬਣਾਇਆ। ਅੱਜ ਜੇ ਸਾਡੇ ਭਾਈਚਾਰੇ ਦੇ ਲੋਕ ਅਸੰਬਲੀ, ਵੱਖ ਵੱਖ ਸਕੂਲ ਡਿਸਟ੍ਰਿਕਟ ਬੋਰਡ ਮੈਂਬਰ ਤੇ ਹੋਰ ਉੱਚ ਅਹੁਦਿਆਂ 'ਤੇ ਪਹੁੰਚ ਰਹੇ ਹਨ ਤਾਂ ਇਸ ਦਾ ਸਿਹਰਾ ਵੀ ਗ਼ਦਰੀ ਸੂਰਬੀਰਾਂ ਨੂੰ ਜਾਂਦਾ ਹੈ।

ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਬਲਵਿੰਦਰ ਸਿੰਘ ਬੁੱਟਰ ਨੇ ਕਿਹਾ ਕਿ ਜਿਨ੍ਹਾਂ ਸ਼ਹੀਦਾਂ ਨੂੰ ਅੱਜ ਅਸੀਂ ਯਾਦ ਕਰ ਰਹੇ ਹਾਂ, ਉਨ੍ਹਾਂ ਦੀ ਕੁਰਬਾਨੀ ਲਾਸਾਨੀ ਹੈ। ਕੁੱਲ 25 ਦੇਸ਼ ਭਗਤਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਜਿਨ੍ਹਾਂ ਵਿੱਚੋਂ ਅਠਾਰਾਂ ਦੀ ਸਜ਼ਾ ਗਵਰਨਰ ਨੇ ਖੁਦ ਮੁਆਫ ਕਰ ਦਿੱਤੀ ਸੀ ਤੇ ਸਰਾਭਾ ਸਮੇਤ ਇਨ੍ਹਾਂ ਸੱਤਾਂ ਗ਼ਦਰੀਆਂ ਦੀ ਸਜ਼ਾ ਬਹਾਲ ਰੱਖੀ ਸੀ। ਉਹ ਆਖ਼ਰੀ ਸਾਹ ਤੱਕ ਦੇਸ਼ ਦੀ ਆਜ਼ਾਦੀ ਹਾਸਲ ਕਰਨ ਪ੍ਰਤੀ ਆਪਣੇ ਅਕੀਦੇ 'ਤੇ ਕਾਇਮ ਰਹੇ। ਕਿਸੇ ਨੇ ਵੀ ਮੁਆਫ਼ੀ ਮੰਗ ਕੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਛੋਟੀ ਉਮਰੇ ਸ਼ਹਾਦਤ ਦਾ ਜਾਮ ਪੀਣ ਵਾਲੇ ਸੂਰਬੀਰ ਵਜੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਦੀ ਮਿਸਾਲ ਦੇਸ਼ ਦੇ ਇਤਿਹਾਸ ਵਿੱਚ ਅੱਜ ਤੱਕ ਨਹੀਂ ਮਿਲਦੀ। ਏਨੀ ਛੋਟੀ ਉਮਰ 'ਚ ਪ੍ਰਬਲ ਇਨਕਲਾਬੀ ਜਜ਼ਬੇ ਦੇ ਨਾਲ ਨਾਲ ਬੌਧਿਕਤਾ ਦੇ ਪੱਧਰ ਨੂੰ ਏਨੀ ਉਚਾਈ ਤੱਕ ਲਿਜਾਣਾ ਕੋਈ ਛੋਟੀ ਗੱਲ ਨਹੀਂ। ਗ਼ਦਰੀ ਤੇ ਹੋਰ ਦੇਸ਼ ਭਗਤਾਂ ਨਾਲ ਸੰਬੰਧਤ ਯਾਦਗਾਰਾਂ ਨੂੰ ਮਲੀਆਮੇਟ ਕਰਨ ਦੀ ਕੁਚਾਲਾਂ ਪ੍ਰਤੀ ਚੌਕਸੀ ਦਾ ਸੱਦਾ ਦਿੰਦਿਆਂ ਉਨ੍ਹਾ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣਾ ਤੇ ਅਗਲੀਆਂ ਪੀੜ੍ਹੀਆਂ ਦੇ ਹੱਥਾਂ 'ਚ ਸੌਂਪਣਾ ਸਾਡੀ ਸਭਨਾਂ ਦੀ ਇਖਲਾਕੀ ਜ਼ੁੰਮੇਵਾਰੀ ਹੈ। ਇਸ ਮੌਕੇ ਸੁਰਿੰਦਰ ਸਿੰਘ ਮੰਢਾਲੀ, ਪਰਵੀਨ ਸ਼ਰਮਾ( ਪੰਜਾਬੀ ਰੇਡੀ ), ਪਰਗਟ ਸਿੰਘ ਧਾਲੀਵਾਲ, ਡਾ. ਅਰਜਨ ਸਿੰਘ ਜੋਸਨ, ਕੁੰਦਨ ਸਿੰਘ ਧਾਮੀ, ਮਲਕੀਤ ਸਿੰਘ ਕਿੰਗਰਾ ਤੇ ਗੁਰਨਾਮ ਸਿੰਘ ਨੇ ਵੀ ਸੰਬੋਧਨ ਕੀਤਾ।

ਸਮਾਗਮ ਦੌਰਾਨ ਸ. ਨਰਿੰਦਰ ਸਿੰਘ ਸਹੋਤਾ ਨੂੰ ਸੈਲਮਾ ਯੂਨੀਫਾਈਡ ਸਕੂਲ ਡਿਸਟ੍ਰਿਕਟ ਦਾ ਦੂਸਰੀ ਵਾਰ ਬੋਰਡ ਮੈਂਬਰ ਬਣਨ ਅਤੇ ਜਸਪ੍ਰੀਤ ਸਿੱਧੂ ਨੂੰ ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਦਾ ਬੋਰਡ ਮੈਂਬਰ ਬਣਨ 'ਤੇ ਫੋਰਮ ਵੱਲੋਂ ਸਨਮਾਨਤ ਵੀ ਕੀਤਾ ਗਿਆ ਤੇ ਆਸ ਪ੍ਰਗਟਾਈ ਕਿ ਉਹ ਸਮਾਜ ਸੇਵਾ ਕਰਦਿਆਂ ਆਪਣੇ ਭਾਈਚਾਰੇ ਦੇ ਮਾਣ 'ਚ ਵਾਧਾ ਕਰਨਗੇ। ਵਰਨਣਯੋਗ ਹੈ ਕਿ ਇਹ ਦੋਵੇਂ ਨੌਜਵਾਨ ਆਗੂ ਕੈਲੀਫੋਰਨੀਆ ਦੇ ਸਰਕਾਰੀ ਸਕੂਲਾਂ 'ਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ। ਇਸ ਮੌਕੇ ਜੀ ਐਚ ਜੀ ਅਕਾਡਮੀ ਦੀ ਨਿੱਕੀਆਂ ਬੱਚੀਆਂ ਨੇ ਗਿੱਧਾ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਇਨ੍ਹਾਂ ਬੱਚੀਆਂ ਦੀ ਹੌਸਲਾ ਹਫਜ਼ਾਈ ਸ਼ਾਨ-ਇ-ਪੰਜਾਬ ਸਟੋਰ ਦੇ ਮਾਲਕ ਸ. ਸੁਖਦੇਵ ਸਿੰਘ ਅਤੇ ਨਿਊ ਇੰਡੀਆ ਸਵੀਟਸ ਦੇ ਮਾਲਕ ਸ. ਜਸਵਿੰਦਰ ਸਿੰਘ ਨੇ ਕੀਤੀ।

ਹਰਜੀਤ ਸਿੰਘ ਮਰਸੈਂਡ ਤੇ ਪੱਪੀ ਭਦੌੜ ਨੇ ਆਪਣੇ ਦੇਸ਼ ਭਗਤ ਗੀਤਾਂ ਨਾਲ ਸਮਾਂ ਬੰਨ੍ਹੀਂ ਰੱਖਿਆ। ਵਿਦਿਆਰਥਣ ਸੁਮੀਤ ਕੌਰ ਕਿੰਗਰਾ ਨੇ ਆਪਣੀ ਸੰਖੇਪ ਤਕਰੀਰ ਨਾਲ ਹਾਜ਼ਰੀ ਲਵਾਈ।

ਪੂਰਾ ਹਾਲ ਸਰੋਤਿਆਂ ਨਾਲ ਭਰਿਆ ਪਿਆ ਸੀ। ਸਮਾਗਮ ਦੌਰਾਨ ਗ਼ਦਰ ਲਹਿਰ ਨਾਲ ਸੰਬੰਧਤ ਕ੍ਰਾਂਤੀਕਾਰੀ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪੂਰੇ ਸਮਾਗਮ ਦੌਰਾਨ ਚਾਹ, ਪਕੌੜੇ ਤੇ ਮਿਠਾਈ ਦਾ ਲੰਗਰ ਅਤੁੱਟ ਵਰਤਿਆ। ਫੋਰਮ ਦੇ ਪ੍ਰਧਾਨ ਸ. ਨਵਦੀਪ ਧਾਲੀਵਾਲ ਦੀ ਪ੍ਰਧਾਨਗੀ ਅਤੇ ਮਹਿੰਦਰ ਸਿੰਘ ਢਾਹ ਤੇ ਬਲਦੇਵ ਸਿੰਘ ਧਾਲੀਵਾਲ ਦੀ ਰਹਿਨੁਮਾਈ 'ਚ ਹੋਏ ਇਸ ਸਮਾਗਮ ਨੂੰ ਸਫਲ ਬਣਾਉਣ 'ਚ ਗੁਰਮੀਤ ਗਿੱਲ, ਪਰਮਜੀਤ ਢਿੱਲੋਂ, ਜਗਤਾਰ ਸਿੰਘ ਸੰਧੂ, ਸ਼ਰਨ ਧਾਲੀਵਾਲ, ਬਹਾਦਰ ਸਿੰਘ ਭੰਗਲ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਸਟੇਜ ਦੀ ਕਾਰਵਾਈ ਇੰਦਰਜੀਤ ਚੁਗਾਵਾਂ ਤੇ ਹਰਮਨ ਗਿੱਲ ਨੇ ਨਿਭਾਈ। ਫੋਰਮ ਦੇ ਪ੍ਰਧਾਨ ਸ. ਨਵਦੀਪ ਧਾਲੀਵਾਲ ਨੇ ਇੰਡੀਆ ਵਨ ਮੈਨੇਜਮੈਂਟ ਦਾ ਹਰ ਸਾਲ ਦੀ ਤਰਾਂ ਇਸ ਵਾਰ ਵੀ ਮੁਕੰਮਲ ਸਹਿਯੋਗ ਲਈ ਧੰਨਵਾਦ ਕੀਤਾ।

# ਲਾਹੌਰ ਵਿਖੇ ਸ਼ੁਰੂ ਹੋਈ ਤਿੰਨ ਦਿਨਾਂ ਦੂਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

## ਨਾਮੀ ਫਿਲਮੀ ਕਲਾਕਾਰ, ਵਿਦਵਾਨ, ਲੇਖਕ, ਸੋਸ਼ਲ ਮੀਡੀਆ ਅਤੇ ਪੱਤਰਕਾਰ ਪਹੁੰਚੇ






**ਲਾਹੌਰ, (ਹਰਜਿੰਦਰ ਸਿੰਘ ਬਸਿਆਲਾ)–** ਮਾਤ ਭਾਸ਼ਾ 'ਪੰਜਾਬੀ' ਚਾਹੇ ਉਹ ਚੜ੍ਹਦੇ ਪੰਜਾਬ ਦੀ ਹੋਵੇ ਚਾਹੇ ਉਹ ਲਹਿੰਦੇ ਪੰਜਾਬ ਦੀ ਹੋਵੇ, ਉਸਦੇ ਵਿਚ ਵਿਰਸਾ, ਸਭਿਆਚਾਰ ਅਤੇ ਧਾਰਮਿਕ ਜਥਾਰਥਵਾਦੀ ਖਜ਼ਾਨੇ ਵਾਂਗ ਛੁਪਿਆ ਪਿਆ ਹੈ। ਇਹ ਖਜ਼ਾਨਾ ਪੰਜਾਬੀ ਬੋਲਦੇ ਭਾਈਚਾਰੇ ਲਈ ਕਿੰਨਾ ਕੀਮਤੀ ਹੈ ਅਤੇ ਕਿੰਨਾ ਇਸਨੂੰ ਸੰਭਾਲਣ ਦੀ ਲੋੜ ਹੈ, ਦੇ ਫਿਕਰਮੰਦ ਅਜਿਹੇ ਕਾਰਜ ਕਰਦੇ ਰਹਿੰਦੇ ਹਨ, ਜੋ ਕਿ ਆਉਣ ਵਾਲੀਆਂ ਸਾਡੀਆਂ ਚੁਣੌਤੀਆਂ ਨਾਲ ਦੋ-ਚਾਰ ਹੋਣ ਵਿਚ ਸਹਾਇਤਾ ਕਰਦੇ ਹਨ। ਲਾਹੌਰ ਦੇ ਵਿਚ ਅੱਜ ਇਸੇ ਮਨੋਰਥ ਦੇ ਨਾਲ 'ਦੂਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ' ਦਾ ਆਗਾਜ਼ ਜਿੱਥੇ ਸਥਾਨਕ ਵਿਦਵਾਨਾਂ, ਰਾਜਸੀ ਸਖਸ਼ੀਅਤਾਂ, ਕਲਾਕਾਰਾਂ ਦੇ ਕਦਮਾਂ ਨਾਲ ਸ਼ੁਰੂ ਹੋਇਆ ਉਥੇ ਇਨ੍ਹਾਂ ਕਦਮਾਂ ਨੂੰ ਕਾਫਲੇ ਦਾ ਰੂਪ ਦੇਣ ਦੇ ਲਈ ਚੜ੍ਹਦੇਂ ਪੰਜਾਬ ਤੋਂ ਮਾਣਮੱਤੀਆਂ ਸਖਸ਼ੀਅਤਾਂ ਵੀ ਦੇਸ਼ ਦੀਆਂ ਸਰਹੱਦਾਂ ਪਾਰ ਕਰਕੇ ਪਹੁੰਚੀਆਂ। ਪ੍ਰਸਿੱਧ ਸ਼ਾਇਰ ਅਫ਼ਜਲ ਸਾਹਿਰ ਨੇ ਸਟੇਜ ਸੰਚਾਲਨ ਕਰਦਿਆਂ ਪੰਜਾਬੀ ਭਾਸ਼ਾ ਦੇ ਮੋਤੀਆਂ ਜੜੇ ਸ਼ੇਅਰ ਪੇਸ਼ ਕਰਦਿਆਂ ਪੰਜਾਬੀਆਂ ਦੀ ਗੱਲ ਅੱਗੇ ਤੋਰੀ।

ਇਸ ਕਾਨਫਰੰਸ ਦੇ ਕਰਤਾ ਅਹਿਮਦ ਰਜਾ ਨੇ ਸਵਾਗਤੀ ਭਾਸ਼ਣ ਕਰਦਿਆਂ ਕਿਹਾ ਕਿ 'ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ ਸਦਾ ਖੈਰ ਪੰਜਾਬੀ ਦੀ ਮੰਗਦਾਂ ਹਾਂ।'' ਦਾ ਅਹਿਸਾਸ ਤਾਂ ਅੰਦਰ ਵਸਦਾ ਹੈ, ਪਰ ਅਸੀਂ ਪੰਜਾਬੀ ਵਾਸਤੇ ਕੀ ਕਰ ਰਹੇ ਹਾਂ। ਉਨ੍ਹਾਂ ਕਿਹਾ ਜਿਸ ਕੌਮ ਕੋਲ ਕੋਈ ਸੁਰਤ ਨਾ ਰਹੇ ਤਾਂ ਮਾਤ ਭਾਸ਼ਾ ਅਤੇ ਵਿਰਸਾ ਦਾ ਵਿਸਰ ਹੀ ਜਾਵੇਗਾ। ਉਨ੍ਹਾਂ ਕਿਹਾ ਜੇਕਰ ਅਸੀਂ ਆਪਣੇ ਉਦਮ ਦੀ ਗੱਲ ਕਰੀਏ ਤਾਂ ਅਜਿਹੇ ਕਾਰਜਾਂ ਵਾਸਤੇ ਸਿਰਫ ਪਿਲਾਕ ਹੀ ਹੈ, ਜੋ ਸਾਨੂੰ ਹੱਲਾਸ਼ੇਰੀ ਦੇ ਰਹੀ ਹੈ। ਲੋਕ ਤਾਂ ਅੱਜ ਇਹ ਕਹਿੰਦੇ ਹਨ ਕਿ 'ਪੰਜਾਬੀ ਦਾ ਕਰਨਾ ਕੀ ਹੈ', ਇਹ ਅਸੀਂ ਸੋਚਣਾ ਹੈ ਕਿ ਅਸੀਂ ਪੰਜਾਬੀ ਦਾ ਕੀ ਕਰਨਾ ਹੈ, ਪੰਜਾਬੀ ਨੂੰ ਕਿਸ ਕਦਰ ਸਾਂਭਣਾ ਹੈ। ਉਨ੍ਹਾਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਸ਼ਾਇਰ ਅਫ਼ਜਲ ਸਾਹਿਰ ਸਕੂਲਾਂ ਦੇ ਵਿਚ ਬਾਬਾ ਫਰੀਦ, ਬੁੱਲੇ ਸ਼ਾਹ, ਬਾਬਾ ਨਾਨਕ ਆਦਿ ਕਿਉਂ ਨਹੀਂ ਪੜ੍ਹਾਇਆ ਜਾਂਦਾ, ਸਾਨੂੰ ਸੋਚਣ ਦੀ ਲੋੜ ਹੈ। ਪਿਲਾਕ ਸੰਸਥਾ ਦੀ ਮੁਖੀ ਬਿਨੇਸ਼ ਫਾਤਿਮਾ ਹੋਰਾਂ ਨੇ ਸੰਬੋਧਨ ਹੁੰਦਿਆ ਕਿਹਾ ਕਿ ਆਏ ਸਾਰਿਆਂ ਨੂੰ ਖੁਸ਼ਆਮਦੀਦ ਆਖਿਆ। ਉਨ੍ਹਾਂ ਕਿਹਾ ਜਿਸ ਜਗ੍ਹਾ ਤੁਸੀਂ ਬੈਠੇ ਹੋ, ਉਹ ਪੰਜਾਬੀ ਕੰਪਲੈਕਸ ਹੈ ਉਹ ਪੰਜਾਬੀ ਦਾ ਘਰ ਹੈ।

ਇਸ ਤੋਂ ਬਾਅਦ ਅਮਰੀਕਾ ਤੋਂ ਪਹੁੰਚੇ ਸ੍ਰੀ ਅਸ਼ੋਕ ਭੌਰਾ ਜੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬੀ ਦਾ ਝੰਡਾ ਬੁਲੰਦ ਰਹੇਗਾ। ਇਹ ਹਜ਼ਾਰਾਂ ਸਾਲਾਂ ਦੀ ਪੁਰਾਣੀ ਬੋਲੀ ਹੈ। ਭੌਰਾ ਹੋਰਾਂ ਨੇ ਕਿਹਾ ਕਿ ਅੱਜ ਪੰਜਾਬ ਇਨ੍ਹਾਂ ਦੋਹਾਂ ਦੇਸ਼ਾਂ ਦੇ ਵਿਚ ਨਹੀਂ ਅੱਜ ਪੰਜਾਬ ਹਰ ਪ੍ਰਮੁੱਖ ਦੇਸ਼ ਦੇ ਵਿਚ ਵਸਦਾ ਹੈ। ਉਨ੍ਹਾਂ ਚੰਦ ਸ਼ਬਦਾਂ ਦੇ ਨਾਲ ਕੁੱਜੇ ਵਿਚ ਸਮੁੰਦਰ ਭਰਿਆ। ਫਿਲਮੀ ਕਲਾਕਾਰ ਗੁਰਪ੍ਰੀਤ ਕੌਰ ਭੰਗੂ ਨੇ ਕਿਹਾ ਕਿ ਬਹੁਤ ਦੇਰ ਤੋਂ ਅਸੀਂ ਇਕੱਠੇ ਹੋਣੇ ਲੋਚਦੇ ਸੀ, ਅੱਜ ਇਕੱਠੇ ਹੋ ਕੇ ਇੰਝ ਲਗਦਾ ਹੈ ਜਿਵੇਂ ਦਹਾਕਿਆਂ ਪੁਰਾਣੇ ਪੰਜਾਬ ਵਿਚ ਪਹੁੰਚ ਗਏ ਹਾਂ। ਤੁਹਾਡਾ ਮਿਲਿਆ ਸਤਿਕਾਰ ਅਤੇ ਗਲਵੱਕੜੀ ਹਮੇਸ਼ਾਂ ਸਾਡੇ ਨਾਲ ਰਹੇਗੀ।

ਪ੍ਰਸਿੱਧ ਸੂਫੀ ਗਾਇਕ ਸਾਂਈ ਜ਼ਹੂਰ ਨੇ ਕਮਾਲ ਦਾ ਸੂਫੀ ਰੰਗ ਬੰਨ੍ਹਿਆ ਉਨ੍ਹਾਂ ਆਪਣੇ ਮਸ਼ਹੂਰ ਗੀਤ ਤੂੰਬੇ ਉਤੇ ਗਾ ਕੇ ਬਹਿਜਾ ਬਹਿਜਾ ਕਰਵਾ ਦਿੱਤੀ। ਉਨ੍ਹਾਂ ਦੋਹਾਂ ਮੁਲਕਾਂ ਅਤੇ ਸਭਿਆਚਾਰਕ ਸਾਂਝਾ ਦਾ ਹੋਕਾ ਦਿੱਤਾ।

ਪਾਕਿਸਤਾਨੀ ਮੁੰਡਿਆ ਦਾ ਭੰਗੜਾ ਵੀ ਕਮਾਲ ਕਰ ਗਿਆ। 'ਸਾਂਝਾ ਹੈ ਪੰਜਾਬ ਸਾਡਾ ਸਾਂਝਾ ਹੈ ਪੰਜਾਬ, ਰਹੇ ਵਸਦਾ ਪੰਜਾਬ ਰਹੇ ਵਸਦਾ ਪੰਜਾਬ।'' ਕੁੜੀਆਂ ਦਾ ਗਿੱਧਾ ਤਾਂ ਅੱਤ ਹੀ ਕਰਾ ਗਿਆ। 'ਨੀ ਮੈਂ ਨੱਚਾ ਨੱਚਾ' ਅਤੇ ਹੋਰ ਬੋਲੀਆਂ ਪਾ ਕੇ ਸਟੇਜ ਹਿਲਾ ਕੇ ਰੱਖ ਦਿੱਤੀ। ਚਰਖੇ ਵਾਲੀਆਂ ਬੋਲੀਆਂ ਨੇ ਆਏ ਸਾਰੇ ਮਹਿਮਾਨਾਂ ਦੀ ਤਾੜੀਆਂ ਲੁੱਟ ਲਈਆਂ। ਵਿਚਾਰ ਚਰਚਾਵਾਂ ਦੇ ਵਿਚ ਪਹਿਲਾਂ 'ਪੰਜਾਬੀਆਂ ਦੀ ਕੌਮੀ ਤੇ ਸਿਆਸੀ ਚੇਤਨਾ' ਦੇ ਵਿਸ਼ੇ ਉਤੇ, 'ਨਵੀਂ ਟੈਕਨਾਲੋਜੀ ਦਾ ਪਸਾਰ ਤੇ ਪੰਜਾਬੀ ਜ਼ੁਬਾਨ' ਅਤੇ ਮਾਂ ਬੋਲੀ ਰਾਹੀਂ ਸਿੱਖਿਆ ਦੇ ਵਿਸ਼ੇ ਉਤੇ ਗੱਲਬਾਤ ਹੋਈ। ਮਾਂ ਬੋਲੀ ਦੇ ਵਿਸ਼ੇ ਉਤੇ ਪੰਜਾਬ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਸ. ਜਸਵੰਤ ਸਿੰਘ ਜਫਰ ਹੋਰਾਂ ਬਾ ਕਮਾਲ ਉਦਾਹਰਣਾਂ ਦੇ ਕੇ ਸਿੱਧ ਕਰ ਦਿੱਤਾ ਕਿ ਜੇਕਰ ਕੋਈ ਵੱਡੀਆਂ ਖੋਜਾਂ ਹੋਈਆਂ ਹਨ ਤਾਂ ਉਹ ਉਨ੍ਹਾਂ ਖੋਜੀਆਂ ਦੀਆਂ ਮਾਂ ਬੋਲੀ ਦੇ ਵਿਚ ਹੀ ਹੋਈਆਂ ਹਨ। ਖੋਜੀਕਾਰਾਂ ਨੇ ਦੂਸਰੀ ਜ਼ੁਬਾਨ ਪੜ੍ਹ ਕੇ ਪੜ੍ਹਾਈ ਨਹੀਂ ਕੀਤੀ ਸਗੋਂ ਆਪਣੀ ਜ਼ੁਬਾਨ ਵਿਚ ਹੀ ਕੀਤੀ ਹੈ। ਇਸ ਤੋਂ ਬਾਅਦ 'ਪੰਜਾਬੀ ਸੁਆਣੀ ਅਤੇ ਨਾਬਰੀ ਦੀ ਰੀਤ' ਵਿਸ਼ੇ ਉਤੇ ਡੂੰਘੀ ਵਿਚਾਰ ਚਰਚਾ ਕੀਤੀ ਜਿਸ ਦੇ ਵਿਚ ਡਾ. ਸ਼ਬਨਮ ਇਸ਼ਾਕ, ਗੁਰਚਰਨ ਕੌਰ, ਸ਼ਮਸ਼ਾ ਹੁਸੈਨ ਅਚੇ ਰੂਬੀਨਾ ਜਾਮੀਲ ਹੋਰਾਂ ਨੇ ਹਿੱਸਾ ਲਿਆ। ਬਹੁਤ ਹੀ ਸੁੰਦਰ ਨਾਟਕ ਜੋ 1947 ਦੀ ਵੰਡ ਨੂੰ ਵਿਖਾ ਗਿਆ, ਖੇਡਿਆ ਗਿਆ। ਪ੍ਰੋਗਰਾਮ ਦੇ ਸਭਿਆਚਾਰਕ ਰੰਗ ਵਿਚ ਐਸ। ਅਸ਼ੋਕ ਭੌਰਾ ਦਾ ਲਿਖਿਆ ਗੀਤ 'ਚੌਲਾਂ ਦੀ ਬੁਰਕੀ' ਜੋ ਪਾਕਿਸਤਾਨ ਦੀ ਗਾਇਕਾ ਫਲਕ ਇਜਾਜ ਨੇ ਗਾਇਆ ਹੈ ਰਿਲੀਜ਼ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬੀ ਗਾਇਕ ਸੱਤੀ ਪਾਬਲ ਨੇ ਬਾਬੂ ਰਜਬ ਅਲੀ ਦੀ ਰਚਨਾ, ਬੋਲੀਆਂ ਤੇ ਅਰਜਨ ਵੈਲੀ ਨੇ ਗੀਤ ਗਾ ਕੇ ਖੂਬ ਰੰਗ ਬੰਨ੍ਹਿਆ।

ਚੜ੍ਹਦੇ ਪੰਜਾਬ ਤੋਂ ਪਹੁੰਚਣ ਵਾਲਿਆਂ ਵਿਚ ਸ. ਜਸਵੰਤ ਸਿੰਘ ਜਫਰ, ਡਾਇਰੈਕਟਰ ਭਾਸ਼ਾ ਵਿਭਾਗ, ਸ. ਮਲਕੀਤ ਸਿੰਘ ਰੌਣੀ, ਸ੍ਰੀਮਤੀ ਗੁਰਪ੍ਰੀਤ ਕੌਰ ਭੰਗੂ, ਸ੍ਰੀਮਤੀ ਗੁਰਚਰਨ ਕੌਰ, ਸ. ਸੁਖਵਿੰਦਰ ਸਿੰਘ ਥਿੰਦ, ਸ੍ਰੀ ਅਸ਼ੋਕ ਭੌਰਾ, ਸ. ਹਰਦੇਵ ਸਿੰਘ ਕਾਹਮਾ, ਸ. ਸਤਵੀਰ ਸਿੰਘ ਪੱਲੀਝਿੱਕੀ, ਸ. ਤਰਸੇਮ ਸਿੰਘ ਭਿੰਡਰ, ਸ. ਸਵਰਨ ਸਿੰਘ ਟਹਿਣਾ, ਮੈਡਮ ਹਰਮਨ ਥਿੰਦ, ਗੁਰਪ੍ਰੀਤ ਆਰਟਿਸਟ, ਪੱਤਰਕਾਰ ਗੁਰਪ੍ਰੇਮ ਲਹਿਰੀ, ਸ. ਸੁਖਨੈਬ ਸਿੱਧੂ ਪੱਤਰਕਾਰ, ਸ. ਕਲਿਆਣ ਸਿੰਘ, ਗਾਇਕ ਬੀਰ ਸਿੰਘ, ਅਮਰੀਕਾ ਤੋਂ ਸ਼ਾਇਰਾ ਮਨਜੀਤ ਕੌਰ ਗਿੱਲ, ਸਵ. ਸ. ਜਗਦੇਵ ਸਿੰਘ ਜੱਸੋਵਾਲ ਦੀ ਭਤੀਜੀ ਸ੍ਰੀਮਤੀ ਮਨਜੀਤ ਕੌਰ ਨਾਗਰਾ, ਲੋਕ ਗਾਇਕ ਸੱਤੀ ਪਾਬਲਾ, ਸ੍ਰੀਮਤੀ ਰਾਜਵੰਤ ਕੌਰ, ਸ੍ਰੀਮਤੀ ਕਸ਼ਮੀਰ ਕੌਰ ਭੌਰਾ, ਸ। ਮਨਜੀਤ ਸਿੰਘ ਝਿਕਾ-ਸ੍ਰੀਮਤੀ ਹਰਜਿੰਦਰ ਕੌਰ, ਸ. ਜਸਪਾਲ ਸਿੰਘ, ਸ. ਜਰਨੈਲ ਸਿੰਘ ਪੱਲੀ ਝਿੱਕੀ, ਸ. ਜਰਨੈਲ ਸਿੰਘ ਬਣਬੈਤ, ਸ। ਬਲਜਿੰਦਰ ਸਿੰਘ, ਸ੍ਰੀਮਤੀ ਕਸ਼ਮੀਰ ਕੌਰ ਭੌਰਾ ਵੀ ਪਹੁੰਚੇ।

# ਕੌਮਾਂਤਰੀ ਬਾਲ ਲੇਖਕ ਕਾਨਫਰੰਸ ਵਿੱਚ ਹੁਸ਼ਿਆਰਪੁਰ ਦੇ 21 ਵਿਦਿਆਰਥੀਆਂ ਨੇ ਭਾਗ ਲਿਆ- ਬਲਜਿੰਦਰ ਮਾਨ

**ਮਾਹਿਲਪੁਰ (ਮਾਨ)–** ਪੰਜਾਬ ਭਵਨ ਸਰੀ ਅਤੇ ਨਵੀਆਂ ਕਲਮਾਂ ਨਵੀਂ ਉਡਾਣ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਦੁਆਰਾ ਅਕਾਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਜ਼ਿਲਾ ਸੰਗਰੂਰ ਵਿੱਚ ਆਯੋਜਿਤ ਕੀਤੀ ਗਈ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਵਿਚ ਜ਼ਿਲਾ ਹੁਸ਼ਿਆਰਪੁਰ ਦੇ 21 ਪੁੰਗਰਦੇ ਸਾਹਿਤਕਾਰਾਂ ਨੇ ਭਾਗ ਲਿਆ। ਇਹ ਜਾਣਕਾਰੀ ਦਿੰਦਿਆਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਅਤੇ ਉੱਘੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਦੱਸਿਆ ਕਿ ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਆਯੋਜਿਤ ਕੀਤੇ ਗਏ ਇੱਸ ਵਿਸ਼ਾਲ ਸਮਾਰੋਹ ਵਿੱਚ ਪੂਰੇ ਵਿਸ਼ਵ ਵਿੱਚੋਂ 800 ਤੋਂ ਵੱਧ ਵਿਦਿਆਰਥੀਆਂ 200 ਅਧਿਆਪਕਾਂ ਅਤੇ 25 ਦੇ ਕਰੀਬ ਬਾਲ ਸਾਹਿਤ ਲੇਖਕਾਂ ਨੇ ਭਾਗ ਲਿਆ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਦੀ ਅਗਵਾਈ ਹੇਠ ਆਯੋਜਿਤ ਕੀਤੀ ਇਸ ਵਿਸ਼ਾਲ ਬਾਲ ਲੇਖਕ ਕਾਨਫਰੰਸ ਵਿਚ ਜ਼ਿਲਾ ਹੁਸ਼ਿਆਰਪੁਰ ਦੇ 21 ਵਿਦਿਆਰਥੀ ਮੁੱਖ ਸੰਪਾਦਕ ਪ੍ਰਦੀਪ ਸਿੰਘ ਮੌਜੀ, ਕੇਵਲ ਕੌਰ, ਸਤ ਪ੍ਰਕਾਸ਼, ਗੀਤਾਂਜਲੀ, ਨਿਤਨ ਸੁਮਨ ਅਤੇ ਮੈਡਮ ਪ੍ਰੋਮਿਲਾ ਦੀ ਅਗਵਾਈ ਹੇਠ ਪੁੱਜੇ। ਇਹਨਾਂ ਵਿਦਿਆਰਥੀਆਂ ਨੇ ਇਸ ਕਾਨਫਰੰਸ ਵਿੱਚ ਆਯੋਜਿਤ ਕੀਤੇ ਮੁਕਾਬਲਿਆਂ ਵਿੱਚ ਆਪਣੀਆਂ ਕਲਮਾਂ ਨਾਲ ਸ਼ਾਨਦਾਰ ਜੌਹਰ ਵਿਖਾਏ। ਇਸ ਕਾਨਫਰੰਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਮੁੱਖ ਮਹਿਮਾਨ ਤੋਂ ਲੈ ਕੇ ਸਟੇਜ ਸੰਚਾਲਨ ਤੱਕ ਦਾ ਕਾਰਜ ਵਿਦਿਆਰਥੀ ਹੀ ਕਰਦੇ ਵੇਖੇ ਗਏ। ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਵਰਗ ਵਾਸਤੇ ਤਿੰਨ ਪੰਡਾਲ ਲਗਾਏ ਗਏ । ਮੁੱਖ ਪੰਡਾਲ ਵਿੱਚ ਉੱਘੀ ਅਦਾਕਾਰਾ ਬਲਜੀਤ ਸ਼ਰਮਾ ਨੇ ਰਸੀਲੀ ਭਾਸ਼ਾ ਵਿੱਚ ਸਟੇਜ ਸੰਚਾਲਨ ਕਰਦਿਆਂ ਬੱਚਿਆਂ ਦੀ ਅਗਵਾਈ ਕੀਤੀ। 27 ਬਾਲ ਲੇਖਕਾਂ ਨੂੰ ਸਰਦਾਰ ਅਰਜਨ ਸਿੰਘ ਬਾਠ ਯਾਦਗਾਰੀ ਸ਼੍ਰੋਮਣੀ ਬਾਲ ਲੇਖਕ ਅਵਾਰਡਾਂ ਵਿੱਚ ਪਹਿਲੀ ਥਾਂ ਵਾਲਿਆਂ ਨੂੰ 11 ਹਜ਼ਾਰ, ਦੂਜੀ ਨੂੰ 7100 ਅਤੇ ਤੀਸਰੀ ਨੂੰ 5100 ਦੇ ਨਗਦ ਪੁਰਸਕਾਰ ਦਿੱਤੇ ਗਏ। ਇੱਕ ਦਰਜਨ ਦੇ ਕਰੀਬ ਬਾਲ ਸਾਹਿਤ ਲੇਖਕਾਂ ਦੁਆਰਾ ਰਚੀਆਂ ਪੁਸਤਕਾਂ ਦਾ ਵਿਮੋਚਨ ਵੀ ਕੀਤਾ ਗਿਆ। ਕੈਂਸਰ ਰੋਕੋ ਮਿਸ਼ਨ ਦੇ ਅੰਬੈਸਡਰ ਕੁਲਵੰਤ ਸਿੰਘ ਧਾਲੀਵਾਲ ਉਚੇਚੇ ਤੌਰ ਤੇ ਹਾਜ਼ਰ ਹੋਏ। ਸੁੱਖੀ ਬਾਠ ਨੇ ਸਭ ਦੇ ਸਹਿਯੋਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦਾ ਇਹ ਪ੍ਰੋਜੈਕਟ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤਾ ਵਾਸਤੇ ਆਪ ਸਭ ਦੇ ਸਹਿਯੋਗ ਨਾਲ ਜਾਰੀ ਰਹੇਗਾ। ਇਹਨਾਂ ਵਿਦਿਆਰਥੀਆਂ ਕੋਲ ਸੁਰਜੀਤ ਪਾਤਰ ਅਤੇ ਅੰਮ੍ਰਿਤਾ ਪ੍ਰੀਤਮ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਹਨ।




ਇਸ ਕੌਮਾਂਤਰੀ ਕਾਨਫਰੰਸ ਦੇ ਮੁਕਾਬਲਿਆਂ ਵਿੱਚ ਜੱਜ ਵਜੋਂ ਯੋਗਦਾਨ ਪਾਉਣ ਲਈ ਬਲਜਿੰਦਰ ਮਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਉਹਨਾਂ ਨਾਲ ਕਰੂੰਬਲਾਂ ਨਿਊਜ਼ ਦੇ ਸੰਪਾਦਕ ਹਰਵੀਰ ਮਾਨ ਨੇ ਵੀ ਸਹਿਯੋਗੀ ਭੂਮਿਕਾ ਅਦਾ ਕੀਤੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਵੱਲੋਂ ਫ਼ਿਜ਼ਾ ਨੂੰ ਸੁਗੰਧੀਆਂ ਵੰਡਦਾ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ

ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਆਪਣੀ ਨਿਰੰਤਰ ਚਾਲ ਨੂੰ ਕਾਇਮ ਰੱਖਦਿਆਂ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਨਵੰਬਰ ਮਹੀਨੇ ਕੋਰੀਏਂਡਰ ਇੰਡੀਅਨ ਕੱਰੀ ਹਾਊਸ, 20934, 108th AVE SE Kent WA 98031 ਸਿਆਟਲ ਵਿੱਚ ਸਾਹਿਤਕ ਸਨਮਾਨ ਸਮਾਰੋਹ ਕੀਤਾ ਗਿਆ।ਜਿਸ ਵਿੱਚ 1987 ਤੋਂ ਅਮਰੀਕਾ ਵਿੱਚ ਵੱਸ ਰਹੀ ਵਿਗਿਆਨੀ, ਅੱਜ ਕੱਲ ਐਫ.ਡੀ.ਏ ਨਾਲ ਰਲ ਕੇ ਸਮਾਜ ਨੂੰ ਸੇਵਾਵਾਂ ਦੇ ਰਹੀ ਸਭਾ ਦੀ ਸਤਿਕਾਰਿਤ ਸ਼ਖਸ਼ੀਅਤ ਸਾਹਿਤਕਾਰਾ ਡਾ. ਜਸਬੀਰ ਕੌਰ ਦਾ ਸਨਮਾਨ ਕੀਤਾ ਗਿਆ!

ਅਟੱਲ ਸਚਾਈਆਂ ਅਤੇ ਜ਼ਿੰਦਗੀ ਨੂੰ ਖੁਸ਼ੀਆਂ ਭਰਪੂਰ ਬਣਾਉਣ ਦੇ ਵਿਦਵਾਨਾਂ ਵੱਲੋਂ ਪੇਸ਼ ਵਿਚਾਰਾਂ ਨੂੰ ਸਾਂਝੇ ਕਰਦਿਆਂ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ 'ਤੇ ਉਹਨਾਂ ਦਾ ਅਦਬੀ-ਸਤਿਕਾਰ, ਗੀਤਾਂ ਵਰਗੇ ਸ਼ਬਦਾਂ ਨਾਲ ਕੀਤਾ! ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਅੱਜ ਦੀ ਸਨਮਾਨਿਤ ਸ਼ਖਸ਼ੀਅਤ ਦੀ ਜਾਣ ਪਹਿਚਾਣ ਕਰਵਾਈ! ਅੱਜ ਦੇ ਸਮਾਗਮ ਵਿੱਚ ਹਾਜ਼ਰ ਕਵੀਆਂ ਅਤੇ ਸਾਹਿਤਕਾਰਾਂ ਵੱਲੋਂ ਡਾ. ਜਸਬੀਰ ਕੌਰ ਨੂੰ ਮੁਬਾਰਕਾਂ ਦਿੱਤੀਆਂ ਗਈਆਂ! 'ਮਾਂ ਬੋਲੀ ਜੇ ਭੁੱਲ ਜਾਓਗੇ ਤਾਂ ਕੱਖਾਂ ਵਾਂਗੂੰ ਰੁਲ ਜਾਓਗੇ' ਸਚਾਈ 'ਤੇ, ਸਮਰਪਿਤ ਦੀ ਭਾਵਨਾ ਨਾਲ ਪਹਿਰਾ ਦੇਣ ਵਾਲੀ ਅਤੇ ਮਾਂ ਬੋਲੀ ਪੰਜਾਬੀ ਨੂੰ ਆਪਣੇ ਮਨ ਦਾ ਅਨਮੋਲ ਗਹਿਣਾ ਬਣਾਕੇ ਰੱਖ ਰਹੀ ਇਸ ਕਵਿੱਤਰੀ ਦੇ ਸਨਮਾਨ ਸਮਾਰੋਹ ਤੇ ਵਿਸ਼ੇਸ਼ ਤੌਰ ਤੇ ਆਈਆਂ ਸ਼ੁਭਚਿੰਤਕਾਂ,ਬੀਬੀ ਕਿਰਨਜੀਤ ਕੌਰ ਸੋਹਲ ਅਤੇ ਸਿਮਰਨ ਕੌਰ ਨੇ ਆਪਣੇ ਜਜ਼ਬਾਤ ਸਾਂਝੇ ਕੀਤੇ। ਲੰਬੇ ਸਮੇਂ ਤੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਨਾਲ ਆਪਣੀ




ਸਾਂਝ ਬਾਰੇ, ਮਾਂ ਬੋਲੀ ਪੰਜਾਬੀ ਦੀ ਪ੍ਰਫੁਲਤਾ ਲਈ ਕੀਤੇ ਯਤਨਾਂ ਬਾਰੇ, ਆਪਣੀ ਜ਼ਿੰਦਗੀ ਦੇ ਸਾਹਿਤਕ, ਸਮਾਜਿਕ, ਸਫਰ ਬਾਰੇ ਉਹਨਾਂ ਨੇ ਜ਼ਿਕਰ ਕੀਤਾ। ਡਾ: ਜਸਬੀਰ ਕੌਰ ਵੱਲੋਂ ਦੋ ਨਜ਼ਮਾਂ ਇਕ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਦੂਸਰੀ ਆਸ਼ਿਆਨਾ ਪੇਸ਼ ਕੀਤੀਆਂ। ਸਭਾ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਕਵੀ ਦਰਬਾਰ ਵਿੱਚ ਪੇਸ਼ ਕੀਤੇ ਗਏ ਕਾਵਿ ਵਿੱਚ ਸੋਨੇ ਤੇ ਸੁਹਾਗਾ, ਉਰਦੂ ਦੀ ਮਿਠਾਸ ਦਾ ਹਾਜ਼ਰ ਹੋਣਾ ਸੀ! ਨਵੀਨ ਰਾਏ ਨੇ ਉਰਦੂ 'ਚ ਲਿਖੀ ਕਵਿਤਾ ਤੁਮ ਚੁੱਪ ਰਹੋ ਮੈਂ ਬਾਤ ਕਰੂੰ... ਨਾਲ ਸਮਾਗਮ ਦਾ ਆਗਾਜ਼ ਕੀਤਾ ਅਤੇ ਸਿਆਟਲ ਵਿੱਚ ਵੱਸਦੇ ਉਰਦੂ ਦੇ ਨਾਮਵਰ ਨਗਮਾਨਿਗਾਰ ਅਤੇ ਸਮਾਜ ਸੇਵੀ ਸ਼ਾਹ ਨਿਵਾਜ਼ ਨੇ ਆਪਣੀ ਹਾਜ਼ਰੀ ਉਰਦੂ ਦੇ ਉਚਕੋਟੀ ਦੇ ਸ਼ਾਇਰ 'ਮੁਨੀਰ ਨਿਆਜ਼ੀ ' ਦੀ ਇਕ ਨਜ਼ਮ: 'ਕੁਝ ਸ਼ੌਕ ਸੀ ਯਾਰ ਫਕੀਰੀ ਦਾ, ਕੁੱਝ ਇਸ਼ਕ ਨੇ ਦਰ ਦਰ ਰੋਲ ਦਿੱਤਾ' ਨਾਲ ਲਵਾਈ! ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਵੱਲੋਂ ਭੈਣ ਭਰਾ ਦੇ ਰਿਸ਼ਤਿਆਂ ਤੇ ਮੋਹਰ ਲਗਾਈ ਗਈ: ਇਸ ਗੀਤ ਨਾਲ, 'ਮੇਰੇ ਵੀਰ ਦਾ ਹੀ ਆਉਂਦਾ ਪਹਿਲਾ ਨਾਂ ...' ਸਭਾ ਦੇ ਬਾਨੀ ਮੈਂਬਰਾਂ ਵਿੱਚੋਂ ਇਕ ਅਵਤਾਰ ਸਿੰਘ ਆਦਮਪੁਰੀ ਜੀ ਨੇ 'ਗੁਰੂ ਨਾਨਕ ਤੇਰੇ ਦਰ ਤੇ ਜੋ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ...' ਮਿਠਾਸ ਭਰੇ ਬੋਲਾਂ ਨਾਲ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕੀਤਾ! ਰਣਜੀਤ ਸਿੰਘ ਮੱਲ੍ਹੀ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਜੀਵਨ-ਜਾਂਚ ਸਿਖਾਉਣ ਵਾਲੇ ਅਨੇਕਾਂ ਨੁਕਤਿਆਂ ਦੀ ਵਿਆਖਿਆ ਕੀਤੀ। ਨੌਜਵਾਨ ਸ਼ਾਇਰ ਬਲਜਿੰਦਰ ਸਿੰਘ ਨੇ ਆਪਣੀ ਕਵਿਤਾ 'ਮਾਰ ਜੰਦਰੇ ਘਰਾਂ ਨੂੰ ਤੁਰ ਆਏ, ਸੁੰਨੇ ਕਰ ਆਏ ਆਪਣੇ ਗਿਰਾਂ ਬੇਲੀ ' ਰਾਹੀਂ ਸਾਰੇ ਸਰੋਤਿਆਂ ਨੂੰ ਅਤੀਤ ਦੇ ਸਨਮੁੱਖ ਖੜ੍ਹਾ ਕਰ ਦਿੱਤਾ। ਹਿੰਦੀ ਭਾਸ਼ਾ ਵਿੱਚ ਆਏ ਮਹੀਨੇ ਕਵੀ ਦਰਬਾਰ ਕਰਵਾਉਣ ਵਾਲੇ ਸ਼ਾਇਰ ਰਾਹੁਲ ਉਪਾਧਿਆਏ ਨੇ ਆਪਣੀ ਨਜ਼ਮ ਸੁਣਾਉਂਦਿਆਂ ਸਿੱਧ ਕੀਤਾ 'ਜੋ ਜੜੋਂ ਸੇ ਜੁੜਾ ਹੈ ਵੋ ਅਬ ਵੀ ਖੜ੍ਹਾ ਹੈ।' ਮਾਂ ਬੋਲੀ ਪੰਜਾਬੀ ਦੇ ਨਿਕਾਸ ਵਿਕਾਸ ਅਤੇ ਸਫਰ ਦੀ ਜਾਣਕਾਰੀ ਗੀਤ ਰਾਹੀਂ ਦਿੰਦਿਆਂ ਮਲਕੀਤ ਸਿੰਘ ਗਿੱਲ ਨੇ 'ਕਦਰ ਨਾ ਕਰਨੀ ਭੁਲਿ , ਮਾਂ ਬੋਲੀ ਪੰਜਾਬੀ ਦੀ' ਸੰਨੇਹਾ ਲੈਅਬੱਧ ਗੀਤ ਰਾਹੀਂ ਦਿੱਤਾ। ਜਿੱਥੇ ਜਗੀਰ ਸਿੰਘ ਨੇ ਆਪਣੇ ਗੀਤ ਦੇ ਬੋਲਾਂ ਵਿੱਚ 'ਗੱਲ ਹੈ ਇਕ ਨੁਕਤੇ ਬਿੰਦੂ ਦੀ।।।' ਪਹਿਲੀ ਪਾਤਸ਼ਾਹੀ ਗੁਰੂ ਨਾਂਨਕ ਦੇਵ ਜੀ ਦੀਆਂ ਸਿੱਖਿਆਵਾਂ ਵੱਲ ਇਸ਼ਾਰਾ ਕੀਤਾ ਉਥੇ ਦਵਿੰਦਰ ਸਿੰਘ ਹੀਰਾ ਨੇ ਆਪਣੀ ਬੁਲੰਦ ਆਵਾਜ਼ ਵਿੱਚ 'ਰੂਪ ਰੱਬ ਦਾ ਆ ਗਿਆ, ਤ੍ਰਿਪਤਾ ਦਾ ਬਣ ਫਰਜ਼ੰਦ ਜੀ,' ਗੀਤ ਰਾਹੀਂ ਗੁਰੂ ਜੀ ਨੂੰ ਅਕੀਦਤ ਪੇਸ਼ ਕੀਤੀ। ਵਿਅੰਗਕਾਰ ਮੰਗਤ ਕੁਲਜਿੰਦ ਨੇ ਆਪਣੇ ਹਾਸ ਵਿਅੰਗ ਅੰਦਾਜ਼ ਨੂੰ ਕਾਇਮ ਰੱਖਦਿਆਂ ਕੁਝ ਕਾਵਿ-ਹਾਸ ਪੇਸ਼ ਕੀਤੇ ਅਤੇ ਗੀਤ 'ਕੁੱਕਰ ਨੂੰ ਪੁੱਛੇ ਕੜਾਹੀ, ਭਾਣਾ ਕੀ ਵਰਤ ਗਿਆ' ਮਾਡਰਨ ਰਸੋਈ ਦੀ ਚਿੱਤਰਕਾਰੀ ਕੀਤੀ। 'ਦਰਦੇ ਦਿਲ ਤੁਸੀਂ ਕਿਸ ਨੂੰ ਸੁਣਾ ਗੇ,ਮਿੱਤਰਾ ਫਰੇਬ ਦਾ ਹਰ ਦਿਲ ਦੀਵਾਨਾ ਹੋ ਗਿਆ',ਕਵਿਤਾ ਵਿੱਚ ਮਿੱਤਰਪਾਲ ਸਿੰਘ ਜੀ ਨੇ ਸਮਾਜ ਦਾ ਸੱਚ ਬਿਆਨ ਕੀਤਾ। ਹਰਜਿੰਦਰ ਸੰਧ-ਾਵਾਲੀਆ ਨੇ ਪੰਜਾਬ ਦੀਆਂ ਸੰਸਥਾਵਾਂ ਵਿੱਚ ਪੰਜਾਬੀ ਬੋਲੀ ਨਾਲ ਕੀਤੇ ਜਾ ਰਹੇ ਵਿਤਕਰੇ ਵੱਲ ਇਸ਼ਾਰਾ ਕੀਤਾ। ਬਠਿੰਡਾ (ਪੰਜਾਬ) ਤੋਂ ਨਿਕਲਦੇ ਹਾਸ ਵਿਅੰਗ ਦੇ ਤਿਮਾਹੀ ਮੈਗਜ਼ੀਨ 'ਸ਼ਬਦ ਤ੍ਰਿੰਜਣ' ਦੇ ਨਵੇਂ ਅੰਕ ਨੂੰ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਰੀਲੀਜ਼ ਕੀਤਾ ਗਿਆ।

ਸਿਆਟਲ ਦੀਆਂ ਜਾਣੀਆ ਪਹਿਚਾਣੀਆਂ ਹਸਤੀਆਂ ਜਿਹਨਾਂ ਵਿੱਚ ਸਾਡੀਆਂ ਭੈਣਾਂ ਅਤੇ ਬੱਚੇ ਵੀ ਸ਼ਾਮਿਲ ਸਨ, ਬਿਸਮਨ ਕੌਰ, ਲਾਲੀ, ਅੰਮ੍ਰਿਤਪਾਲ ਸਿੰਘ ਸਹੋਤਾ, ਭਜਨ ਸਿੰਘ, ਰਮਿੰਦਰ ਸੰਧੂ, ਲਾਲੀ ਸੰਧੂ,ਰੂਪ ਸੰਧੂ, ਪੁਸ਼ਪਿੰਦਰ, ਸਤਿਪ੍ਰੀਤ ਕੌਰ, ਸੁਰਿੰਦਰ ਕੌਰ, ਜਸਵਿੰਦਰ ਕੌਰ ਲੇਹਲ, ਪਰਮਜੀਤ ਕੌਰ, ਜਸਵੀਰ ਕੌਰ ਸੰਧਾਵਾਲੀਆ, ਜੀ.ਐਸ, ਸਤਿਨਾਮ ਸਿੰਘ ਆਦਿ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ। ਸਟੇਜ ਸੰਚਾਲਨ ਕਰਿਦਆਂ ਪ੍ਰਿਤਪਾਲ ਸਿੰਘ ਟਿਵਾਣਾ, ਜਗੀਰ ਸਿੰਘ, ਰਣਜੀਤ ਸਿੰਘ ਮੱਲ੍ਹੀ ਨੇ ਰੌਚਕਤਾ ਬਣਾਈ ਰੱਖੀ। ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਭਾ ਨੂੰ ਸਿਖਰ ਤੇ ਪਹੁੰਚਾਉਣ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ ਅਤੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਖੂਬਸੂਰਤ ਸ਼ਬਦਾਂ ਵਿੱਚ ਕੀਤਾ। ਪਿੱਛੇ ਜਿਹੇ ਸਿਆਟਲ ਦੇ ਗੁਰੂਦੁਆਰਾ 'ਚ ਵਾਪਰੀ ਨਸ਼ੇਵਾਲੀ ਮੰਦਭਾਗੀ ਘਟਨਾ ਜਿਸ ਨਾਲ ਸਭਾ ਦੇ ਸਕੱਤਰ ਸਾਹਿਬ ਦਾ ਪਰਿਵਾਰ ਵੀ ਪ੍ਰਭਾਵਿਤ ਹੋਇਆ, ਦੀ ਸਮੂਹ ਮੈਂਬਰਾਂ ਵੱਲੋਂ ਨਿਖੇਧੀ ਕੀਤੀ ਗਈ।ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕੀਤਾ ਗਿਆ ਅਤੇ ਸੋਸ਼ਲ ਮੀਡੀਏ ਦੇ ਵਿਹੜੇ ਲੈ ਜਾਇਆ ਗਿਆ।

ਬਲਿਹਾਰ ਸਿੰਘ ਲ੍ਹੇਲ ਪ੍ਰਧਾਨ+1 206 244 4663
ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069
ਮੰਗਤ ਕੁਲਜਿੰਦ ਪ੍ਰੈੱਸ ਸਕੱਤਰ +1 425 286 0163

# ਪੀਵੀ ਯੂਨਾਈਟਿਡ ਕਲਚਰਲ ਕਲੱਬ ਐਡਮਿੰਟਨ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ





ਐਡਮਿੰਟਨ ਪਬਲਿਕ ਲਾਇਬ੍ਰੇਰੀ ਮੈਡੋਜ 17 ਸਟਰੀਟ ਵਿਖੇ ਪੀਵੀ ਯੂਨਾਈਟਿਡ ਕਲਚਰਲ ਕਲੱਬ ਐਡਮਿੰਟਨ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਧੂਮਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਲਾਇਬ੍ਰੇਰੀ ਵਿੱਚ ਇਕੱਤਰ ਅਨੇਕਾਂ ਬਜ਼ੁਰਗ ਸ਼ਖਸ਼ੀਅਤਾਂ, ਵਿਦਿਆਰਥੀਆਂ ਅਤੇ ਹੋਰ ਹਾਜ਼ਰ ਪਤਵੰਤੇ ਸੱਜਣਾਂ ਨੇ ਇਸ ਪੁਰਬ ਦੀ ਸ਼ੋਭਾ ਵਧਾਈ। ਵਿਸ਼ੇਸ਼ ਤੌਰ ’ਤੇ ਪ੍ਰਧਾਨ ਸਰਬਜੀਤ ਸਿੰਘ ਸਿੱਧੂ, ਮੀਤ ਪ੍ਰਧਾਨ ਕੁਲਵਿੰਦਰ ਸਿੰਘ ਸਿੱਧੂ, ਸੈਕਟਰੀ ਗੁਰਿੰਦਰ ਸਿੰਘ ਸਿੱਧੂ, ਦੰਗਲ ਸਿੰਘ ਝੱਜ, ਜੰਗਬਹਾਦਰ ਸਿੰਘ, ਅਮਰਜੀਤ ਸਿੰਘ ਪੰਧੇਰ, ਚਰਨਜੀਤ ਸਿੰਘ ਦਿ ਲ ਦੇ ਨਿੱਘੇ ਸਹਿਯੋਗ ਤੋਂ ਇਲਾਵਾ ਹੋਰ ਕਿਰਿਆਵਾਂ ਵਿੱਚ ਸਵਰਨ ਸਿੰਘ ਬਰਾੜ ਛੋਟਾ ਘਰ, ਅਮਰਜੀਤ ਸਿੰਘ ਬਰਾੜ ਗੱਜਣ ਵਾਲਾ, ਸ਼ਾਮ ਸੁੰਦਰ, ਗੁਰਦਿਆਲ ਸਿੰਘ ਸੰਘਾ, ਸੁਰਿੰਦਰ ਸਿੰਘ ਬਰਾੜ, ਕਮਲਜੀਤ ਰਾਏ, ਚਮਨ ਲਾਲ ਚੌਹਾਨ, ਵਰਿੰਦਰ ਸਿੰਘ, ਹਰਪ੍ਰੀਤ ਸਿੰਘ, ਕਸ਼ਮੀਰ ਸਿੰਘ ਨਿਰਮਾਣ, ਪਾਰਸ ਰਾਮ ਮਹੀਨੀਆ ਆਦਿ ਨੇ ਸਹਿਯੋਗ ਦਿੱਤਾ। ਇਸ ਸ਼ੁਭ ਅਵਸਰ ’ਤੇ ਕੁਲਵਿੰਦਰ ਸਿੰਘ ਸਿੱਧੂ, ਗੁਰਿੰਦਰ ਸਿੰਘ ਸਿੱਧੂ ਅਤੇ ਦੰਗਲ ਸਿੰਘ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਜ਼ਿਕਰ ਕਰਦਿਆਂ ਕਿਹਾ ਭਾਰਤ ਰਿਸ਼ੀਆਂ ਮੁਨੀਆਂ, ਪੀਰਾਂ, ਫਕੀਰਾਂ ਅਤੇ ਸਾਧੂ ਸੰਤਾਂ ਦੀ ਧਰਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਮਹਾਂਪੁਰਸ਼ ਸਨ ਜਿਨਾਂ ਨੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹੇ ਪਾਇਆ। ਆਪ ਸਿੱਖ ਧਰਮ ਦੇ ਪਹਿਲੇ ਗੁਰੂ ਸਨ ਜਿੰਨਾ ਲੰਗਰ ਦੀ ਪ੍ਰਥਾ ਚਲਾਈ ਜੋ ਅੱਜ ਤੱਕ ਜਾਰੀ ਹੈ ਅਤੇ ਰਹਿੰਦੀ ਦੁਨੀਆਂ ਤੱਕ ਜਾਰੀ ਰਹੇਗੀ। ਗੁਰੂ ਜੀ ਨੇ ਏਸ਼ੀਆ ਭਰ ਵਿੱਚ ਦੂਰ-ਦੂਰ ਤੱਕ ਯਾਤਰਾ ਕੀਤੀ ਅਤੇ ਲੋਕਾਂ ਨੂੰ ੴ ਦਾ ਸੰਦੇਸ਼ ਦਿੱਤਾ। ਉਨ੍ਹਾਂ ਆਪਣੀ ਬਾਣੀ ਵਿੱਚ ਸਦੀਵੀ ਸੱਚ ਦਾ ਗਠਨ, ਸੰਕਲਪ, ਸਮਾਨਤਾ, ਭਾਈਚਾਰਕ, ਪਿਆਰ, ਚੰਗਿਆਈ ਅਤੇ ਨੇਕੀ ’ਤੇ ਅਧਾਰਤ ਇੱਕ ਵਿਲੱਖਣ ਆਧਿਆਤਮਿਕ, ਸਮਾਜਿਕ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਨੀਂਹ ਰੱਖੀ। ਵੰਡ ਛਕੋ, ਕਿਰਤ ਕਰੋ, ਨਾਮ ਜਪੋ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਸਿਧਾਂਤ ਸਾਨੂੰ ਚੰਗਾ ਜੀਵਨ ਜਿਉਣ ਤੇ ਵਧੀਆ ਸਮਾਜ ਸਿਰਜਣ ਦੀ ਸੇਧ ਦਿੰਦੇ ਹਨ। ਉਨ੍ਹਾਂ ਨੇ ਸਮਾਜ ਵਿੱਚ ਮਹਿਲਾਵਾਂ ਦਾ ਦਰਜ਼ਾ ਉੱਚਾ ਚੁੱਕਣ ਲਈ ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ ਦਾ ਸੁਨੇਹਾ ਦਿੱਤਾ। ਇਕੱਤਰ ਸੰਗਤ ਲਈ ਲੰਗਰ ਦਾ ਵਧੀਆ ਇੰਤਜ਼ਾਮ ਕੀਤਾ ਗਿਆ।

**– ਬਲਵਿੰਦਰ ਬਲਾਮ ਗੁਰਦਾਸਪੁਰ**

# ਇੰਜੀ ਸਤਨਾਮ ਸਿੰਘ ਮੱਟੂ ਦੀ 'ਹੇਮਕੁੰਟ ਪਰਬਤ ਹੈ ਜਹਾਂ-ਯਾਤਰਾ' ਪੁਸਤਕ ਲੋਕ ਅਰਪਣ

**ਭਵਾਨੀਗੜ੍ਹ–** ਆਪਣੀਆਂ ਸਾਹਿਤਕ ਖੁਸ਼ੀਆਂ ਵਿੱਚ ਪਰਿਵਾਰ ਨੂੰ ਸ਼ਾਮਿਲ ਕਰਕੇ ਬੇਹੱਦ ਖੁਸ਼ੀ ਦਾ ਅਹਿਸਾਸ ਹੋ ਰਿਹਾ ਹੈ, ਮਾਪਿਆਂ ਦੇ ਚਿਹਰੇ 'ਤੇ ਮੁਸਕਰਾਹਟ ਨੇ ਮੇਰੇ ਧੁਰ ਅੰਦਰ ਨੂੰ ਸਕੂਨ ਦਿੱਤਾ ਹੈ। ਇਹਨਾਂ ਅਹਿਸਾਸਾਂ ਦਾ ਪ੍ਰਗਟਾਵਾ ਲੇਖਕ ਅਤੇ ਸ਼ਾਇਰ ਇੰਜੀ ਸਤਨਾਮ ਸਿੰਘ ਮੱਟੂ ਨੇ ਆਪਣੀ ਨਵੀਂ ਲਿਖੀ ਪੁਸਤਕ "ਹੇਮ ਕੁੰਟ ਪਰਬਤ ਹੈ ਜਹਾਂ"- ਯਾਤਰਾ ਨੂੰ ਆਪਣੇ ਸਤਿਕਾਰਯੋਗ ਪਿਤਾ ਸ੍ਰ ਸੇਵਾ ਸਿੰਘ, ਪੂਜਨੀਕ ਮਾਤਾ ਸ੍ਰੀਮਤੀ ਬਲਵੀਰ ਕੌਰ,ਸੁਪਤਨੀ ਬਲਜਿੰਦਰ ਕੌਰ, ਕਸ਼ਮੀਰ ਸਿੰਘ ਭਰਾ ਸੂਬੇਦਾਰ ਮੇਜ਼ਰ, ਪ੍ਰਗਟ ਸਿੰਘ ਭਰਾ ਪੀਆਰਟੀਸੀ, ਭਰਜਾਈਆਂ ਰਾਣੀ, ਹਰਪ੍ਰੀਤ ਕੌਰ ਅਤੇ ਖਾਸਤੌਰ ਭਜੀਤੀਆਂ ਨੰਨ੍ਹੀਆਂ ਪਰੀਆਂ ਜੋਤ ਅਤੇ ਗੁੱਡੋ,ਭਤੀਜਾ ਹਰਮਨਦੀਪ ਸਿੰਘ ਦੇ ਸ਼ੁਭ ਹੱਥਾਂ ਨਾਲ ਪਿੰਡ ਬੀਂਬੜ੍ਹ ਸਥਿਤ ਆਪਣੇ ਘਰ ਵਿੱਚ ਇੱਕ ਸਾਦੇ ਸਮਾਗਮ ਤਹਿਤ ਲੋਕ ਅਰਪਣ ਕਰਕੇ ਕੀਤਾ। ਉਹਨਾਂ ਦਾ ਕਹਿਣਾ ਹੈ ਕਿ ਮੈਂ ਬਹੁਤ ਖੁਸ਼ਨਸੀਬ ਹਾਂ ਕਿ ਇਹ ਕਾਰਜ ਮੈਨੂੰ ਆਪਣੇ ਪਰਿਵਾਰ ਦੇ ਸ਼ੁਭ ਹੱਥੋਂ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਕਿਉਂਕਿ ਇਸੇ ਘਰ ਅੰਦਰ ਬੈਠ ਕੇ ਮੈਂ ਪਹਿਲੀ ਸਾਹਿਤਕ ਰਚਨਾ ਦੀ ਸਿਰਜਣਾ ਕੀਤੀ ਸੀ ਅਤੇ ਮਾਪਿਆਂ ਦੇ ਆਸ਼ੀਰਵਾਦ ਸਦਕਾ "ਯਖ਼ ਰਾਤਾਂ ਪੋਹ ਦੀਆਂ" ਤੋਂ ਬਾਅਦ ਇਸੇ ਘਰ ਵਿੱਚ ਹਥਲੀ ਨੂੰ ਲੋਕ ਅਰਪਣ ਕਰਨ ਦੀ ਖੁਸ਼ੀ ਲਈ ਹੈ।



ਸਾਹਿਤਯ ਕਲਸ਼ ਪਟਿਆਲਾ ਵੱਲੋਂ ਛਾਪੀ ਗਈ ਇਸ ਯਾਤਰਾ ਪੁਸਤਕ ਵਿੱਚ ਰਿਸ਼ੀਕੇਸ਼, ਜੋਸ਼ੀ ਮੱਠ, ਸ੍ਰੀਨਗਰ, ਗੋਬਿੰਦ ਘਾਟ, ਗੋਬਿੰਦ ਧਾਮ ਅਤੇ ਗੁਰਦੁਆਰਾ ਹੇਮਕੁੰਟ ਸਾਹਿਬ ਗੁਰਦੁਆਰਿਆਂ ਦੇ ਜ਼ਿਕਰ ਤੋਂ ਇਲਾਵਾ ਹੋਰ ਸ਼ਹਿਰਾਂ ਦੇ ਮੰਦਰਾਂ, ਰਸਤੇ ਦੀਆਂ ਕੁਦਰਤੀ ਸੁੰਦਰਤਾ, ਅਲਕਨੰਦਾ ਨਦੀ ਉੱਤੇ ਬਣੇ ਕੁਦਰਤੀ ਪ੍ਰਯਾਗਾਂ, ਰਿਸ਼ੀਕੇਸ਼ ਤੋਂ ਕਰਣ ਪ੍ਰਯਾਗ ਤੱਕ ਰੇਲਵੇ ਲਾਈਨ ਦੀ ਜਾਣਕਾਰੀ ਦਾ ਵੀ ਉਚੇਚੇ ਜ਼ਿਕਰ ਕੀਤਾ ਗਿਆ ਹੈ।

ਹਰਿਦੁਆਰ ਦੀ ਹਰ ਕੀ ਪੌੜੀ, ਰਿਸ਼ੀਕੇਸ਼ ਸ਼ਹਿਰ ਚ ਸਥਿਤ ਦੇ ਮੰਦਰਾਂ, ਚਮੋਲੀ, ਜੋਸ਼ੀ ਮੱਠ ਅਤੇ ਪਾਂਡੂਕੇਸਵਰ ਦੇ ਮੰਦਰਾਂ ਬਾਰੇ ਵੀ ਵਿਸਥਾਰਤ ਜਾਣਕਾਰੀ ਨੂੰ ਪੁਸਤਕ ਵਿਚ ਸ਼ਾਮਿਲ ਕੀਤਾ ਗਿਆ ਹੈ। ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਸਾਹਿਬ, ਗੁਰਦੁਆਰਾ ਸ੍ਰੀ ਨਗਰ, ਗੁਰਦੁਆਰਾ ਲੰਗਰ ਸ੍ਰੀ ਦਮਦਮਾ ਸਾਹਿਬ ਨਗਰਾਸੂ, ਜੋਸ਼ੀ ਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਅਤੇ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਥਾਪਨਾ, ਇਤਿਹਾਸਕ ਜਾਣਕਾਰੀ, ਤਕਨੀਕਾਂ ਅਤੇ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਬਾਬਤ ਜਾਣਕਾਰੀ ਦਾ ਵੀ ਇਸ ਪੁਸਤਕ ਵਿਚ ਵਿਸ਼ੇਸ਼ ਵਰਨਣ ਕੀਤਾ ਗਿਆ ਹੈ। ਇਸ ਹੱਥਲੀ ਪੁਸਤਕ ਦੇ ਮੁੱਖ ਬੰਦ ਲੇਖਕ ਨੇ ਪੁਸਤਕ ਦੇ ਵਧਾਈ ਸੰਦੇਸ਼ ਵਿੱਚ ਸ਼੍ਰੋਮਣੀ ਬਾਲ ਸਾਹਿਤਕਾਰ ਡਾ। ਦਰਸ਼ਨ ਸਿੰਘ ਆਸਟ ਨੇ ਕਿਹਾ ਹੈ ਕਿ ਇੰਜੀ ਸਤਨਾਮ ਸਿੰਘ ਮੱਟੂ ਮਿਹਨਤ ਅਤੇ ਲਗਨ ਨਾਲ ਬਹੁਤ ਥੋੜ੍ਹੇ ਅਰਸੇ ਵਿੱਚ ਸਾਹਿਤਕ ਪਿੜ ਵਿੱਚ ਨਾਮ ਕਮਾਉਣ ਵਾਲਾ ਸ਼ਖ਼ਸ ਹੈ।

ਡਾ. ਸੰਤੋਖ ਸਿੰਘ ਸੁੱਖੀ ਬਾਲਦ ਕਲਾਂ ਦਾ ਇਸ ਪੁਸਤਕ ਬਾਰੇ ਕਹਿਣਾ ਹੈ ਕਿ ਇਹ ਇਤਿਹਾਸਕ ਤੱਥਾਂ ਭਰਪੂਰ ਸਾਹਿਤਕ ਪੁਸਤਕ ਉਸ ਇਲਾਕੇ ਦੀਆਂ ਭੂਗੋਲਿਕ ਪ੍ਰਸਥਿਤੀਆਂ ਬਾਰੇ ਵੀ ਭਰਪੂਰ ਜਾਣਕਾਰੀ ਮੁਹਈਆ ਕਰਵਾਉਂਦੀ ਹੈ। ਸੁਖਵਿੰਦਰ ਸਿੰਘ ਫੁੱਲ ਨੇ ਮੁਬਾਰਕਬਾਦ ਦਿੰਦਿਆਂ ਲੇਖਕ ਵੱਲੋਂ ਹੋਰ ਬੁਲੰਦੀਆਂ ਤੇ ਦਹਿਲੀਜ਼ ਸਰ ਕਰਨ ਦੀ ਕਾਮਨਾ ਕੀਤੀ।

ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ, ਦਵਿੰਦਰ ਪਟਿਆਲਵੀ ਸੰਪਾਦਕ ਛਿਣ, ਐਨ ਡੀ ਸ਼ਰਮਾ ਸੰਪਾਦਕ ਜਾਗ੍ਰਿਤੀ ਵਿਕਾਸ, ਸਾਹਿਤਕਾਰ ਰੂਪ ਦਬੁਰਜੀ (ਕਪੂਰਥਲਾ), ਸ਼ਾਇਰ ਅਤੇ ਲੇਖਕ ਪ੍ਰੋ ਨਵ ਸੰਗੀਤ ਸਿੰਘ, ਡਾ।ਅਰਵਿੰਦਰ ਕੌਰ ਕਾਕੜਾ, ਬੂਟਾ ਸਿੰਘ ਪੰਡੋਰੀ ਸੰਪਾਦਕ ਰੰਘਰੇਟਾ ਸੰਸਾਰ, ਸਾਹਿਤਕਾਰ ਬਲਬੀਰ ਸਿੰਘ ਜਲਾਲਾਬਾਦੀ,ਸ਼ਾਇਰ ਨਵਦੀਪ ਸਿੰਘ ਮੁੰਡੀ, ਬਜ਼ੁਰਗ ਸ਼ਾਇਰ ਡਾ। ਗੁਰਬਚਨ ਸਿੰਘ ਰਾਹੀ, ਪ੍ਰਿਤਪਾਲ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ, ਹਰਜੀਤ ਸਿੰਘ ਜੰਜੂਆ ਕੇਨੈਡਾ, ਸੂਫੀ ਸ਼ਾਇਰ ਅੰਗਰੇਜ਼ ਵਿਰਕ, ਸ਼ਾਇਰ ਨਵਦੀਪ ਸਿੰਘ ਮੁੰਡੀ, ਸ਼ਾਇਰ ਸ਼ੰਟੀ ਬੀਂਬੜ ,ਗੁਰਪ੍ਰੀਤ ਸਿੰਘ ਸਰਪੰਚ ਬੀਂਬੜ, ਸੁਖਵਿੰਦਰ ਸਿੰਘ ਬੀਂਬੜ੍ਹ, ਨਿਰਮਲ ਸਿੰਘ ਸੰਧੂ ਬੀਂਬੜ੍ਹ, ਦਿਲਬਾਗ ਸਿੰਘ ਬੀਂਬੜ ਰਿਟਾਇਰਡ ਸੂਬੇਦਾਰ ਆਦਿ ਨੇ ਇੰਜੀ ਮੱਟੂ ਨੂੰ ਉਹਨਾਂ ਦੀ ਇਸ ਪ੍ਰਾਪਤੀ ਤੇ ਮੁਬਾਰਕਬਾਦ ਦਿੱਤੀ ਹੈ।

# ਮਨਜਿੰਦਰ ਸਿੰਘ ਸਿਰਸਾ ਵੱਲੋਂ ਸੰਜੀਵ ਸ਼ਰਮਾ ਦੇ ਹੱਕ ਵੋਟਾਂ ਪਾਉਣ ਦੀ ਅਪੀਲ

**ਚੰਡੀਗੜ੍ਹ–** ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਗਾਜ਼ੀਆਬਾਦ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਲਾਕੇ ਦੇ ਵਿਕਾਸ ਵਾਸਤੇ ਭਾਜਪਾ ਦੇ ਉਮੀਦਵਾਰ ਸੰਜੀਵ ਸ਼ਰਮਾ ਦੇ ਹੱਕ ਵਿਚ ਵੋਟਾਂ ਪਾਉਣ ਅਤੇ ਉਹਨਾਂ ਨੇ ਇਥੇ ਸਿੱਖ ਭਾਈਚਾਰੇ ਦੀਆਂ ਸ਼ਮੂਲੀਅਤ ਵਾਲੀਆਂ ਭਰਵੀਆਂ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ।

ਇਥੇ ਇਹਨਾਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸਰਦਾਰ ਮਨਜਿੰਦਰ





ਸਿੰਘ ਸਿਰਸਾ ਨੇ ਕਿਹਾ ਕਿ ਗਾਜ਼ੀਆਬਾਦ ਦਾ ਵਿਕਾਸ ਭਾਜਪਾ ਦਾ ਇਕ ਵੱਡਾ ਵਾਅਦਾ ਹੈ। ਉਹਨਾਂ ਕਿਹਾ ਕਿ ਭਾਜਪਾ ਸਿਰਫ ਤੇ ਸਿਰਫ ਲੋਕਾਂ ਦੀ ਭਲਾਈ ਅਤੇ ਵਿਕਾਸ ਕਾਰਜਾਂ ਵਾਸਤੇ ਕੰਮ ਕਰਦੀ ਹੈ ਜਦੋਂ ਕਿ ਕਾਂਗਰਸ ਪਾਰਟੀ ਆਪਣੇ ਪੁਰਾਣੇ ਪਾੜੋ ਤੇ ਰਾਜ ਕਰੋ ਦੇ ਸਿਧਾਂਤ ’ਤੇ ਕੰਮ ਕਰਦੀ ਹੈ। ਉਹਨਾਂ ਕਿਹਾ ਕਿ ਅੱਜ ਵੀ ਕਾਂਗਰਸ ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂ ’ਤੇ ਵੰਡਣਾ ਚਾਹੁੰਦੀ ਹੈ ਜਦੋਂ ਕਿ ਭਾਜਪਾ ਗਰੀਬਾਂ, ਦਬੇ ਕੁਚਲਿਆਂ, ਮਹਿਲਾਵਾਂ, ਵਪਾਰੀਆਂ, ਕਿਸਾਨਾਂ ਤੇ ਸਮਾਜ ਦੇ ਹਰ ਵਰਗ ਦੀ ਭਲਾਈ ਵਾਸਤੇ ਕੰਮ ਕਰਦੀ ਹੈ। ਉਹਨਾਂ ਕਿਹਾ ਕਿ ਸਮਾਜ ਦੇ ਵੱਖ-ਵੱਖ ਵਰਗਾਂ ਦੀ ਭਲਾਈ ਤੇ ਖੁਸ਼ਹਾਲੀ ਭਾਜਪਾ ਦਾ ਮੁੱਖ ਏਜੰਡਾ ਹੈ ਤੇ ਇਹ ਜੋ ਪ੍ਰਚਾਰਦੀ ਹੈ, ਉਹੀ ਕਰਦੀ ਹੈ ਜਦੋਂ ਕਿ ਕਾਂਗਰਸ ਜੋ ਪ੍ਰਚਾਰਦੀ ਹੈ, ਉਸਦੇ ਬਿਲਕੁਲ ਉਲਟ ਕੰਮ ਕਰਦੀ ਹੈ। ਸਰਦਾਰ ਸਿਰਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਐਨ ਡੀ ਏ ਸਰਕਾਰ ਨੇ ਸਿੱਖ ਕੌਮ ਵਾਸਤੇ ਬਹੁਤ ਕੁਝ ਕੀਤਾ ਹੈ। 1984 ਦੇ ਸਿੱਖ ਕਤਲੇਆਮ ਦੇ 40 ਸਾਲਾਂ ਬਾਅਦ ਸਾਨੂੰ ਨਿਆਂ ਮਿਲ ਰਿਹਾ ਹੈ ਜਦੋਂ ਕਿ ਕਾਂਗਰਸ ਦੇ ਰਾਜ ਵਿਚ ਇਹ ਸੰਭਵ ਨਹੀਂ ਸੀ ਤੇ ਉਸ ਰਾਜ ਵਿਚ ਸਿੱਖ ਕਤਲੇਆਮ ਦੇ ਦੋਸ਼ੀਆਂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਤੇ ਕਮਲਨਾਥ ਵਰਗਿਆਂ ਨੂੰ ਵੱਡੇ-ਵੱਡੇ ਅਹੁਦੇ ਦੇ ਕੇ ਸਨਮਾਨਤ ਕੀਤਾ ਜਾਂਦਾ ਸੀ ਜਦੋਂਕਿ ਮੋਦੀ ਦੇ ਰਾਜ ਵਿਚ ਸੱਜਣ ਕੁਮਾਰ ਜੇਲ੍ਹ ਵਿਚ ਬੰਦ ਹੈ ਤੇ ਟਾਈਟਲਰ ਤੇ ਕਮਲਨਾਥ ਦੇ ਖਿਲਾਫ ਕਾਫੀ ਲੰਬੇ ਸਾਲ ਬਾਅਦ ਮੁੜ ਖੁਲ੍ਹ ਗਏ ਹਨ।

ਉਹਨਾਂ ਕਿਹਾ ਕਿ ਇਸੇ ਤਰੀਕੇ ਪ੍ਰਧਾਨ ਮੰਤਰੀ ਮੋਦੀ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਵੀਰ ਬਾਲ ਦਿਵਸ ਮਨਾਉਣ ਦੀ ਸ਼ੁਰੂਆਤ ਕੌਮਾਂਤਰੀ ਪੱਧਰ ’ਤੇ ਕੀਤੀ ਜਿਸ ਸਦਕਾ ਵੱਖ-ਵੱਖ ਧਰਮਾਂ, ਕੌਮਾਂ ਤੇ ਜਾਤਾਂ ਦੇ ਲੋਕਾਂ ਨੂੰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਬਾਰੇ ਪਤਾ ਲੱਗਾ। ਉਹਨਾਂ ਕਿਹਾ ਕਿ ਇਸੇ ਤਰੀਕੇ ਸਿੱਖ ਕੌਮ ਦੇ ਮੈਂਬਰਾਂ ਨੂੰ ਵੱਖ-ਵੱਖ ਨੌਕਰੀਆਂ ਲਈ ਪੇਪਰ ਉਹਨਾਂ ਦੀ ਆਪਣੀ ਭਾਸ਼ਾ ਵਿਚ ਦੇਣ ਦੀ ਸਹੂਲਤ ਦਿੱਤੀ ਗਈ ਜੋ ਨਿਵੇਕਲੀ ਪਹਿਲਕਦਮੀ ਸੀ। ਉਹਨਾਂ ਕਿਹਾ ਕਿ ਸਿੱਖ ਕੌਮ ਵਾਸਤੇ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਇੰਨਾ ਕੁਝ ਕੀਤਾ ਹੈ ਤਾਂ ਇਹ ਢੁਕਵਾਂ ਸਮਾਂ ਹੈ ਕਿ ਸਿੱਖ ਭਾਈਚਾਰਾ ਗਾਜ਼ੀਆਬਾਦ ਵਿਚ ਸੰਜੀਵ ਸ਼ਰਮਾ ਦੇ ਹੱਕ ਵਿਚ ਵੋਟਾਂ ਪਾ ਕੇ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਮਜ਼ਬੂਤ ਕਰੇ। ਇਸ ਮੌਕੇ ਸਰਦਾਰ ਸਿਰਸਾ ਦੇ ਨਾਲ ਇੰਦਰਜੀਤ ਸਿੰਘ ਟੀਟੂ, ਸਕੱਤਰ ਕਪਿਲ ਦੇਵ, ਕੌਮੀ ਜਨਰਲ ਸਕੱਤਰ ਤ੍ਰਿਲੋਕ ਤਿਆਗੀ, ਦਿੱਲੀ ਗੁਰਦੁਆਰਾ ਕਮੇਟੀ ਮੈਂਬਰ ਜਸਮੇਨ ਸਿੰਘ ਨੋਨੀ ਤੇ ਗੁਰਪ੍ਰੀਤ ਸਿੰਘ ਬੱਗਾ ਵੀ ਮੌਜੂਦ ਸਨ।

# ਦੇਸ਼ ਭਗਤ ਹਸਪਤਾਲ ਨੂੰ ਰਾਸ਼ਟਰੀ ਮਾਨਤਾ ਬੋਰਡ 'ਨਾਭ' ਤੋਂ ਮਿਲੀ ਮਾਨਤਾ, ਸਿਹਤ ਸੰਭਾਲ ਵਿੱਚ ਉੱਤਮਤਾ ਲਈ ਵਚਨਬੱਧਤਾ ਨੂੰ ਕੀਤਾ ਮਜ਼ਬੂਤ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਹਸਪਤਾਲ ਸੌਂਟੀ, ਮੰਡੀ ਗੋਬਿੰਦਗੜ੍ਹ ਵਿੱਚ ਇੱਕ ਪ੍ਰਮੁੱਖ ਸਿਹਤ ਸੰਭਾਲ ਸੰਸਥਾ, ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰ ਰਹੀ ਹੈ ਕਿ ਇਸ ਨੇ ਹਸਪਤਾਲਾਂ ਅਤੇ ਸਿਹਤ ਸੰਭਾਲ ਸੰਸਥਾਵਾਂ ਲਈ ਰਾਸ਼ਟਰੀ ਮਾਨਤਾ ਬੋਰਡ ਨਾਭ (ਓਭ੍ਹ) ਤੋਂ ਸਫਲਤਾ-ਪੂਰਵਕ ਮਾਨਤਾ ਪ੍ਰਾਪਤ ਕੀਤੀ ਹੈ, ਜੋ ਕਿ ਗੁਣਵੱਤਾ ਅਤੇ ਸੁਰੱਖਿਅਤ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਹਸਪਤਾਲ ਦੀ ਵਚਨਬੱਧਤਾ ਦੀ ਇੱਕ ਵੱਕਾਰੀ ਮਾਨਤਾ ਹੈ।



ਇਹ ਮਾਨਤਾ ਸਿਹਤ ਸੰਭਾਲ ਸਹੂਲਤਾਂ ਨੂੰ ਮਾਨਤਾ ਦਿੰਦੀ ਹੈ ਜੋ ਗੁਣਵੱਤਾ, ਸੁਰੱਖਿਆ, ਮਰੀਜ਼ਾਂ ਦੀ ਦੇਖ-ਭਾਲ ਅਤੇ ਸੰਚਾਲਨ ਕੁਸ਼ਲਤਾ ਦੇ ਉੱਚ ਮਿਆਰਾਂ ਨੂੰ ਪੂਰਾ ਕਰਦੀਆਂ ਹਨ। ਇਸ ਮਾਣਮੱਤੇ ਦਰਜੇ ਨੂੰ ਪ੍ਰਾਪਤ ਕਰਨ ਨਾਲ ਦੇਸ਼ ਭਗਤ ਹਸਪਤਾਲ ਨੂੰ ਦੇਸ਼ ਦੀਆਂ ਚੋਟੀ ਦੀਆਂ ਸਿਹਤ ਸੰਭਾਲ ਸੰਸਥਾਵਾਂ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਆਪਣੇ ਮਰੀਜ਼ਾਂ ਨੂੰ ਵਿਸ਼ਵ ਪੱਧਰੀ ਸੇਵਾਵਾਂ ਪ੍ਰਦਾਨ ਕਰਨ ਦੇ ਲਗਾਤਾਰ ਯਤਨਾਂ ਨੂੰ ਦਰਸਾਉਂਦਾ ਹੈ।

ਹਸਪਤਾਲ ਨੇ ਰਾਸ਼ਟਰੀ ਮਾਨਤਾ ਬੋਰਡ (ਨਾਭ) ਦੁਆਰਾ ਨਿਰਧਾਰਿਤ ਸਖ਼ਤ ਗੁਣਵੱਤਾ ਮਾਪਦੰਡਾਂ ਦੀ ਪਾਲਣਾ ਦਾ ਪ੍ਰਦਰਸ਼ਨ ਕੀਤਾ ਹੈ, ਜਿਸ ਵਿੱਚ ਮਰੀਜ਼ਾਂ ਦੀ ਸੁਰੱਖਿਆ, ਡਾਕਟਰੀ ਪ੍ਰਬੰਧਨ, ਕਲੀਨਿਕਲ ਦੇਖ-ਭਾਲ, ਅਤੇ ਸੰਚਾਲਨ ਪ੍ਰਣਾਲੀਆਂ ਸਮੇਤ ਸਿਹਤ ਸੰਭਾਲ ਡਿਲੀਵਰੀ ਦੇ ਵੱਖ-ਵੱਖ ਪਹਿਲੂ ਸ਼ਾਮਲ ਹਨ। ਦੇਸ਼ ਭਗਤ ਹਸਪਤਾਲ ਨੇ ਸਖ਼ਤ ਮੁਲਾਂਕਣ ਸੁਨਿਸ਼ਚਿਤ ਕਰਦੇ ਹੋਏ ਕਿ ਇਸਦੇ ਸਿਹਤ ਸੰਭਾਲ ਅਭਿਆਸ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਨਾਲ ਮੇਲ ਖਾਂਦੇ ਹਨ।

ਇਹ ਮਾਨਤਾ ਹਸਪਤਾਲ ਦੇ ਹੁਨਰਮੰਦ ਡਾਕਟਰੀ ਪੇਸ਼ੇਵਰਾਂ, ਉੱਨਤ ਤਕਨਾਲੋਜੀ ਅਤੇ ਮਰੀਜ਼-ਕੇਂਦਰਿਤ ਪਹੁੰਚ ਦਾ ਪ੍ਰਮਾਣ ਹੈ, ਜੋ ਮਿਲ ਕੇ ਸਰਵੋਤਮ ਸਿਹਤ ਨਤੀਜਿਆਂ ਨੂੰ ਯਕੀਨੀ ਬਣਾਉਂਦੇ ਹਨ।

ਰਾਸ਼ਟਰੀ ਮਾਨਤਾ ਬੋਰਡ ਵੱਲੋਂ ਮਿਲੀ ਮਾਨਤਾ ਦਾ ਜਸ਼ਨ ਮਨਾਉਣ ਮੌਕੇ ਚਾਂਸਲਰ ਡਾ: ਜ਼ੋਰਾ ਸਿੰਘ, ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ, ਡਾਕਟਰ ਬਲਜੀਤ ਸਿੰਘ, ਡਾ ਕੁਲਭੂਸ਼ਨ ਅਤੇ ਮੈਡੀਕਲ ਸੁਪਰਡੈਂਟ ਡਾ: ਜੋਤੀ ਧਾਮੀ ਦੀ ਅਗਵਾਈ ਵਿਚ ਕੇਕ ਕੱਟਣ ਦੀ ਰਸਮ ਨਿਭਾਈ ਗਈ। ਇਸ ਮੌਕੇ ਚਾਂਸਲਰ ਡਾ। ਜ਼ੋਰਾ ਸਿੰਘ ਨੇ ਕਿਹਾ ਕਿ ਸਾਨੂੰ ਰਾਸ਼ਟਰੀ ਮਾਨਤਾ ਬੋਰਡ ਤੋਂ ਮਾਨਤਾ ਪ੍ਰਾਪਤ ਕਰਨ 'ਤੇ ਬਹੁਤ ਮਾਣ ਹੈ, ਜੋ ਸਾਡੇ ਮਰੀਜ਼ਾਂ ਨੂੰ ਉੱਚ ਪੱਧਰੀ ਸਿਹਤ ਸੰਭਾਲ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ ਪ੍ਰਾਪਤੀ ਡਾਕਟਰਾਂ, ਨਰਸਾਂ, ਸਟਾਫ਼ ਅਤੇ ਪ੍ਰਸ਼ਾਸਕਾਂ ਦੀ ਸਾਡੀ ਸਮਰਪਿਤ ਟੀਮ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ, ਜੋ ਮਰੀਜ਼ਾਂ ਦੀ ਦੇਖ-ਭਾਲ ਦੇ ਹਰ ਪਹਿਲੂ ਵਿੱਚ ਉੱਤਮਤਾ ਲਈ ਨਿਰੰਤਰ ਕੋਸ਼ਿਸ਼ ਕਰਦੇ ਹਨ।

# ਅੰਬੇਡਕਰਾਈਟ ਬੁੱਧਿਸਟ ਐਨਆਰਆਈ ਡੈਲੀਗੇਸ਼ਨ ਦਾ ਸਨਮਾਨ ਕਰਕੇ ਅੰਬੇਡਕਰ ਭਵਨ ਟਰੱਸਟ ਨੇ ਰਚਿਆ ਇਤਿਹਾਸ

















**ਜਲੰਧਰ–** ਦੇਸ਼ ਭਰ 'ਚ ਲਖਨਊ, ਸ਼ਰਾਵਸਤੀ, ਲੁੰਬਨੀ , ਕੁਸ਼ੀਨਗਰ, ਵੈਸ਼ਾਲੀ, ਪਟਨਾ, ਰਾਜਗੀਰ, ਨਾਲੰਦਾ, ਬੋਧਗਯਾ, ਵਾਰਾਣਸੀ ਵਿਖੇ ਬੋਧੀ ਸਥਾਨਾਂ ਦਾ ਦੌਰਾ ਕਰਨ ਉਪਰੰਤ ਅੰਬੇਡਕਰਾਈਟ ਬੁੱਧਿਸਟ ਐਨਆਰਆਈ ਡੈਲੀਗੇਸ਼ਨ ਅੰਬੇਡਕਰ ਭਵਨ ਜਲੰਧਰ ਵਿਖੇ ਪਹੁੰਚਿਆ। ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਟਰੱਸਟੀ ਸਹਿਬਾਨਾ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਮੈਂਬਰਾਂ ਨੇ ਡੈਲੀਗੇਸ਼ਨ ਦਾ ਸਵਾਗਤ ਕੀਤਾ। ਯੂਕੇ, ਕੈਨੇਡਾ, ਅਮਰੀਕਾ ਅਤੇ ਇਟਲੀ ਤੋਂ ਉਪਾਸਕਾਂ ਨੇ ਸ਼ਮੂਲੀਅਤ ਕੀਤੀ। ਡੈਲੀਗੇਸ਼ਨ ਵਿਚ ਸ਼ਰਧਾਲੂ ਯੂਕੇ ਤੋਂ ਸਰਵਸ਼੍ਰੀ ਬਿਸ਼ਨ ਦਾਸ ਬੈਂਸ, ਪਿਆਰੀ ਦੇਵੀ, ਦਵਿੰਦਰ ਚੰਦਰ, ਦੇਵੀ ਰਾਣੀ ਚੰਦਰ, ਜਰਨੈਲ ਸਿੰਘ ਸੁਮਨ, ਚਰਨ ਕੁਮਾਰੀ ਸੁਮਨ, ਦੇਵ ਰਾਜ, ਹਰਵਿਲਾਸ ਬੰਗੜ, ਦੌਲਤਾ ਬਾਲੀ, ਮਿਸਜ਼ ਬਲਬੀਰ ਬਾਲੀ ਅਤੇ ਮਾਨਵ ਅਜਨਾਤ, ਕੈਨੇਡਾ ਤੋਂ ਮਹਿੰਦਰ ਸੱਲਣ, ਸੁਜਾਤਾ ਸੱਲਣ ਅਤੇ ਅਮਰੀਕਾ ਤੋਂ ਡਾ. ਹਰਜਿੰਦਰ ਕੁਮਾਰ ਅਤੇ ਇਟਲੀ ਤੋਂ ਬਲਵਿੰਦਰ ਝੱਮਟ ਸ਼ਾਮਲ ਹੋਏ। ਸਾਰੇ ਸ਼ਰਧਾਲੂ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਤਥਾਗਤ ਬੁੱਧ ਦੀ ਮੂਰਤੀ ਅੱਗੇ ਨਤਮਸਤਕ ਹੋਏ। ਅੰਬੇਡਕਰ ਭਵਨ ਦੇ ਟਰੱਸਟੀ ਹਰਮੇਸ਼ ਜੱਸਲ ਨੇ ਬੁੱਧ ਵੰਦਨਾ, ਤ੍ਰਿਸ਼ਰਨ, ਪੰਚਸ਼ੀਲ ਦੇ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਸਾਰੇ ਡੈਲੀਗੇਟਾਂ ਦੀ ਜਾਣ ਪਛਾਣ ਕਰਵਾਈ। ਟਰੱਸਟ ਦੇ ਜਨਰਲ ਸਕੱਤਰ ਡਾ. ਜੀ ਸੀ ਕੌਲ ਨੇ ਆਪਣੇ ਸੁਆਗਤੀ ਭਾਸ਼ਣ ਵਿੱਚ ਕਿਹਾ ਕਿ ਅੰਬੇਡਕਰ ਭਵਨ ਇੱਕ ਇਤਿਹਾਸਿਕ ਸਥਾਨ ਹੈ, ਜਿੱਥੇ ਬਾਬਾ ਸਾਹਿਬ ਡਾ. ਅੰਬੇਡਕਰ 27 ਅਕਤੂਬਰ 1951 ਨੂੰ ਆਏ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਜਿਸ ਭੂਮੀ 'ਤੇ ਅੰਬੇਡਕਰ ਭਵਨ ਉਸਾਰਿਆ ਗਿਆ ਹੈ, ਉਸ ਨੂੰ ਪ੍ਰਸਿੱਧ ਅੰਬੇਡਕਰਵਾਦੀ ਅਤੇ ਭੀਮ ਪੱਤਰਕਾ ਦੇ ਸੰਪਾਦਕ ਲਾਹੌਰੀ ਰਾਮ ਬਾਲੀ ਨੇ ਸੇਠ ਕਰਮਚੰਦ ਬਾਠ ਦੇ ਸਹਿਯੋਗ ਨਾਲ ਖਰੀਦਿਆ ਸੀ। 1972 ਵਿੱਚ ਸ਼੍ਰੀ ਬਾਲੀ ਜੀ ਨੇ ਅੰਬੇਡਕਰ ਭਵਨ ਟਰੱਸਟ ਦਾ ਗਠਨ ਕੀਤਾ ਅਤੇ ਸਾਰੇ ਟਰੱਸਟੀਆਂ ਦੇ ਸਹਿਯੋਗ ਨਾਲ ਭਵਨ ਦੀਆਂ ਇਮਾਰਤਾਂ ਦੀ ਉਸਾਰੀ ਕੀਤੀ ਗਈ ਹੈ। ਡਾ. ਕੌਲ ਨੇ ਕਿਹਾ ਕਿ ਇਸ ਟਰੱਸਟ ਵਿੱਚ ਬਹੁਤ ਪੜ੍ਹੇ-ਲਿਖੇ ਟਰੱਸਟੀ ਹਨ ਜਿਨ੍ਹਾਂ ਵਿੱਚ 4 ਪੀਐਚਡੀ, 2 ਹਾਈ ਕੋਰਟ ਦੇ ਵਕੀਲ, 1 ਡੀਪੀ ਆਈ ਕਾਲਜਾਂ, 1 ਸੇਵਾਮੁਕਤ ਆਈਏਐਸ ਪ੍ਰਮੁੱਖ ਸਕੱਤਰ, ਇੱਕ ਪੋਸਟ ਗ੍ਰੈਜੂਏਟ ਐਮਐਸ ਡਾਕਟਰ ਆਦਿ ਹਨ।

ਇਸ ਮੌਕੇ ਤੇ ਆਪਣੇ ਸੰਬੋਧਨ ਵਿੱਚ ਸ੍ਰੀ ਬਿਸ਼ਨ ਦਾਸ ਬੈਂਸ ਸਾਬਕਾ ਮੇਅਰ ਯੂਕੇ ਨੇ ਲਗਭਗ 55 - 60 ਸਾਲ ਪਹਿਲਾਂ ਇੰਗਲੈਂਡ ਵਿਖੇ ਕੁਝ ਗਿਣਤੀ ਦੇ ਪਰਿਵਾਰਾਂ ਵੱਲੋਂ ਕੀਤੇ ਗਏ ਸਰਗਰਮ ਯਤਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਹੁਤ ਸਾਰੇ ਵਿਚਾਰ ਧਾਰਕ ਵਿਰੋਧਾਂ ਦੇ ਬਾਵਜੂਦ ਯੂਕੇ ਵਿੱਚ ਅੰਬੇਡਕਰ ਲਹਿਰ ਦੀ ਮਿਸ਼ਾਲ ਨੂੰ ਜ਼ਿੰਦਾ ਰੱਖਣ ਵਿੱਚ ਸਰਬਸ਼੍ਰੀ ਚਾਨਣ ਰਾਮ ਪ੍ਰਧਾਨ ਰਿਪਬ-ਲੀਕਨ ਗਰੁੱਪ ਆਫ ਗ੍ਰੇਟ ਬ੍ਰਿਟੇਨ, ਕੇਹਰੂ ਰਾਮ ਅਤੇ ਮਲੂਕ ਚੰਦ ਜੀ ਸਮੇਤ ਸ੍ਰੀ ਲਾਹੌਰੀ ਬਾਲੀ ਜੀ ਦੀ ਅਗਵਾਈ ਹੇਠ ਛਪਦੀ ਭੀਮ ਪੱਤਰਕਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਆਪਣੇ ਵੱਲੋਂ ਮੇਅਰ ਦੀ ਲੜੀ ਗਈ ਚੋਣ ਅਤੇ ਉਸ ਵਿੱਚ ਪ੍ਰਾਪਤ ਕਾਮਯਾਬੀ ਦਾ ਸਿਹਰਾ ਉਥੋਂ ਦੇ ਜਾਗਰਿਤ ਲੋਕਾਂ ਦੇ ਸਿਰ ਬੰਨਿਆ। ਉਨ੍ਹਾਂ ਨੇ ਕਿਹਾ ਕਿ ਯੂਕੇ ਦੇ ਅੰਬੇਡਕਰੀਆਂ ਦੇ ਨਿਰੰਤਰ ਯਤਨਾਂ ਦੇ ਸਿੱਟੇ ਵਜੋਂ ਅੱਜ ਯੂਰਪ, ਅਮਰੀਕਾ ਅਤੇ ਕਨੇਡਾ ਵਿਚ ਬਾਬਾ ਸਾਹਿਬ ਦੀ ਵਿਚਾਰਧਾਰਾ ਅਤੇ ਬੁੱਧ ਧਰਮ ਦਾ ਪ੍ਰਸਾਰ ਤੇ ਪ੍ਰਚਾਰ ਹੋ ਰਿਹਾ ਹੈ। ਸ੍ਰੀ ਬੀ ਡੀ ਬੈਂਸ ਨੇ ਐਨਆਰਆਈ ਡੈਲੀਗੇਸ਼ਨ ਵੱਲੋਂ ਨੇਪਾਲ ਅਤੇ ਭਾਰਤ ਵਿੱਚ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਨਾਲ ਜੁੜੇ ਇਤਿਹਾਸਿਕ ਸਥਾਨਾਂ ਦੀ ਵਰਤਮਾਨ ਸਥਿਤੀ ਦਾ ਜ਼ਿਕਰ ਵੀ ਕੀਤਾ। ਇੰਗਲੈਂਡ ਤੋਂ ਛਪਦੇ 'ਸਮਾਜ ਵੀਕਲੀ' ਦੇ ਮੁੱਖ ਸੰਪਾਦਕ ਸ੍ਰੀ ਦਵਿੰਦਰ ਚੰਦਰ ਨੇ ਯੂਕੇ ਵਿਖੇ ਡਾ. ਅੰਬੇਡਕਰ ਅਤੇ ਤਥਾਗਤ ਬੁੱਧ ਦੇ ਇਤਿਹਾਸਿਕ ਪਰੀਪੇਖ ਦਾ ਜ਼ਿਕਰ ਕਰਦਿਆਂ ਉੱਥੇ ਵੱਸਦੇ ਐਨਆਰਆਈ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨਾਲ ਸਬੰਧਤ ਸੰਘਰਸ਼ਸ਼ੀਲ ਸਾਥੀਆਂ ਦੇ ਯੋਗਦਾਨ ਨੂੰ ਸਿਜਦਾ ਕੀਤਾ। ਉਨ੍ਹਾਂ ਕਿਹਾ ਕਿ ਇੰਗਲੈਂਡ ਦੀ ਸੁਤੰਤਰਤਾ ਅਤੇ ਸਮਾਨਤਾ ਅਧਾਰਤ ਫਿਜ਼ਾ ਨੇ ਪੰਜਾਬ ਦੇ ਮਿਹਨਤਕਸ਼ਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਜਿਸ ਦੇ ਸਿੱਟੇ ਵਜੋਂ ਅੱਜ ਉਨ੍ਹਾਂ ਨੇ ਉੱਥੇ ਆਪਣੇ ਆਪ ਨੂੰ ਸਥਾਪਿਤ ਕਰਨ ਉਪਰੰਤ ਇੱਥੇ ਪੰਜਾਬ ਵਿੱਚ ਵੀ ਸਮਾਜ ਸੇਵੀ ਕੰਮਾਂ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਸ੍ਰੀ ਦਵਿੰਦਰ ਜੀ ਨੇ ਭਾਰਤ ਵਿੱਚ ਤਥਾਗਤ ਬੁੱਧ ਨਾਲ ਸਬੰਧਤ ਬਹੁਤੇ ਇਤਿਹਾਸਿਕ ਸਥਾਨਾਂ ਦੀ ਯੋਗ ਸੰਭਾਲ ਨਾ ਕੀਤੇ ਜਾਣ ਦਾ ਮੁੱਦਾ ਵੀ ਉਠਾਇਆ। ਬਾਬਾ ਸਾਹਿਬ ਨਾਲ ਸੰਬੰਧਿਤ ਮੁੰਬਈ ਵਿਖੇ ਸਥਾਪਿਤ ਚੈਤਯਾ ਭੂਮੀ ਵਿਖੇ ਸਿਰਫ ਹਿੰਦੀ ਭਾਸ਼ਾ ਵਿੱਚ ਪ੍ਰਸਤੁਤ ਜਾਣਕਾਰੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਦੁਨੀਆ ਭਰ ਦੇ ਲੋਕ ਉਸ ਪਵਿੱਤਰ ਸਥਾਨ ਦੀ ਯਾਤਰਾ ਕਰਨ ਆਉਂਦੇ ਹਨ।



ਉਥੇ ਅੰਗਰੇਜੀ ਭਾਸ਼ਾ ਵਿੱਚ ਵੀ ਜਾਣਕਾਰੀ ਉਪਲਬਧ ਕਰਾਉਣੀ ਚਾਹੀਦੀ ਹੈ ਅਤੇ ਸਿੱਖਿਅਤ ਗਾਈਡ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਦਾ ਵਿਚਾਰ ਸੀ ਬੁੱਧ ਧਰਮ ਅਤੇ ਬਾਬਾ ਸਾਹਿਬ ਨਾਲ ਸੰਬੰਧਿਤ ਇਤਿਹਾਸਿਕ ਸਥਾਨਾਂ ਦੀ ਯਾਤਰਾ ਲਈ ਵਿਦੇਸ਼ਾਂ ਤੋਂ ਇਲਾਵਾ ਪੰਜਾਬ ਚੋਂ ਵੀ ਰੈਗੂਲਰ ਟਰਿਪ ਜਾਣੇ ਚਾਹੀਦੇ ਹਨ। ਯੂਐਸਏ ਤੋਂ ਆਏ ਐਨਆਰਆਈ ਅਤੇ ਹਰ ਹਫਤੇ ਕਨੇਡਾ ਤੋਂ ਪ੍ਰਸਾਰਿਤ 'ਧੰਮਾ ਵੇਵਜ਼' ਦੀ ਟੀਮ ਦੇ ਸਰਗਰਮ ਸਾਥੀ ਡਾ। ਹਰਜਿੰਦਰ ਕੁਮਾਰ ਨੇ ਸ਼੍ਰੀ ਲਾਹੌਰੀ ਰਾਮ ਬਾਲੀ ਜੀ ਦੀ ਅਗਵਾਈ ਹੇਠ ਅੰਬੇਡਕਰ ਭਵਨ ਅਤੇ ਇਸਦੇ ਟਰੱਸਟੀਆਂ ਵੱਲੋਂ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਦੀ ਭਰਪੂਰ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦੇ ਜ਼ਿੰਦਗੀ ਭਰ ਦੇ ਅਣਥੱਕ ਸੰਘਰਸ਼ ਸਦਕਾ ਹੀ ਸਦੀਆਂ ਬਾਅਦ ਸਾਡੇ ਜੀਵਨ ਵਿੱਚ ਪਰਿਵਰਤਨ ਆਇਆ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਵਿਚਾਰਧਾਰਾ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾ ਕੇ ਲੋਕ ਕਲਿਆਣ ਪ੍ਰਤੀ ਸਮਰਪਿਤ ਹੋਣਾ ਚਾਹੀਦਾ ਹੈ।

ਸਮਾਗਮ ਦੇ ਅੰਤ ਵਿੱਚ ਟਰੱਸਟ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ ਨੇ ਐਨਆਰਆਈ ਡੈਲੀਗੇਸ਼ਨ ਦੇ ਮੈਂਬਰਾਂ ਸਮੇਤ ਸ਼ਾਮਿਲ ਸਰੋਤਿਆਂ ਦਾ ਹਾਰਦਿਕ ਧੰਨਵਾਦ ਕਰਦਿਆਂ ਕਿਹਾ ਕਿ 27 ਅਕਤੂਬਰ 1951 ਵਿੱਚ ਬਾਬਾ ਸਾਹਿਬ ਦੀ ਪੰਜਾਬ ਯਾਤਰਾ ਦਲਿਤ ਇਤਿਹਾਸ ਦੀ ਇੱਕ ਮਹੱਤਵਪੂਰਨ ਘਟਨਾ ਹੈ ਅੰਬੇਡਕਰ ਭਵਨ ਜਲੰਧਰ ਉਸ ਯਾਤਰਾ ਦਾ ਹੀ ਇੱਕ ਇਤਿਹਾਸਿਕ ਪ੍ਰਤੀਕ ਹੈ। ਭਵਨ ਨਾਲ ਸਬੰਧਿਤ ਅੰਬੇਡਕਰੀ ਸਾਥੀਆਂ ਨੇ ਬਾਬਾ ਸਾਹਿਬ ਦੇ ਦਰਸ਼ਨ, ਸੂਝ ਅਤੇ ਦ੍ਰਿਸ਼ਟੀ ਨੂੰ ਅੱਗੇ ਵਧਾਉਣ ਦਾ ਇਤਿਹਾਸਿਕ ਕਾਰਜ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਅੰਬੇਡਕਰ ਭਵਨ ਅਤੇ ਟਰੱਸਟ ਨਾਲ ਸੰਬੰਧਿਤ ਸਾਰੇ ਸਾਥੀ ਬਹੁਤ ਇਮਾਨਦਾਰੀ, ਲਗਨ ਤੇ ਮਿਹਨਤ ਨਾਲ ਬਾਬਾ ਸਾਹਿਬ ਅਤੇ ਤਥਾਗਤ ਬੁੱਧ ਦੀ ਵਿਚਾਰਧਾਰਾ ਦੇ ਪ੍ਰਸਾਰ ਲਈ ਯਤਨਸ਼ੀਲ ਹਨ, ਜਿਸ ਦੇ ਸਿੱਟੇ ਵਜੋਂ ਅੰਬੇਡਕਰ ਭਵਨ ਇਸ ਰੂਪ ਵਿੱਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਅੰਤ ਵਿੱਚ ਚੇਅਰਮੈਨ ਸ੍ਰੀ ਸੋਹਨ ਲਾਲ ਦੀ ਅਗਵਾਈ ਹੇਠ ਅੰਬੇਡਕਰ ਭਵਨ ਟਰੱਸਟ ਦੇ ਸਮੂਹ ਮੈਂਬਰਾਂ ਵੱਲੋਂ ਐਨਆਰਆਈ ਡੈਲੀਗੇਸ਼ਨ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਸ਼੍ਰੀ ਚਰਨ ਦਾਸ ਸੰਧੂ, ਡਾ। ਸੁਰਿੰਦਰ ਅਜਨਾਤ, ਬਲਦੇਵ ਰਾਜ ਭਾਰਦਵਾਜ, ਮਹਿੰਦਰ ਸੰਧੂ, ਜਸਵਿੰਦਰ ਵਰਿਆਣਾ, ਐਡਵੋਕੇਟ ਕੁਲਦੀਪ ਭੱਟੀ, ਰਾਜ ਕੁਮਾਰ, ਐਡਵੋਕੇਟ ਹਰਭਜਨ ਸਾਂਪਲਾ, ਗੌਤਮ ਬੌਧ, ਪਿਛੌਰੀ ਲਾਲ ਸੰਧੂ, ਮਲਕੀਤ ਸਿੰਘ, ਰੂਪ ਲਾਲ, ਰਾਮ ਨਾਥ ਸੁੰਡਾ, ਪਿਆਰਾ ਸਿੰਘ ਤੇਜੀ, ਚਰਨਜੀਤ ਸਿੰਘ ਮੱਟੂ, ਰਾਮ ਲਾਲ ਦਾਸ, ਸੋਮਾ ਸਬਲੋਕ, ਮੰਜੂ, ਕਵਿਤਾ ਢਾਂਡੇ, ਹਰਭਜਨ ਨਿਮਤਾ ਆਦਿ ਸ਼ਾਮਿਲ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

### ਪਾਕਿਸਤਾਨ ਦੇ ਵਿਚ ਗੁਰੂ ਨਾਨਕ ਗੁਰਪੁਰਬ

# ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਪੁਰਬ ਸਮਾਗਮ ਮੌਕੇ ਹਜ਼ਾਰਾਂ ਸੰਗਤਾਂ ਪੁੱਜੀਆਂ













**ਨਨਕਾਣਾ ਸਾਹਿਬ ਤੋਂ**
**ਹਰਜਿੰਦਰ ਸਿੰਘ ਬਸਿਆਲਾ ਦੀ ਵਿਸ਼ੇਸ਼ ਰਿਪੋਰਟ**

**ਲਾਹੌਰ–** ਸਿੱਖ ਧਰਮ ਦੇ ਬਾਨੀ ਅਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਦੇ ਸਮਾਗਮ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਚੁੱਕੇ ਹਨ। ਪਾਕਿਸਤਾਨ ਸਰਕਾਰ ਵੱਲੋਂ ਵੀਜ਼ਾ ਪ੍ਰਣਾਲੀ ਹੋਰ ਸਰਲ ਹੋਣ ਕਰਕੇ ਜਿੱਥੇ ਵਿਦੇਸ਼ਾਂ ਦੇ ਵਿਚੋਂ ਭਾਰੀ ਗਿਣਤੀ ਦੇ ਵਿਚ ਸਿੱਖ ਸੰਗਤ ਇਥੇ ਪਹੁੰਚ ਰਹੀ ਹੈ ਉਥੇ ਪਾਕਿਸਤਾਨ ਦੇ ਸਾਰੇ ਪ੍ਰਾਂਤਾ ਵਿਚੋਂ ਬਹੁਤ ਸਾਰੀ ਸੰਗਤ ਵੀ ਇਥੇ ਪਹੁੰਚ ਚੁੱਕੀ ਹੈ। ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਦੇ ਵਿਚ 800 ਦੇ ਕਰੀਬ ਸੰਗਤ ਅਤੇ ਭਾਰਤ ਦੇ ਹੋਰ ਕਈ ਥਾਵਾਂ ਤੋਂ ਸੰਗਤ ਅੱਜ ਗੁਰਦੁਆਰਾ ਨਨਕਾਣਾ ਸਾਹਿਬ ਪੁੱਜੀ ਜਿਸ ਦਾ ਨਿੱਘਾ ਸਵਾਗਤ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਜਿਨ੍ਹਾਂ ਵਿਚ ਸ. ਰਮੇਸ਼ ਸਿੰਘ ਅਰੋੜਾ (ਘੱਟ ਗਿਣਤੀ ਮੰਤਰਾਲੇ ਦੇ ਮੰਤਰੀ) ਵੀ ਸ਼ਾਮਿਲ ਸਨ, ਵੱਲੋਂ ਕੀਤਾ ਗਿਆ। ਇਸ ਜੱਥੇ ਨੂੰ ਵੱਖ-ਵੱਖ ਏ. ਸੀ. ਬੱਸਾਂ ਰਾਹੀਂ ਸ੍ਰੀ ਨਨਕਾਣਾ ਸਾਹਿਬ ਲਿਆਂਦਾ ਗਿਆ ਅਤੇ ਅਗਲੇ ਦਿਨਾਂ ਦੇ ਵਿਚ ਇਹ ਜੱਥਾ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਪੰਜਾ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਂ ਦੇ ਦਰਸ਼ਨ ਕਰਨ ਜਾਵੇਗਾ। ਕੱਲ੍ਹ ਤੋਂ ਸ਼ੁਰੂ ਹੋਏ ਇਨ੍ਹਾਂ ਤਿੰਨ ਦਿਨਾਂ ਸਮਾਗਮਾਂ ਦੇ ਆਖਰੀ ਦਿਨ ਲੱਖਾਂ ਦੀ ਗਿਣਤੀ ਦੇ ਵਿਚ ਸੰਗਤਾਂ ਦੇ ਪੁੱਜਣ ਦੀ ਉਮੀਦ ਹੈ, ਜਿਸ ਨੂੰ ਵੇਖਦਿਆਂ ਸਰਕਾਰ ਨੇ ਸੁਰੱਖਿਆ ਦੇ ਪੁਖਤਾ ਇੰਤਜਾਮ ਕੀਤੇ ਹੋਏ ਹਨ। ਖਾਸ ਗੱਲ ਇਹ ਹੈ ਕਿ ਪ੍ਰਸਾਸ਼ਣ ਆਮ ਲੋਕ, ਨਨਕਾਣਾ ਸਾਹਿਬ ਵਿਖੇ ਪੁੱਜਣ ਵਾਲੀ ਸੰਗਤ ਦਾ ਬਹੁਤ ਅਦਬ ਨਾਲ ਮਾਨ-ਸਤਿਕਾਰ ਕਰ ਰਹੇ ਹਨ ਅਤੇ ਹਰ ਤਰ੍ਹਾਂ ਨਾਲ ਸਹਿਯੋਗ ਕਰ ਰਹੇ ਹਨ।



ਧੁੰਦ ਤੇ ਧੁੰਏ ਵਾਲਾ ਮੌਸਮ ਹੋਣ ਦੇ ਬਾਵਜੁਦ ਵੀ ਗੁਰਦੁਆਰਾ ਪ੍ਰਬੰਧਾਂ ਦੇ ਵਿਚ ਕਿਸੇ ਵੀ ਤਰ੍ਹਾਂ ਦੀ ਊਨਤਾਈ ਨਜ਼ਰ ਨਹੀਂ ਆ ਰਹੀ। ਨਿੱਕੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਮਾਤਾਵਾਂ, ਖਾਸ ਕਰ ਸਿੰਧ-ਪੇਸ਼ਾਵਰ ਤੋਂ ਪੁੱਜੀਆਂ ਨਾਨਕ ਨਾਮ ਲੇਵਾ ਸੰਗਤਾਂ ਬਹੁਤ ਉਤਸ਼ਾਹ ਤੇ ਸ਼ਰਧਾ ਨਾਲ ਸੇਵਾ ਕਰ ਰਹੀਆਂ ਹਨ। ਡਾਕਟਰ, ਇੰਜੀਨੀਅਰ ਅਤੇ ਵੱਡੇ ਕਾਰੋਬਾਰੀ ਲੰਗਰ ਅਤੇ ਹੋਰ ਸੇਵਾਵਾਂ ਬੜੀ ਨਿਮਰਤਾ ਨਾਲ ਕਰ ਰਹੇ ਹਨ, ਇਹ ਵੀ ਜ਼ਿਕਰਯੋਗ ਹੈ ਕਿ ਸਿੰਧੀ ਲੋਕਾਂ ਵੱਲੋਂ ਹਰ ਸਾਲ ਵੱਡੇ ਪੱਧਰ ਉਤੇ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ, ਬੱਸਾਂ ਦੇ ਰੂਪ ਵਿਚ ਸੇਵਾਦਾਰਾਂ ਦਾ ਕਾਫਲਾ ਕਈ ਦਿਨ ਪਹਿਲਾਂ ਪੁੱਜ ਜਾਂਦਾ ਹੈ। ਨਨਕਾਣਾ ਸਾਹਿਬ ਨੂੰ ਜੋੜਦੀਆਂ ਸਾਰੀਆਂ ਸੰਪਰਕ ਸੜਕਾਂ ਵਿਸ਼ਵ ਦੇ ਕੋਨੇ-ਕੋਨੇ ਤੋਂ ਪੁੱਜ ਰਹੀ ਸੰਗਤ ਦੇ ਨਾਲ ਰੌਣਕ ਭਰਪੂਰ ਬਣੀਆਂ ਹੋਈਆਂ ਹਨ। ਗੁਰਦੁਆਰਾ ਸਾਹਿਬ ਕੰਪਲੈਕਸ ਨੂੰ ਸੁੰਦਰ ਬਿਜਲਈ ਲੜੀਆਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਗਿਆ। ਬਾਹਰਲੇ ਵਿਹੜੇ ਦੇ ਵਿਚ ਕੀਰਤਨ ਦਰਬਾਰ ਚੱਲ ਰਿਹਾ ਹੈ।ਅੱਜ ਇਥੇ ਸਵੇਰ ਤੋਂ ਹੀ ਨਤਮਸਤਕ ਹੋਣ ਦੇ ਲਈ ਸੰਗਤਾਂ ਲੰਬੀਆਂ-ਲੰਬੀਆਂ ਕਤਾਰਾਂ ਦੇ ਵਿਚ ਬੱਚਿਆਂ ਸਮੇਤ ਜੁੜਦੀਆਂ ਨਜ਼ਰ ਆਈਆਂ। ਸੰਗਤ ਸਰੋਵਰ ਦੇ ਵਿਚ ਇਸ਼ਨਾਨ ਕਰਕੇ ਮੱਥਾ ਟੇਕਣ ਵੀ ਜਾ ਰਹੀ ਸੀ।

ਇਸ ਵਾਰ ਇਹ ਵੀ ਵੇਖਣ ਨੂੰ ਮਿਲਿਆ ਕਿ ਲਾਹੌਰ ਤੋਂ ਫੈਸਲਾਬਾਦ, ਨਨਕਾਣਾ ਸਾਹਿਬ ਤੇ ਸ਼ਾਹਕੋਟ ਤੱਕ ਪੈਂਦੇ ਹੋਟਲ, ਮੋਟਲ, ਸਰਾਵਾਂ ਦੇ ਵਿਚ ਠਹਿਰਣ ਦੇ ਲਈ ਜਗ੍ਹਾ ਨਹੀਂ ਮਿਲ ਰਹੀ। ਗਿਣਤੀ ਐਨੀ ਜਿਆਦਾ ਹੈ ਕਿ ਲੋਕ ਗੁਰਦੁਆਰਾ ਸਾਹਿਬ ਦੇ ਵਿਹੜੇ ਵਿਚ ਨਿੱਜੀ ਟੈਂਟ ਲਗਾ ਕੇ ਰਹਿ ਰਹੇ ਹਨ।


ਭਲਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਉਤੇ ਆਯੋਜਿਤ ਕੀਤਾ ਜਾਣ ਵਾਲਾ ਮਹਾਨ ਨਗਰ ਕੀਰਤਨ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਆਰੰਭ ਹੋਵੇਗਾ ਅਤੇ ਫਿਰ ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਬਾਲ ਲੀਲਾ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਕਿਆਰਾ ਸਾਹਿਬ ਰਾਹੀਂ ਹੋ ਕੇ ਵਾਪਿਸ ਪਰਤੇਗਾ।

ਸੰਗਤਾ ਦੇ ਲਈ ਗੁਰੂ ਕਾ ਲੰਗਰ ਅਤੁੱਟ ਵਰਤ ਰਿਹਾ ਸੀ ਜਿਸ ਦੇ ਵਿਚ ਕਈ ਤਰ੍ਹਾਂ ਦੀਆਂ ਸਬਜ਼ੀਆਂ, ਪ੍ਰਸ਼ਾਦੇ, ਮਿੱਠੇ ਅਤੇ ਲੂਣ ਵਾਲੇ ਚੌਲਾਂ, ਸਲਾਦ ਅਤੇ ਚਾਹ-ਪਾਣੀ ਸਮੇਤ ਹੋਰ ਬਹੁਤ ਕੁਝ ਵਰਤਾਇਆ ਜਾ ਰਿਹਾ ਸੀ। ਸਿਹਤ ਵਿਭਾਗ ਅਤੇ ਐਂਬੂਲੈਂਸ ਸੇਵਾਵਾਂ ਵੀ ਇਥੇ ਮੌਜੂਦ ਸਨ।

# ਆਓ ਪਿਆਰੇ ਸੱਜਣ ਕਲਾਕਾਰ ਜਸਬੀਰ ਜੱਸੀ ਨੂੰ ਯਾਦ ਕਰੀਏ

**ਵੈਨਕੂਵਰ (ਕੁਲਦੀਪ ਚੁੰਬਰ)**-ਜਿਉਂ ਹੀ ਸਵੇਰੇ ਸੋਸ਼ਲ ਮੀਡੀਆ ਦਾ ਅਕਾਊਂਟ ਰਨਅੱਪ ਕੀਤਾ ਤਾਂ ਬੜੇ ਹੀ ਸੂਝਵਾਨ ਲੇਖਕ ਸੁਰਿੰਦਰ ਸੇਠੀ ਲੁਧਿਆਣਾ ਵਲੋਂ ਬਹੁਤ ਹੀ ਪਿਆਰੇ ਨੇਕ ਦਿਲ ਸੱਜਣ ਕਲਾਕਾਰ ਜਸਬੀਰ ਜੱਸੀ ਨੂੰ ਉਨਾਂ ਨੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਹੋਏ ਸਨ, ਜਿਸ ਨੂੰ ਪੜ੍ਹ ਕੇ ਮਨ ਉਦਾਸ ਹੋ ਗਿਆ। ਸੁਰਿੰਦਰ ਸੇਠੀ ਹੁਰਾਂ ਜਾਣਕਾਰੀ ਪ੍ਰਦਾਨ ਕਰਦਿਆਂ ਦੱਸਿਆ ਕਿ ਬੀਤੇ ਸਾਲ 2023 ਨੂੰ ਪੰਜਾਬੀ ਸੰਗੀਤ ਜਗਤ ਦਾ ਸੁਰੀਲਾ ਗਾਇਕ ਜਸਵੀਰ ਜੱਸੀ ( ਦੋਗਾਣਾ ਜੋੜੀ ਜਸਵੀਰ ਜੱਸੀ ਤੇ ਬੀਬਾ ਹੁਸਨਪ੍ਰੀਤ ਹੰਸ ਮਿਊਜਿਕਲ ਗਰੁੱਪ ਦਾ ਮੁੱਖ ਗਾਇਕ ) ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਇਸ ਹਰਮਨ ਪਿਆਰੇ ਫਨਕਾਰ ਦੀ ਮਿੱਠੀ ਯਾਦ ਅੱਜ ਵੀ ਫਿਜ਼ਾ ਵਿੱਚ ਮਿਸ਼ਰੀ ਘੋਲਦੀ ਹੈ । ਇਹ ਅਦਬੀ ਗਾਇਕ ਨੇ ਆਪਣੀ ਮਾਣਮੱਤੀ ਕਲਾ ਨਾਲ ਸੰਗੀਤ ਜਗਤ ਵਿੱਚ ਹੋਂਦ ਸਥਾਪਿਤ ਕਰ ਲਈ ਸੀ । ਇਸ ਹਰਦਿਲ ਅਜ਼ੀਜ਼ ਗਾਇਕ ਜੋੜੀ ਨੂੰ ਅਜਿਹੀ ਕਿਸੇ ਦੀ ਕੁਲੱਖਣੀ ਨਜ਼ਰ ਲੱਗ ਗਈ ਕਿ ਹੱਸਦੀ ਖੇਡਦੀ ਪ੍ਰੀਵਾਰਕ ਫੁੱਲਵਾੜੀ ਵਿੱਚ ਭੰਗਣਾ ਪੈ ਗਿਆ । ਅੱਜ ਉਸ ਫਨਕਾਰ ਗਾਇਕ ਜੋੜੀ ਦੀ ਸਹਿ-ਗਾਇਕਾ ਬੀਬਾ ਹੁਸਨਪ੍ਰੀਤ ਹੰਸ ਇਕ ਵਿਰਹਾ ਦੇ ਸਲ ਅੰਦਰ ਝੁਲਸਣ ਜੋਗੀ ਰਹਿ ਗਈ ਹੈ। ਅੱਜ ਭਾਵੇਂ ਇਹ ਹਰਦਿਲ ਅਜ਼ੀਜ਼ ਗਾਇਕਾ ਪ੍ਰੀਵਾਰਕ ਪਰਵਰਿਸ਼ ਲਈ ਸਟੇਜਾਂ ਤੇ ਮੁਸਕਰਾ ਲੈਂਦੀ ਹੈ। ਪਰ ਵਿਲਕਦੀ ਹੋਈ ਕੂੰਜ ਵਾਂਗ ਵਲੂੰਦਰੇ ਹਿਰਦੇ ਨਾਲ ਆਪਣਾ ਜੀਵਨ ਬਤੀਤ ਕਰਦੀ ਹੈ। ਅੱਜ ਅਸੀਂ ਇਸ ਗਾਇਕ ਦੀ ਯਾਦ ਆਂਉਂਦੇ ਹੀ ਮਨ ਉਦਾਸ ਹੈ। ਅੱਜ ਮੈਨੂੰ ਇਸ ਹਰਮਨ ਪਿਆਰੇ ਗਾਇਕ ਨੂੰ ਚੇਤੇ ਕਰਦਿਆਂ ਨਮ ਅਤੇ ਸੇਜ਼ਲ ਅੱਖਾਂ ਨਾਲ ਗਮਗੀਨ ਸ਼ਰਧਾਂਜਲੀ ਭੇਟ ਕਰਦਾ ਹੋਇਆ ਪ੍ਰਮਾਤਮਾ ਪਾਸ ਦੁਆ ਕਰਦਾ ਕਿ ਇਸ ਗਾਇਕ ਦੇ ਪ੍ਰੀਵਾਰ ਨੂੰ ਹਮੇਸ਼ਾ ਤੰਦਰੁਸਤ , ਸਿਹਤਮੰਦ ਰਾਜ਼ੀ ਖੁਸ਼ੀ ਰੱਖੇ । ਰੱਬ ਰਾਖਾ। ਇਸ ਗਮਗੀਨ ਮਾਹੌਲ ਵਿੱਚ ਮੈਨੂੰ ਇੱਕ ਸ਼ਾਇਰ ਦੀਆਂ ਸਤਰਾਂ ਯਾਦ ਆ ਗਈਆਂ ...

ਦਿਨ ਰਾਤ ਸੋਚਦਾ ਹਾਂ, ਪੁੱਛਾਂ ਮੈਂ ਵਕਤ ਕੋਲੋਂ
ਗੁੰਮਨਾਮੀਆਂ ਨੇ ਖਾ ਲਏ, ਕਿੰਨੇ ਅਦੀਬ ਸਾਡੇ।



# ਜੀ. ਐਚ. ਜੀ. ਅਕੈਡਮੀਂ ਫਰਿਜ਼ਨੋ ਦੀ ਹੋਈ ਮੀਟਿੰਗ ਅਤੇ ਪੇਸ਼ ਕੀਤਾ ਲੇਖਾ-ਜੋਖਾ "ਚੋਣ ਜਿੱਤਣ 'ਤੇ ਸਿੱਧੂ ਪਰਿਵਾਰ ਨੂੰ ਦਿੱਤੀ ਵਧਾਈ"



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀ. ਐਚ. ਅਕੈਡਮੀਂ ਫਰਿਜ਼ਨੋ ਦੇ ਮੁੱਖ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਅਹਿਮ ਮੀਟਿੰਗ ਪਰਗਟ ਸਿੰਘ ਧਾਲੀਵਾਲ ਦੇ ਘਰ ਵਿਖੇ ਹੋਈ। ਜਿਸ ਵਿੱਚ 2024 ਦੀਆਂ ਗਤੀਵਿਧੀਆਂ ਅਤੇ 2025 ਵਿੱਚ ਆਉਣ ਵਾਲੇ ਪ੍ਰੋਗਰਾਮਾਂ ਸੰਬੰਧੀ ਖੁੱਲ ਕੇ ਵਿਚਾਰ ਵਟਾਂਦਰੇ ਕੀਤੇ ਗਏ। ਇਸ ਸਮੇਂ ਬਸੰਤ ਸਿੰਘ ਧਾਲੀਵਾਲ ਨੇ 2024 ਦੇ ਲੇਖੇ-ਜੋਖੇ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਵੱਲੋਂ ਪੂਰਨ ਤਸੱਲੀ ਪ੍ਰਗਟ ਕੀਤੀ ਗਈ। ਇਸ ਤੋਂ ਇਲਾਵਾ ਸਮੂੰਹ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਮੀਟਿੰਗ ਵਿੱਚ ਤਹਿ ਹੋਇਆ ਕਿ ਅਕੈਡਮੀਂ ਵੱਲੋਂ ਸਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਿਕ ਪਿਕਨਿਕ 29 ਮਾਰਚ 2025, ਦਿਨ ਸ਼ਨੀਵਾਰ ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਹਰ ਸਾਲ ਦੀ ਤਰਾਂ ਕਰਵਾਈ ਜਾਵੇਗੀ।

ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਕਾਂ ਵੱਲੋਂ ਸਮੂੰਹ ਸਥਾਨਿਕ ਸੰਸਥਾਵਾਂ ਅਤੇ ਜੱਥੇਬੰਦੀਆਂ ਨੂੰ ਨਿਮਰਤਾ ਸਾਹਿਤ ਅਪੀਲ ਕੀਤੀ ਗਈ ਕਿ ਬੱਚਿਆਂ ਦੇ ਇਸ ਪ੍ਰੋਗਰਾਮ ਵਿੱਚ ਤੁਹਾਡੇ ਪੂਰਨ ਸਹਿਯੋਗ ਦੀ ਜ਼ਰੂਰਤ ਹੈ। ਇਸ ਲਈ ਕਿਰਪਾ ਕਰਕੇ 29 ਮਾਰਚ 2025 ਨੂੰ ਕੋਈ ਹੋਰ ਪ੍ਰੋਗਰਾਮ ਨਾਂ ਰੱਖਿਆ ਜਾਵੇ।

ਇਸ ਸਮੇਂ ਖਾਸ ਤੌਰ 'ਤੇ ਅਕੈਡਮੀਂ ਦੀ ਪ੍ਰਬੰਧਕ ਕਮੇਟੀ ਦੇ ਬਹੁਤ ਹੀ ਹੋਣਹਾਰ ਸੀਨੀਅਰ ਕੋਚ ਜਸਪ੍ਰੀਤ ਸਿੰਘ ਸਿੱਧੂ ਨੂੰ ਸੈਂਟਰਲ ਸਕੂਲ ਬੋਰਡ ਦੇ ਟਰੱਸਟੀ ਮੈਂਬਰ ਦੀ ਚੋਣ ਜਿੱਤਣ ਤੇ ਪ੍ਰਬੰਧਕੀ ਬੋਰਡ ਵੱਲੋ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਮੂੰਹ ਸਿੱਧੂ ਪਰਿਵਾਰ ਨੂੰ ਮੁਬਾਰਕਵਾਦ ਦਿੱਤੀ ਗਈ।

ਜੀ. ਐਚ. ਜੀ. ਅਕੈਡਮੀਂ ਵੱਲੋਂ ਸਲਾਨਾ 'ਯੁਵਕ ਮੇਲਾ-2025' ਹਰ ਸਾਲ ਦੀ ਤਰਾਂ ਜੁਲਾਈ ਮਹੀਨੇ ਵਿੱਚ ਹੋਵੇਗਾ। ਜਿਸ ਸੰਬੰਧੀ ਵਧੇਰੇ ਜਾਣਕਾਰੀ ਆਉਣ ਵਾਲੇ ਸਮੇਂ ਵਿੱਚ ਦਿੱਤੀ ਜਾਵੇਗੀ। ਅਕੈਡਮੀਂ ਦੀਆਂ ਵਧੇਰੇ ਗਤੀਵਿਧੀਆਂ ਜਾਂ ਆਪਣੇ ਬੱਚਿਆਂ ਨੂੰ ਗਿੱਧੇ-ਭੰਗੜੇ ਦੀ ਸਿੱਖਲਾਈ ਲਈ ਗੁਰਦੀਪ ਸਿੰਘ ਸ਼ੇਰਗਿੱਲ 559-349-1481 , ਉਦੈਦੀਪ ਸਿੰਘ ਸਿੱਧੂ 559-355-4065 ਜਾਂ ਪਰਮਜੀਤ ਸਿੰਘ ਧਾਲੀਵਾਲ ਨਾਲ 559-351-9465 ਸੰਪਰਕ ਕੀਤਾ ਜਾ ਸਕਦਾ ਹੈ।

# ਸਮਾਜ ਸੇਵੀ ਅਤੇ ਕੁਸ਼ਲ ਪ੍ਰਬੰਧਕ : ਹੈਡਮਾਸਟਰ ਇੰਦਰ ਸਿੰਘ ਢੀਂਡਸਾ



ਮੇਜਰ ਸਿੰਘ ਨਾਭਾ
91-94635-53962

ਜ਼ਿੰਦਗੀ ਦੇ ਨੌ ਦਹਾਕੇ ਬਤੀਤ ਕਰਨ ਵਾਲੇ ਸ਼੍ਰ. ਇੰਦਰ ਸਿੰਘ ਢੀਂਡਸਾ ਇੱਕ ਬਹੁ-ਪੱਖੀ ਸ਼ਖਸੀਅਤ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਪੰਜਾਬ ਦੀ ਵੰਡ ਸਮੇਂ ਉਨ੍ਹਾਂ ਨੇ ਜਵਾਨੀ 'ਚ ਪੈਰ ਧਰਿਆ ਹੀ ਸੀ ਕਿ ਉਨ੍ਹਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਇਹ ਦੁਖਾਂਤ ਵਾਪਰਦਾ ਦੇਖਣਾ ਪਿਆ। ਉਨ੍ਹਾਂ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਕਿਸ਼ਨ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਦੰਦਰਾਲਾ ਢੀਂਡਸਾ ਵਿਖੇ 4 ਜੂਨ 1929 ਨੂੰ ਹੋਇਆ ਤਾਂ ਦਾਦਾ ਸ਼੍ਰ. ਨਰਾਇਣ ਸਿੰਘ ਅਤੇ ਦਾਦੀ ਬਸੰਤ ਕੌਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਮੁਢਲੀ ਪੜ੍ਹਾਈ ਦੀ ਸ਼ੁਰੂਆਤ ਸਮੇਂ ਪਹਿਲੀ ਜਮਾਤ ਵਿੱਚ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਤੰਦਾਬੱਧਾ ਵਿਖੇ ਦਾਖਲਾ ਲੈ ਲਿਆ। ਸਕੂਲ ਛੱਡ ਕੇ ਉਹ ਪਿੰਡ ਹੀ ਸੂਬੀਆ ਖਾਂ ਕੋਲ ਪੜ੍ਹਨ ਲੱਗ ਪਏ ਅਤੇ ਗੁਰਦੁਆਰਾ ਸਾਹਿਬ ਵਿਖੇ ਇੱਕ ਹੋਰ ਅਧਿਆਪਕ ਨੇ ਵੀ ਪ੍ਰਾਈਵੇਟ ਤੌਰ ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੰਜਵੀਂ ਸ਼੍ਰੇਣੀ ਵਿੱਚ ਦਾਖਲਾ ਐਂਗਲੋ ਵਰਨੇਕੂਲਰ ਸਕੂਲ ਚੌਂਦਾ (ਸੰਗਰੂਰ) ਵਿਖੇ ਲੈ ਲਿਆ। ਅੱਠਵੀਂ ਉਨ੍ਹਾਂ ਨੇ 1945 ਵਿੱਚ ਇਸੇ ਸਕੂਲ ਤੋਂ ਪਹਿਲੇ ਨੰਬਰ ਤੇ ਰਹਿ ਕੇ ਪਾਸ ਕਰ ਲਈ। ਇਸੇ ਸਾਲ ਉਨ੍ਹਾਂ ਦਾ ਵਿਆਹ ਪਿੰਡ ਰੈਸਲ ਦੇ ਸ਼੍ਰ. ਮੋਤਾ ਸਿੰਘ ਦੀ ਪੁੱਤਰੀ ਬੀਬੀ ਜਸਵੰਤ ਕੌਰ ਨਾਲ ਹੋ ਗਿਆ ਪਰ ਵਿਆਹ ਹੋਣ ਦੇ ਬਾਵਜੂਦ ਉਨ੍ਹਾਂ ਨੇ ਪੜ੍ਹਾਈ ਨੂੰ ਜਾਰੀ ਰੱਖਦੇ ਹੋਏ ਨੌਵੀਂ ਸ਼੍ਰੇਣੀ 'ਚ ਦਾਖਲਾ ਆਰੀਆ ਹਾਈ ਸਕੂਲ ਨਾਭਾ ਵਿਖੇ ਲੈ ਲਿਆ ਅਤੇ 1947 ਵਿੱਚ ਪਹਿਲੇ ਸਥਾਨ ਤੇ ਰਹਿ ਕੇ ਦਸਵੀਂ ਪਾਸ ਕਰ ਲਈ।ਇਸ ਉਪਰੰਤ ਉਨ੍ਹਾਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਕੇ 1951 ਵਿੱਚ ਬੀ.ਏ. ਕਰ ਲਈ। ਉਹ ਕਾਲਜ ਸਮੇਂ ਦੌਰਾਣ ਵਾਲੀਵਾਲ ਦੇ ਵਧੀਆ ਖਿਡਾਰੀ ਰਹੇ।ਕਾਲਜ ਦੀ ਵਾਲੀਵਾਲ ਟੀਮ ਦੇ ਕੈਪਟਨ ਹੋਣਾ ਉਨ੍ਹਾਂ ਅੰਦਰਲੀ ਵਧੀਆ ਸਪੋਰਟਸਮੈਨਸ਼ਿਪ ਦੀ ਗਵਾਹੀ ਭਰਦਾ ਹੈ। ਉਨ੍ਹਾਂ ਨੇ ਪੰਜਾਬ ਦੀ ਵੰਡ ਤੋਂ ਬਾਅਦ ਵਲੰਟੀਅਰ ਦੇ ਤੌਰ ਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੀੜ੍ਹਤਾਂ ਦੀ ਕਈ ਤਰ੍ਹਾਂ ਨਾਲ ਮਦਦ ਵੀ ਕੀਤੀ। ਸਰਕਾਰੀ ਕਾਲਜ ਲੁ-ਧਿਆਣੇ ਤੋਂ ਉਨ੍ਹਾਂ ਨੇ ਐਮ.ਏ. (ਜਿਊਗਰਫੀ) 1953 'ਚ ਕਰ ਲਈ ।ਅਧਿਆਪਕ ਕਿੱਤੇ ਨੂੰ ਤਰਜੀਹ ਦਿੰਦੇ ਹੋਏ ਉਨ੍ਹਾਂ ਨੇ ਫਰੀਦਕੋਟ ਕਾਲਜ ਤੋਂ ਬੀ.ਟੀ. ਦੀ ਪੜ੍ਹਾਈ 1956 ਵਿੱਚ ਕਰ ਲਈ। ਇਹ ਸਾਰੀ ਉਚੇਰੀ ਪੜ੍ਹਾਈ ਉਨ੍ਹਾਂ ਨੇ ਵਿਆਹ ਤੋਂ ਬਾਅਦ ਪ੍ਰਾਪਤ ਕੀਤੀ ਜੋ ਕਿ ਉਸ ਸਮੇਂ ਕਠਿਨ ਕੰਮ ਸੀ। ਉਨ੍ਹਾਂ ਦੀ ਨਿਯੁਕਤੀ ਬਤੌਰ ਅਧਿਆਪਕ ਹੋਣ ਤੇ ਪਹਿਲੀ ਹਾਜ਼ਰੀ 25 ਅਕਤੂਬਰ 1956 ਨੂੰ ਉਨ੍ਹਾਂ ਨੇ ਸਰਕਾਰੀ ਮਿਡਲ ਸਕੂਲ ਬੇਰ-ਾਵਾਸ ਜਿਲ੍ਹਾ ਮਹਿੰਦਰਗੜ੍ਹ (ਹੁਣ ਹਰਿਆਣਾ) ਵਿਖੇ ਦਿੱਤੀ।

ਇਥੇ ਉਨ੍ਹਾਂ ਨੇ ਸੀਨੀਅਰ ਹੋਣ ਦੇ ਨਾਤੇ ਬਤੌਰ ਮੁੱਖ ਅਧਿਆਪਕ 23 ਨਵੰਬਰ 1957 ਤੱਕ ਕੰਮ ਕੀਤਾ ਤੇ ਉਨ੍ਹਾਂ ਦੀ ਬਦਲੀ ਸ. ਮਿ. ਸ. ਕੁਰਾੜ (ਸੰਗਰੂਰ) ਵਿਖੇ ਹੋ ਗਈ। ਇਸ ਤੋਂ ਬਾਅਦ ਸ.ਹ.ਸ.ਧਨੌਲਾ (ਸੰਗਰੂਰ) ਵਿਖੇ ਬਤੌਰ ਸੀਨੀਅਰ ਮਾਸਟਰ ਬਦਲੀ ਹੋਣ ਤੇ 10 ਜੁਲਾਈ 1958 ਨੂੰ ਹਾਜ਼ਰੀ ਦਿੱਤੀ। ਬਤੌਰ ਲੈਕਚਰਾਰ (ਜੋਗਰਫੀ) ਤਰੱਕੀ ਹੋਣ ਉਪਰੰਤ ਉਨ੍ਹਾਂ ਦੀ ਪੋਸਟਿੰਗ 18 ਅਪ੍ਰੈਲ 1961 ਨੂੰ ਸਰਕਾਰੀ ਸੈਕੰਡਰੀ ਸਕੂਲ ਨਾਭਾ ਵਿਖੇ ਹੋ ਗਈ ।ਇਥੋਂ ਹੀ ਉਨ੍ਹਾਂ ਦੀ ਅਡਜਸ਼ਟਮੈਂਟ ਸਰਕਾਰੀ ਸੀਨੀ: ਸੈਕੰ: ਸਕੂਲ (ਗਰਲਜ਼) ਗੋਬਿੰਦਗੜ੍ਹ ਵਿਖੇ ਹੋ ਗਈ, ਤਕਰੀਬਨ ਤਿੰਨ ਮਹੀਨੇ ਸੇਵਾ ਕਰਨ ਉਪਰੰਤ ਮੁੜ ਵਾਪਸ ਨਾਭੇ ਸਕੂਲ ਆ ਗਏ।ਇਥੇ ਉਨ੍ਹਾਂ ਨੇ 1967 ਤੱਕ ਕੰਮ ਕੀਤਾ ਇਸ ਉਪਰੰਤ ਉਨ੍ਹਾਂ ਦੀ ਬਦਲੀ ਸ.ਸ.ਸਕੂਲ (ਲੜਕੇ) ਬਸੀ ਪਠਾਨਾ ਵਿਖੇ ਹੋਣ ਤੇ 1973 ਤੱਕ ਬਤੌਰ ਲੈਕਚਰਾਰ (ਜੋਗਰਫੀ) ਕੰਮ ਕੀਤਾ।ਤਰੱਕੀ ਹੋਣ ਉਪਰੰਤ ਬਤੌਰ ਹੈਡਮਾਸਟਰ ਉਹ ਸਰਕਾਰੀ ਹਾਈ ਸਕੂਲ ਬਾਗੋਵਾਣੀ (ਗੁਰਦਾਸਪੁਰ) ਵਿਖੇ ਸੰਨ 1973 ਨੂੰ ਹਾਜ਼ਰ ਹੋਏ। ਅਗਲੇ ਸਾਲ 1974 ਵਿੱਚ ਸ.ਹ.ਸ. ਸੌਜਾ (ਪਟਿਆਲਾ) ਵਿਖੇ ਬਤੌਰ ਹੈਡਮਾਸਟਰ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕੀਤੀ। ਇਥੇ ਉਨ੍ਹਾਂ ਲੰਬਾ ਸਮਾਂ 18 ਅਪ੍ਰੈਲ 1985 ਤੱਕ ਸਕੂਲ ਦੀ ਸੇਵਾ ਕੀਤੀ ਅਤੇ ਬਦਲੀ ਹੋਣ ਤੇ ਆਖਰੀ ਸਮੇਂ ਸ.ਹ.ਸ. ਧਬਲਾਨ ਵਿਖੇ ਉਨ੍ਹਾਂ ਨੇ ਤਕਰੀਬਨ ਦੋ ਸਾਲ ਤੋਂ ਵੱਧ ਸਮਾਂ ਸਕੂਲ ਨੂੰ ਵਧੀਆ ਤਰੀਕੇ ਨਾਲ ਚਲਾਇਆ। ਉਹ ਇੱਕ ਸੂਝਵਾਨ ਕੁਸ਼ਲ ਪ੍ਰਬੰਧਕ ਰਹੇ ਹਨ। ਵੱਖ-ਵੱਖ ਸਕੂਲਾਂ ਵਿੱਚ ਤਕਰੀਬਨ 31 ਸਾਲ ਦੀ ਸ਼ਾਨਦਾਰ ਅਤੇ ਬੇਦਾਗ ਸੇਵਾ ਕਰਨ ਉਪਰੰਤ ਸ਼੍ਰ. ਇੰਦਰ ਸਿੰਘ ਢੀਂਡਸਾ ਸ.ਹ.ਸ. ਧਬਲਾਨ (ਪਟਿਆਲਾ) ਤੋਂ 30 ਜੂਨ 1987 ਨੂੰ ਸੇਵਾ ਮੁਕਤ ਹੋ ਗਏ।



ਇੰਦਰ ਸਿੰਘ ਢੀਂਡਸਾ ਸੇਵਾ ਮੁਕਤੀ ਉਪਰੰਤ ਸਿੱਖਿਆ ਕਾਰਜਾਂ ਅਤੇ ਸਮਾਜ ਸੇਵਾ ਨਾਲ ਜੁੜੇ ਹੋਏ ਹਨ।ਉਹ ਸ਼ਹਿਰ ਦੇ ਨਾਮਵਰ ਸਰਕਾਰੀ ਜੂਨੀਅਰ ਮਾਡਲ ਸਕੂਲ ਨਾਭਾ ਦੇ ਤਕਰੀਬਨ 10 ਸਾਲ ਪੀ.ਟੀ.ਏ. ਦੇ ਪ੍ਰਧਾਨ ਰਹਿ ਚੁੱਕੇ ਹਨ। ਇਸ ਅਰਸ਼ੇ ਦੌਰਾਣ ਉਨ੍ਹਾਂ ਦੀ ਦੇਖ-ਰੇਖ ਹੇਠ ਸਕੂਲ ਦੀ ਦਿੱਖ ਸੰਵਾਰਨ ਅਤੇ ਬੱਚਿਆਂ ਨੂੰ ਬੇਹਤਰ ਸਹੂਲਤਾਂ ਦੇਣ ਲਈ ਉਨ੍ਹਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਹੀ ਸ.ਸ.ਸ.ਸ. (ਲੜਕੇ) ਨਾਭਾ ਦੇ ਪ.ਸ.ਵ.ਕ. ਕਮੇਟੀ ਦੇ ਪ੍ਰਧਾਨ ਵੀ ਰਹੇ। ਸੀਨੀਅਰ ਸਿਟੀਜਨ ਲਈ ਸ਼ਹਿਰ ਵਿੱਚ ਕੋਈ ਸੰਸਥਾ ਨਾ ਹੋਣ ਕਾਰਣ ਉਨ੍ਹਾਂ ਨੇ ਆਪਣੇ ਮਿੱਤਰਾਂ ਨਾਲ ਰਲ ਕੇ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਦਾ ਗਠਨ ਕਰਵਾਇਆ। ਇਸ ਰਜ਼ਿਸਟਰਡ ਸੰਸਥਾ ਦੇ ਉਹ ਫਾਊਂਡਰ ਮੈਂਬਰ ਹਨ।ਇਸ ਸੰਸਥਾ ਦੇ ਉਹ ਦੋ ਵਾਰ 1 ਅਪ੍ਰੈਲ 2001 ਤੋਂ 31 ਮਾਰਚ 2003 ਅਤੇ 1 ਅਪ੍ਰੈਲ 2010 ਤੋਂ 31 ਮਾਰਚ 2012 ਤੱਕ ਪ੍ਰਧਾਨ ਰਹਿ ਚੁੱਕੇ ਹਨ। ਇਸ ਸੰਸਥਾ ਦੀ ਸ਼ਾਨਦਾਰ ਬਿਲਡਿੰਗ ਬਣਾਉਣ ਲਈ ਉਨ੍ਹਾਂ ਦਾ ਅਹਿਮ ਰੋਲ ਹੈ।ਉਹ ਸੰਸਥਾ ਦੀ ਬੇਹਤਰੀ ਲਈ ਨੱਬਿਆਂ ਤੋਂ ਉੱਪਰ ਪਹੁੰਚਣ ਦੇ ਬਾਵਜੂਦ ਵੀ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਇਸ ਸੰਸਥਾਂ ਨਾਲ ਬਹੁਤ ਹੀ ਗਿਆਨਵਾਨ ਅਤੇ ਸੂਝਵਾਨ ਮੈਂਬਰ ਜੁੜੇ ਹੋਏ ਹਨ। ਇਸੇ ਲਈ ਸ਼ਹਿਰ ਵਿੱਚ ਇਸ ਸੰਸਥਾ ਦਾ ਨਾਂ ਹਰ ਕਿਸੇ ਦੇ ਮੂੰਹ ਤੇ ਹੈ। ਇਹ ਸੰਸਥਾ ਬੇਸਹਾਰਾ ਬਜ਼ੁਰਗਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਨਾਲ ਹੀ ਉਹ ਅਮਲ ਸੋਸਾਇਟੀ ਨਾਭਾ ਦੇ ਐਗਜੈਕਟਿਵ ਮੈਂਬਰ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ। ਉਹ ਪੈਨਸ਼ਨਰ ਐਸੋਸ਼ੀਏਸ਼ਨ ਦੇ ਮੈਂਬਰ ਵੀ ਹਨ। ਸਾਰਥਿਕ ਸੋਚ ਦੇ ਧਾਰਨੀ ਹੋਣ ਕਰਕੇ ਉਨ੍ਹਾਂ ਨੇ ਸਮਾਜ ਦੀ ਬੇਹਤਰੀ ਲਈ ਕੰਮ ਕਰਦੇ ਰਹਿਣ ਕਰਕੇ ਆਪਣੀ ਜ਼ਿੰਦਗੀ ਨੂੰ ਰੰਗੀਨ ਬਣਾ ਕੇ ਰੁਝਾ ਰੱਖਿਆ ਹੈ। ਉਹ ਇਨ੍ਹਾਂ ਸੰਸਥਾਵਾਂ ਦੀਆਂ ਨਿਰਧਾਰਤ ਮੀਟਿੰਗਾਂ ਵਿੱਚ ਹਮੇਸ਼ਾਂ ਸਮੂਲੀਅਤ ਕਰਦੇ ਹੋਏ ਆਪਣੇ ਵੱਡਮੁੱਲੇ ਸੁਝਾਅ ਦਿੰਦੇ ਰਹਿੰਦੇ ਹਨ।

ਸ਼੍ਰ. ਇੰਦਰ ਸਿੰਘ ਢੀਂਡਸਾ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਜਸਵੰਤ ਕੌਰ ਨੇ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਲਾਤਾਂ ਮੁਤਾਬਕ ਨਾਭਾ ਵਿਖੇ ਰਹਿੰਦੇ ਹੋਏ ਵਧੀਆ ਪੜ੍ਹਾਈ ਕਰਾਕੇ ਆਪਣੇ ਪੈਰਾਂ ਤੇ ਖੜ੍ਹਣਯੋਗ ਬਣਾਇਆ। ਉਨ੍ਹਾਂ ਦੀਆਂ ਤਿੰਨ ਬੇਟੀਆਂ ਪਰਮਜੀਤ ਕੌਰ (ਸੇਵਾ ਮੁਕਤ ਜੇ.ਬੀ.ਟੀ.ਅਧਿਆਪਿਕਾ) ਨਾਭੇ ਆਪਣੇ ਪਤੀ ਕੈਪਟਨ ਗੁਰਚਰਨ ਸਿੰਘ ਨੱਤ, ਦੂਸਰੀ ਬੇਟੀ ਸੁਖਜੀਤ ਕੌਰ ਬਹਿਰਾਮ-ਪੁਰ ਬੇਟ (ਆਪਣਾ ਹਸਪਤਾਲ ਚਲਾ ਰਹੀ ਹੈ) ਆਪਣੇ ਪਤੀ ਸ਼੍ਰ. ਸੁਰਿੰਦਰਪਾਲ ਸਿੰਘ ਕੰਗ (ਰਿਟਾ: ਫੀਲਡ ਅਫਸਰ,ਏਅਰ ਫੋਰਸ) ਅਤੇ ਤੀਸਰੀ ਬੇਟੀ ਸੁਖਵਿੰਦਰ ਕੌਰ ਪੰਜਾਬੀ ਮਿਸਟ੍ਰੈਸ ਆਪਣੇ ਪਤੀ ਸ਼੍ਰ. ਹਰਦੇਵ ਸਿੰਘ ਢਿੱਲੋਂ (ਪ੍ਰਿੰਸੀਪਲ ਸ.ਸ੍ਰ.ਸ. ਗਾਜੇਵਾਸ) ਨਾਲ ਸਮਾਨਾ ਵਿਖੇ ਆਪਣੇ ਆਪਣੇ ਪਰਿਵਾਰਾਂ ਵਿੱਚ ਖੁਸ਼ ਰਹਿ ਰਹੀਆਂ ਹਨ। ਉਨ੍ਹਾਂ ਦਾ ਵੱਡਾ ਬੇਟਾ ਸੁਖਦੇਵ ਸਿੰਘ ਐਡਵੋਕੇਟ ਆਪਣੀ ਪਤਨੀ ਸਤਵੰਤ ਕੌਰ (ਸਾਬਕਾ ਮਿਉਂਸਪਲ ਕੌਂਸਲਰ) ਅਤੇ ਬੇਟੇ ਗੁਰਸ਼ਰਨਜੀਤ ਸਿੰਘ ਅਤੇ ਨੂੰਹ ਪਰਨੀਤ ਕੌਰ ਨਾਲ ਨਿਊਜੀਲੈਂਡ ਵਿਖੇ ਰਹਿ ਰਿਹਾ ਹੈ। ਉਸ ਦਾ ਇੱਕ ਬੇਟਾ ਗੁਰਿੰਦਰਜੀਤ ਸਿੰਘ ਆਪਣੀ ਪਤਨੀ ਸੰਦੀਪ ਕੌਰ ਨਾਲ ਉਨ੍ਹਾਂ ਕੋਲ ਰਹਿ ਰਿਹਾ ਹੈ। ਸ਼੍ਰ. ਇੰਦਰ ਸਿੰਘ ਢੀਂਡਸਾ ਦਾ ਛੋਟਾ ਬੇਟਾ ਬਲਵਿੰਦਰ ਸਿੰਘ (ਵੈਟਰਨਰੀ ਡਾਕਟਰ) ਜੀ.ਐਸ.ਕੇ. ਨਾਭਾ ਵਿਖੇ ਡਿਊਟੀ ਕਰਦਾ ਹੈ ਅਤੇ ਉਸਦੀ ਪਤਨੀ ਮਹਿੰਦਰ ਕੌਰ ਬਿਜਲੀ ਬੋਰਡ ਵਿੱਚ ਨੌਕਰੀ ਕਰ ਰਹੀ ਹੈ, ਪੋਤਰਾ ਜਸ਼ਨਪ੍ਰੀਤ ਸਿੰਘ ਐਮ.ਬੀ.ਏ. ਕਰ ਰਿਹਾ ਹੈ। ਪੋਤਰੀ ਅਮਨਦੀਪ ਕੌਰ ਆਪਣੇ ਪਤੀ ਕਰਨਲ ਅਵਿਨਾਸ਼ ਸਹਿਰਾਬਤ ਨਾਲ ਰਹਿੰਦੀ ਹੋਈ ਮਿਲਟਰੀ ਸਕੂਲ 'ਚ ਪੜ੍ਹਾ ਰਹੀ ਹੈ। ਸ਼੍ਰ. ਇੰਦਰ ਸਿੰਘ ਢੀਂਡਸਾ ਸਰੀਰਕ ਪੱਖੋਂ ਪੂਰੇ ਫਿੱਟ ਹਨ, ਇਸੇ ਲਈ ਜਦੋਂ ਜੀਅ ਕਰਦਾ ਉਹ ਰੋਹਟੀ ਦੇ ਪੁਲਾਂ ਨਜਦੀਕ ਆਪਣੀ 'ਢੀਂਡਸਾ ਨਰਸਰੀ' ਵਿਖੇ ਫੁੱਲਾਂ ਦਾ ਅਨੰਦ ਮਾਣਨ ਲਈ ਫੁਰਸਤ ਦੇ ਪਲਾਂ 'ਚ ਜਾ ਬੈਠਦੇ । ਉਨ੍ਹਾਂ ਦੀ ਸਿਹਤ ਪਿਛਲੇ ਕੁਝ ਅਰਸੇ ਤੋਂ ਬਾਹਰ ਜਾਣ ਦੇ ਅਸਮਰੱਥ ਹੋਣ ਕਾਰਨ ਉਹ ਘਰ ਹੀ ਆਰਾਮ ਕਰਦੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ , ਤੰਦਰੁਸਤੀ ਬਖ਼ਸ਼ੇ ਤਾਂ ਕਿ ਉਹ ਸਮਾਜ ਦੀ ਹੋਰ ਵਧੇਰੇ ਸੇਵਾ ਕਰ ਸਕਣ।


## ਲਾਸ ਵੇਗਾਸ ਵਿਚ ਝਗੜਾ ਨਿਪਟਾਉਣ ਗਏ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ ਇਕ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲਾਸ ਵੇਗਾਸ (ਨੇਵਾਡਾ) ਵਿਚ ਇਕ ਘਰ ਵਿਚ ਹੋਏ ਝਗੜੇ ਨੂੰ ਨਿਪਟਾਉਣ ਗਏ ਇਕ ਪੁਲਿਸ ਅਫਸਰ ਦੁਆਰਾ ਚਲਾਈ ਗੋਲੀ ਨਾਲ ਘਰ ਦੇ ਮਾਲਕ ਦੀ ਮੌਤ ਹੋ ਜਾਣ ਦੀ ਖਬਰ ਹੈ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 43 ਸਾਲਾ ਬਰੈਂਡਨ ਦਰਹਮ ਨਾਮੀ ਵਿਅਕਤੀ ਨੇ ਪੁਲਿਸ ਨੂੰ ਫੋਨ ਕਰਕੇ ਦਸਿਆ ਸੀ ਕਿ ਉਸ ਦੇ ਘਰ ਉਪਰ ਹਮਲਾ ਹੋ ਗਿਆ ਹੈ। ਅਸਿਸਟੈਂਟ ਸ਼ੈਰਿਫ ਡੋਰੀ ਕੋਰੇਨ ਨੇ ਕਿਹਾ ਹੈ ਕਿ ਜਿਸ ਸਮੇ ਬਹੁਤ ਸਾਰੇ ਲੋਕ ਮੋਹਰਲੇ ਤੇ ਪਿਛਲੇ ਦਰਵਾਜ਼ੇ ਰਾਹੀਂ ਘਰ ਵਿਚ ਦਾਖਲ ਹੋਏ ਤਾਂ ਉਸ ਵੇਲ ਦਰਮਹ ਤੇ ਉਸ ਦੀ 15 ਸਾਲਾ ਧੀ ਘਰ ਵਿਚ ਮੌਜੂਦ ਸਨ। ਅਲੈਗਜੈਂਡਰ ਬੁਕਮੈਨ ਪਹਿਲਾ ਪੁਲਿਸ ਅਫਸਰ ਸੀ ਜੋ ਘਰ ਵਿਚ ਦਾਖਲ ਹੋਇਆ। ਕੋਰੇਨ ਅਨੁਸਾਰ ਉਸ ਨੇ ਵੇਖਿਆ ਕਿ ਦਰਹਮ ਤੇ ਇਕ ਔਰਤ ਇਕ ਚਾਕੂ ਖੋਹਣ ਲਈ ਇਕ ਦੂਸਰੇ ਨਾਲ ਗੁਥਮਗੁੱਥਾ ਹੋ ਰਹੇ ਹਨ। ਬੁੱਕਮੈਨ ਨੇ ਲੜ ਰਹੇ ਜੋੜੇ ਨੂੰ ਚਾਕੂ ਸੁੱਟਣ ਲਈ ਕਿਹਾ। ਉਪਰੰਤ ਉਸ ਨੇ ਗੋਲੀ ਚਲਾ ਦਿੱਤੀ ਜੋ ਦਰਹਮ ਦੇ ਵੱਜੀ। ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਕੋਰੇਨ ਅਨੁਸਾਰ ਪੁਲਿਸ ਅਫਸਰ ਨੇ ਕੁਲ 6 ਗੋਲੀਆਂ ਚਲਾਈਆਂ। ਬਾਅਦ ਵਿਚ ਉਸ ਨੇ ਔਰਤ ਅਲੈਜੰਡਰਾ ਬੌਡਰੀਔਕਸ (31) ਨੂੰ ਹਿਰਾਸਤ ਵਿਚ ਲੈ ਲਿਆ। ਸਹਾਇਕ ਸ਼ੈਰਿਫ ਨੇ ਹੋਰ ਕਿਹਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।



## ਨਿਊ ਓਰਲੀਨਸ ਸ਼ਹਿਰ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ ਤੇ 11 ਜ਼ਖਮੀ, ਹਮਲਾਵਰ ਮੌਕੇ ਤੋਂ ਹੋਏ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸ਼ਹਿਰ ਨਿਊ ਰਲੀਨਸ ਵਿਚ ਹੋਈ ਗੋਲੀਬਾਰੀ ਵਿਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 11 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਨਿਊ ਰਲੀਨਸ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਪ੍ਰਸਿੱਧ 'ਸੈਕੰਡ-ਲਾਈਨ ਪਰੇਡ' ਦੌਰਾਨ ਹੋਈ। ਪੁਲਿਸ ਸੁਪਰਡੈਂਟ ਬੀਬੀ ਐਨੇ ਕਿਰਕਪੈਟਰਿਕ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ 45 ਮਿੰਟਾਂ ਦੇ ਫਰਕ ਨਾਲ ਦੋ ਥਾਵਾਂ 'ਤੇ ਹੋਈ ਹੈ। ਉਨਾਂ ਕਿਹਾ ਕਿ ਮਾਮਲਾ ਹੱਲ ਕਰਨ ਲਈ ਪੁਲਿਸ ਬਹੁਤ ਫੁਰਤੀ ਨਾਲ ਕੰਮ ਕਰ ਰਹੀ ਹੈ। ਘਟਨਾ ਸਬੰਧੀ ਸੁਰਾਗ ਮਿਲੇ ਹਨ ਤੇ ਸ਼ੱਕੀ ਦੋਸ਼ੀਆਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਕਿਰਕਪੈਟਰਿਕ ਨੇ ਹੋਰ ਕਿਹਾ ਹੈ ਕਿ ਘਟਨਾ ਸਥਾਨ 'ਤੇ ਵਾਧੂ ਪੁਲਿਸ ਫੋਰਸ ਤਾਇਨਾਤ ਹੋਣ ਦੇ ਬਾਵਜੂਦ ਹਮਲਾਵਰ ਆਪਣੇ ਇਰਾਦੇ ਵਿਚ ਕਾਮਯਾਬ ਹੋ ਗਏ ਤੇ ਉਹ ਭੀੜ ਉਪਰ ਗੋਲੀਆਂ ਚਲਾਉਣ ਉਪਰੰਤ ਮੌਕੇ ਤੋਂ ਫਰਾਰ ਹੋ ਗਏ। ਉਹਨਾਂ ਕਿਹਾ ਕਿ ਬਾਅਦ ਦੁਪਹਿਰ 3.40 ਵਜੇ ਵਾਪਰੀ




ਗੋਲੀਬਾਰੀ ਦੀ ਘਟਨਾ ਵਿਚ ਦੋ ਹਥਿਆਰ ਵਰਤੇ ਗਏ ਹਨ ਜਿਨਾਂ ਨੂੰ ਮੌਕੇ ਤੋਂ ਬਰਾਮਦ ਕਰ ਲਿਆ ਗਿਆ ਹੈ। ਕਿਰਕਪੈਟਰਿਕ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਘਟਨਾ ਸਬੰਧੀ ਜੇਕਰ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ। ਉਨਾਂ ਕਿਹਾ ਕਿ ਪਹਿਲੀ ਘਟਨਾ ਤੋਂ ਤਕਰੀਬਨ 45 ਮਿੰਟ ਬਾਅਦ ਇਕ ਪੁਲ ਉਪਰ ਗੋਲੀਬਾਰੀ ਹੋਣ ਦੀ ਦੂਸਰੀ ਘਟਨਾ ਵਾਪਰੀ ਜਿਸ ਵਿਚ 3 ਲੋਕਾਂ ਦੇ ਗੋਲੀਆਂ ਵੱਜੀਆਂ ਹਨ ਜਿਨਾਂ ਵਿਚੋਂ 2 ਜਣੇ ਦਮ ਤੋੜ ਗਏ ਹਨ ਜਦ ਕਿ ਤੀਸਰੇ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਦੋਨਾਂ ਘਟਨਾਵਾਂ ਦਾ ਆਪਸ ਵਿਚ ਕੋਈ ਸਬੰਧ ਹੈ ਜਾਂ ਨਹੀਂ। ਲੋਇਸਿਆਨਾ ਦੇ ਗਵਰਨਰ ਜੈਫ ਲਾਂਡਰੀ ਨੇ ਸੋਸ਼ਲ ਮੀਡੀਆ ਉਪਰ ਪਾਏ ਸ਼ੋਕ ਸੰਦੇਸ਼ ਵਿੱਚ ਪੀੜਤ ਪਰਿਵਾਰਾਂ ਨਾਲ ਦੁੱਖ ਪ੍ਰਗਟਾਇਆ ਹੈ ਤੇ ਕਿਹਾ ਹੈ ਕਿ ਹਿੰਸਾ ਹਰ ਹਾਲਤ ਵਿਚ ਖਤਮ ਹੋਣੀ ਚਾਹੀਦੀ ਹੈ। ਅਟਰਾਨੀ ਜਨਰਲ ਲਿਜ਼ ਮੂਰਿਲ ਨੇ ਕਿਹਾ ਹੈ ਕਿ ਇਸ ਕਿਸਮ ਦੀ ਹਿੰਸਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਆਸ ਪ੍ਰਗਟਾਈ ਹੈ ਕਿ ਦੋਸ਼ੀ ਛੇਤੀ ਕਟਹਿਰੇ ਵਿਚ ਖੜੇ ਕੀਤੇ ਜਾਣਗੇ।



ਮੇਰੇ ਅਜੀਜ ਮਿੱਤਰ ਅਤੇ ਸਹਿਤਕਾਰ ਸ਼੍ਰੀ ਵਿਸ਼ਵਜੀਤ ਸਿੰਘ ਡੈਜ਼ੀ ਫਰੀਦਕੋਟ ਅੱਜ ਆਪਣੇ ਵਿਆਹ ਦੀ 35ਵੀਂ ਵਰ੍ਹੇਗੰਢ ਮਨਾ ਰਹੇ ਹਨ। ਤਸਵੀਰ ਵਿੱਚ ਉਨ੍ਹਾਂ ਨਾਲ ਉਨ੍ਹਾਂ ਦੇ ਸੁਖ ਦੁੱਖ ਦੀ ਪਾਂਧੀ ਸ਼੍ਰੀਮਤੀ ਅੰਗਰੇਜ ਕੌਰ ਪੂਰਬਾ। **-ਡਾ. ਸੰਦੀਪ ਘੰਡ**

## ਪਠਾਨਕੋਟ ਵਿੱਚ ਪੰਜਾਬੀ ਮਾਹ ਕਵੀ ਦਰਬਾਰ: ਕਵਿਤਾਵਾਂ ਦੀ ਰੌਸ਼ਨੀ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਪੰਜਾਬ ਸਰਕਾਰ ਦੀ ਸੁਚੱਜੀ ਰਹਿਨੁਮਾਈ ਹੇਠ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਵੱਲੋਂ ਪੰਜਾਬੀ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਖੋਜ ਅਫ਼ਸਰ ਰਾਜੇਸ਼ ਕੁਮਾਰ ਦੀ ਦੇਖ ਰੇਖ ਹੇਠ ਚਲਾਇਆ ਗਿਆ। ਕਵੀ ਦਰਬਾਰ ਦੀ ਸ਼ੁਰੂਆਤ ਵਿਭਾਗੀ ਧੁਨੀ ਨਾਲ ਹੋਈ। ਉਸ ਤੋਂ ਬਾਅਦ ਮੇਜਰ ਡਾ. ਸੁਮਿਤ ਮੁਧ, ਐਸ.ਡੀ.ਐਮ. ਧਾਰਕਲਾਂ ਨੇ ਸਮਾਂ ਰੋਸ਼ਨ ਕਰਕੇ ਮੰਡਪ ਨੂੰ ਰੌਸ਼ਨ ਕੀਤਾ। ਸਵਾਗਤ ਰਸਮ ਮੁੱਖ ਮਹਿਮਾਨਾਂ ਨੂੰ ਕਾਲਜ ਵੱਲੋਂ ਪੌਦੇ ਤੋਹਫ਼ੇ ਵਜੋਂ ਭੇਂਟ ਕੀਤੇ ਗਏ। ਖੋਜ ਅਫ਼ਸਰ ਰਾਜੇਸ਼ ਕੁਮਾਰ ਨੇ ਆਏ ਹੋਏ ਕਵੀਆਂ ਅਤੇ ਭਾਸ਼ਾ ਮੰਚ ਦੇ ਮੈਬਰਾ ਦਾ ਹਾਰਦਿਕ ਸਵਾਗਤ ਕੀਤਾ।




ਕਵੀ ਦਰਬਾਰ ਵਿੱਚ 25 ਤੋਂ ਵੱਧ ਕਵੀਆਂ ਨੇ ਆਪਣੇ ਰਚਨਾਤਮਕ ਪ੍ਰਦਰਸ਼ਨ ਨਾਲ ਸਭ ਦਾ ਦਿਲ ਜਿੱਤਿਆ। ਉਨ੍ਹਾਂ ਵਿੱਚ ਬਿਸ਼ਨ ਦਾਸ, ਪਾਲ ਗੁਰਦਾਸਪੁਰੀ, ਰਾਜ਼ ਗੁਰਦਾਸਪੁਰੀ, ਅਸ਼ਵਨੀ ਮਾਨਵ, ਸੁਭਾਸ਼ ਬਾਵਾ, ਲੇਖ ਰਾਜ, ਗੋਪਾਲ ਫਿਰੋਜ਼ਪੁਰੀ, ਰਾਜੇਸ਼ ਫੂਲਪੁਰੀ, ਬਿਸ਼ੰਬਰ ਅਵਾਂਖੀਆ, ਰਾਕੇਸ਼ ਮਲਹੋਤਰਾ, ਰਮਨਦੀਪ ਸਿੰਘ, ਸਤੀਸ਼ ਵਸ਼ਿਸ਼ਟ, ਸੰਦੀਪ ਕੌਰ, ਵਿਜੇ ਕੁਮਾਰ (ਜ਼ਿਲ੍ਹੇਦਾਰ), ਵਿਜੇ ਕੁਮਾਰ, ਰਮਨ ਕੁਮਾਰ, ਸ਼ਮਾ ਲਾਲ ਗੁਪਤਾ, ਰੰਜਨਾ, ਮਮਤਾ ਅੱਤਰੀ, ਕ੍ਰਿਸ਼ਨਾ ਦੇਵੀ ਸ਼ਰਮਾ ਆਦਿ ਦੇ ਨਾਂਅ ਵਰਨਣਯੋਗ ਸਨ। ਇਸ ਮੌਕੇ ਕਵੀਆਂ ਨੇ ਆਪਣੀਆ ਗ਼ਜ਼ਲਾ, ਕਾਵਿਤਾਵਾ ਸੁਣਾਕੇ ਸਰੋਤਿਆ ਤੋਂ ਵਾਹ-ਵਾਹ ਖੱਟੀ। ਮੁੱਖ ਮਹਿਮਾਨ ਮੇਜਰ ਡਾ। ਸੁਮਿਤ ਮੁਧ ਨੇ ਕਵੀਆਂ ਨੂੰ ਮੁਬਾਰਕ ਦਿੱਤੀ ਅਤੇ ਪੰਜਾਬੀ ਭਾਸ਼ਾ ਦੀ ਪ੍ਰਗਤੀ ਲਈ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਵਿਸ਼ੇਸ਼ ਮਹਿਮਾਨ ਡਾ। ਸੁਖਵਿੰਦਰ ਸਿੰਘ ਨੇ ਕਵਿਤਾ ਦੇ ਸੁੰਦਰ ਗੁਣਾਂ ਦੀ ਚਰਚਾ ਕੀਤੀ। ਡਾ. ਰੁਪਿੰਦਰਜੀਤ ਗਿੱਲ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਆਏ ਹੋਏ ਕਵੀਆਂ ਨੂੰ ਬਤੌਰ ਤੋਹਫ਼ੇ ਗੁਲਿਸਤਾਂ ਬੋਸਤਾਂ ਪੁਸਤਕਾਂ ਸਨਮਾਨ ਵੱਜੋ ਭੇਂਟ ਕੀਤੀਆਂ ਗਈਆਂ। ਡਾ. ਪਵਨ ਕੁਮਾਰ ਦੀ ਸ਼ਹੀਦਾਂ ਨਾਲ ਸੰਬੰਧਿਤ ਨਾਟਕ ਦੀ ਦੋ ਮਿੰਟ ਦੀ ਝਲਕ ਨੇ ਸਭ ਨੂੰ ਭਾਵੁਕ ਕਰ ਦਿੱਤਾ। ਸਾਰਾ ਪ੍ਰੋਗਰਾਮ ਡਾ. ਜਸਵੰਤ ਸਿੰਘ ਬਾਜ਼ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸੰਚਾਲਿਤ ਕੀਤਾ।

## ਆਕਾਸ਼ਵਾਣੀ/ ਦੂਰਦਰਸ਼ਨ ਦੀਆਂ ਪ੍ਰਾਪਤੀਆਂ ਦੀ ਸ਼ਾਲਾਘਾ

# ਸੰਸਥਾ ਦਰਸ਼ਕ ਸਰੋਤਾ ਸੰਘ ਵਲੋਂ ਪ੍ਰਮੁੱਖ ਸਖਸ਼ੀਅਤਾਂ ਹੋਈਆਂ ਸਨਮਾਨਿਤ





**ਸਰੀ /ਵੈਨਕੂਵਰ /ਜਲੰਧਰ (ਕੁਲਦੀਪ ਚੁੰਬਰ)–** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਦਿਲ ਦਿਲ ਦੀਆਂ ਗਹਿਰਾਈਆਂ ਨਾਲ ਜੁੜੀ ਸੰਸਥਾ ਦਰਸ਼ਕ ਸਰੋਤਾ ਸੰਘ ਵਲੋਂ ਆਪਣਾ ਸਾਲਾਨਾ ਸਥਾਪਨਾ ਬਹੁਤ ਉਤਸ਼ਾਹ ਅਤੇ ਪੂਰੀ ਆਨ, ਬਾਨ ਤੇ ਸ਼ਾਨ ਨਾਲ ਮਨਾਇਆ ਗਿਆ ਜੋ ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਯਾਦਾਂ ਛੱਡ ਗਿਆ।ਜਿਸ ਨੂੰ ਯੂ ਟਿਊਬ ਦੇ ਸਿਧੇ ਪ੍ਰਸਾਰਨ ਰਾਹੀਂ ਦੇਸ਼ ਵਿਦੇਸ਼ ਦੇ ਸਰੋਤਿਆਂ ਨੇ ਵੀ ਆਨੰਦ ਮਾਣਿਆ। ਸਰਪ੍ਰਸਤ ਜਗਦੀਸ਼ ਮਹਿਤਾ, ਪ੍ਰਧਾਨ ਗੁਰਮੀਤ ਖਾਨਪੁਰੀ ਅਤੇ ਜ ਸਕੱਤਰ ਅਵਤਾਰ ਸਿੰਘ ਬੱਸੀਆਂ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਗੁਰਮੀਤ ਖ਼ਾਨਪੁਰੀ, ਜਗਦੀਸ਼ਪਾਲ ਮਹਿਤਾ, ਅਵਤਾਰ ਸਿੰਘ ਬਸੀਆਂ, ਓਮ ਗੌਰੀ ਦੱਤ ਸ਼ਰਮਾ, ਸ਼ਿਸ਼ੂ ਸ਼ਰਮਾ ਸ਼ਾਂਤਲ, ਡਿਪਟੀ ਡਾਇਰੈਕਟਰ ਤੀਰਥ ਸਿੰਘ ਢਿਲੋਂ,ਜਸਵੀਰ ਸਿੰਘ, ਦਵਿੰਦਰ ਮਹਿੰਦਰੂ, ਇਮਤਿਆਜ਼, ਗੁਰਵਿੰਦਰ ਸਿੰਘ ਅਤੇ ਕੁਲਦੀਪ ਸਿੰਘ ਚੌਹਾਨ ਸ਼ੁਸ਼ੋਭਿਤ ਹੋਏ। ਸਮਾਗਮ ਵਿਚ ਜਿਸ ਜਿਸ ਤਰਾਂ ਮੀਡੀਆ ਦੀਆਂ ਨਾਮਵਰ ਹਸਤੀਆਂ ਯਾਨੀ ਅਨਾਊਂਸਰ /ਕਲਾਕਾਰ /ਅਫ਼ਸਰ /ਕਲਾਕਾਰ ਹਾਲ ਦੇ ਦੁਆਰ ਪਹੁੰਚਦੀਆਂ ਉਸ ਵਕਤ ਖੁਸ਼ੀ ਦੇ ਮਾਹੌਲ ਵਿਚ ਪ੍ਰਬੰਧਕਾਂ ਦੁਆਰਾ ਪੁਸ਼ਪ ਵਰਖਾ ਹੋਣ ਲਗ ਜਾਂਦੀ ਤੇ ਹਾਲ ਤਾੜੀਆਂ ਨਾਲ ਗੂੰਜ ਉੱਠਦਾਲ ਇਸ ਮੌਕੇ ਤੇ ਆਕਾਸ਼ਵਾਣੀ ਜਲੰਧਰ ਦੀ ਸੀਨੀਅਰ ਐਨਾਊਂਸਰ ਸੁਖਜੀਤ ਕੌਰ, ਮੋਨਿਕਾ ਦੱਤ ਅਤੇ ਦਵਿੰਦਰ ਮਹਿੰਦਰੂ ਦੁਆਰਾ ਪੇਸ਼ ਆਕਾਸ਼ਵਾਣੀ ਜਲੰਧਰ ਦੇ ਭੈਣਾਂ ਦੇ ਪ੍ਰੋਗਰਾਮ ਦੀ ਸਟੇਜ ਪੇਸ਼ਕਾਰੀ, ਗੁਰਮੀਤ ਖ਼ਾਨਪੁਰੀ ਵਲੋਂ ਆਕਾਸ਼ਵਾਣੀ ਜਲੰਧਰ ਦੇ ਕਲਾਕਾਰਾਂ ਦੀਆਂ ਆਵਾਜ਼ਾਂ ਦਾ ਪ੍ਰੋਗਰਾਮ 'ਮੇਰੀ ਆਵਾਜ਼ ਸੁਣੋ', ਸਟੇਟ ਐਵਾਰਡੀ ਡਾ ਅਰਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਸਰਕਾਰੀ ਸਕੂਲ ਲਾਂਬੜਾ/ਬੀਰਮਪੁਰ ਵਲੋਂ ਸੱਭਿਆਚਾਰਕ ਪ੍ਰੋਗਰਾਮ, ਗੀਤ ਤੇ ਕਵਿਤਾ ਪਾਠ ਅਤੇ ਆਕਾਸ਼ਵਾਣੀ ਜਲੰਧਰ ਦੇ ਐਂਕਰਾਂ ਵਲੋ ਪੇਸ਼ ਕੀਤਾ ਗਏ ਸਮੂਹਿਕ ਨ੍ਰਿਤ ਬਹੁਤ ਪ੍ਰਭਾਵਸ਼ਾਲੀ ਰਿਹਾ॥ ਸਮਾਗਮ ਦਾ ਮੁੱਖ ਆਕਰਸ਼ਨ ਸੀ ਆਕਾਸ਼ਵਾਣੀ ਜਲੰਧਰ ਦੀਆਂ ਨਾਮਵਰ ਸਖਸ਼ੀਅਤਾਂ (ਐਂਕਰਜ /ਪ੍ਰੋਡਿਊਸਰ /ਨਿਊਜ਼ ਰੀਡਰ) ਮੈਡਮ /ਸਰ ਜਿਨ੍ਹਾਂ ਵਿਚ ਸੁਖਜੀਤ, ਮੋਨਿਕਾ ਮਹਿਤਾ, ਪੂਜਾ ਹਾਂਡਾ, ਸੁਖਦੀਪ, ਕਮਲੇਸ਼, ਦੀਪਾਲੀ, ਸੋਨੀਆ ਸੈਣੀ, ਆਸ਼ਾ ਕੱਸ਼ਯਪ, ਗੁਰਵਿੰਦਰ ਸੰਧੂ, ਸੰਜੀਵ, ਨਵਜੋਤ ਸਿੱਧੂ, ਕਮਲਪ੍ਰੀਤ, ਰੁਪਿੰਦਰ, ਸਵਿਤਾ, ਪਾਰਸ, ਅਰੁਣ, ਕਮਲ ਸ਼ਰਮਾ, ਪੂਜਾ ਟੁਹਾਣੀ, ਗਨੀਸ਼ਾ, ਆਸ਼ਾ, ਰਜਨੀ, ਰਚਨਾ, ਨਵਜੋਤ, ਪ੍ਰਵੇਸ਼ਤੇ ਸੇਵਾ ਮੁਕਤ ਅਫ਼ਸਰਾਂ ਤੀਰਥ ਸਿੰਘ ਢਿੱਲੋਂ, ਸ਼ਿਸ਼ੂ ਸ਼ਰਮਾ ਸ਼ਾਂਤਲ, ਦੇਵਿੰਦਰ ਮਹਿੰਦਰੂ, ਮੋਨਿਕਾ ਦੱਤ ਕਈ ਹੋਰਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਤੋਂ ਪਹਿਲਾਂ ਗਰੁੱਪ ਦੇ ਬਾਨੀ ਪ੍ਰਧਾਨ ਸੁਖਪਾਲ ਸਿੰਘ ਢਿੱਲੋਂ ਨੂੰ ਸਮਰਪਿਤ ਸਮਾਗਮ ਵਿਚ ਉਨ੍ਹਾਂ ਨੂੰ ਸ਼ਰਧਾ ਸੁਮਨ ਭੇਟ ਕਰਕੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਟੇਜ ਸਕੱਤਰ ਦੀ ਸੇਵਾ ਦੂਰਦਰਸ਼ਨ ਜਲੰਧਰ ਦੀ ਐਂਕਰ ਕਮਲਪ੍ਰੀਤ ਤੇ ਮੋਹਣ ਲਾਲ ਅਰੋੜਾ ਨੇ ਬਾਖ਼ੂਬੀ ਨਿਭਾਈ।

ਪ੍ਰੋਗਰਾਮ ਉਸ ਵੇਲੇ ਸਿਖਰਾਂ ਛੋਹ ਗਿਆ ਜਦੋਂ ਮੀਡੀਆ ਦੀਆਂ ਸਖਸ਼ੀਅਤਾਂ ਨੇ ਨੇ ਰਲ ਮਿਲ ਕੇ ਸਮੂਹਕ ਗਿੱਧਾ ਭੰਗੜਾ ਪਾ ਕੇ ਬਹੁਤ ਵਧੀਆ ਮਾਹੌਲ ਸਿਰਜਿਆ ਲਇਸ ਮੌਕੇ ਤੇ ਡੀ ਐਸ ਐਸ ਦੇ ਸੀਨੀਅਰ ਉਪ ਪ੍ਰਧਾਨ ਤੋਂ ਇਲਾਵਾ ਗੁਰਦੀਪ ਸਿੰਘ ਜ਼ੀਰਾ, ਜਤਿੰਦਰ ਭਾਸਕਰ, ਪੈਰੀ ਢਿੱਲੋਂ, ਐਸ ਡੀ ਓ ਰਘਵੀਰ ਸਿੰਘ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਦਰਸ਼ਕ ਸਰੋਤਾ ਸੰਘ ਦੇ ਬਾਬਾ ਬੋਹੜ ਡਾਇਰੈਕਟਰ ਓਮ ਗੋਰੀ ਦੱਤ ਸ਼ਰਮਾ ਨੇ ਪ੍ਰਧਾਨ ਗੁਰਮੀਤ ਖਾਨਪੁਰੀ, ਸਰਪ੍ਰਸਤ ਜਗਦੀਸ਼ ਮਹਿਤਾ, ਅਵਤਾਰ ਸਿੰਘ ਬੱਸੀਆਂ ਤੇ ਸਾਰੀ ਟੀਮ ਸਮੇਤ ਸਮੁਚੀ ਹਾਜ਼ਰੀਨ ਦਾ ਧੰਨਵਾਦ ਕੀਤਾ ਲ ਪ੍ਰੋਗਰਾਮ ਉਪਰੰਤ ਦਰਸ਼ਕ ਸਰੋਤਾ ਸੰਘ ਦੇ ਸਰਪ੍ਰਸਤ ਜਗਦੀਸ਼ਪਾਲ ਮਹਿਤਾ ਨੇ ਦਸਿਆ ਕਿ ਸੰਸਥਾ ਨੂੰ ਮਾਣ ਹੈ ਕਿ ਇਹ ਪ੍ਰਸਾਰ ਭਾਰਤੀ ਦੇ ਇਨ੍ਹਾਂ ਦੋਵਾਂ ਅਦਾਰਿਆਂ ਸਮੇਤ ਸਾਰਿਆਂ ਹੈਡਜ਼ ਜਾਂ ਅਧਿਕਾਰੀ ਸਾਹਿਬਾਨ ਦੀ ਕਾਰਜਗੁਜ਼ਾਰੀ ਤੋਂ ਬਹੁਤ ਖੁਸ਼ ਅਤੇ ਸੰਤੁਸ਼ਟ ਹੈ ਜਿਸ ਦੀ ਸਮਾਗਮ ਦੇ ਸਾਰੇ ਹਾਜ਼ਰੀਨ ਤੇ ਪੂਰੇ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਪੁਸ਼ਟੀ ਕਰਦਾ ਹੈ।

*******

## ਫੜ ਪੱਲਾ ਸੱਚ ਦਾ



ਬਾਬੇ ਨਾਨਕ ਦਿੱਤਾ ਸਾਂਝ ਦਾ ਗਿਆਨ ਬੰਦਿਆ ।
ਫੜ ਪੱਲਾ ਸੱਚ ਦਾ ਬਣ ਇਨਸਾਨ ਬੰਦਿਆ ।

ਸੱਚ-ਝੂਠ ਨੂੰ ਨਿਤਾਰ ਪਲਾ ਸੱਚ ਦਾ ਫੜਿਆ,
ਲੋਭ, ਮੋਹ, ਹੰਕਾਰ 'ਚ' ਰਹਿੰਦਾ ਮਨ ਸੜਿਆ ।
ਮੱਕੇ ਵੱਲ ਪੈਰ ਵੇਖ ਕਾਜ਼ੀ ਹੈਰਾਨ ਬੰਦਿਆ,
ਫੜ ਪੱਲਾ ਸੱਚ ਦਾ ਬਣ ਇਨਸਾਨ ਬੰਦਿਆ ।

ਬਾਬੇ ਆਪ ਪਾਂਧਿਆਂ ਦੇ ਭਰਮਾਂ ਨੂੰ ਸੀ ਤੋੜਿਆ,
ਜਾ ਸੱਜਣ ਠੱਗ ਦੇ ਉਹਦਾ ਮਨ ਝੰਜੋੜਿਆ।
ਜਾਤ ਪਾਤ ਵਾਲੇ ਭੇਦ ਦਿੱਤੇ ਸੀ ਛਾਣ ਬੰਦਿਆ,
ਫੜ ਪੱਲਾ ਸੱਚ ਦਾ ਬਣ ਇਨਸਾਨ ਬੰਦਿਆ।

ਨੇਕ ਕਮਾਈ ਚੋਂ ਦਿ ਦਸਵੰਧ ਪੁਕਾਰ ਸੀ,
ਲੋਟੂਆਂ ਦੇ ਲੰਗਰਾਂ ਨੂੰ ਦਿੱਤਾ ਬਾਬੇ ਨਕਾਰ ਸੀ।
ਉਹਨੇ ਕੀਤੀ ਨਾ ਭਾਗੋ ਰੋਟੀ ਪ੍ਰਵਾਨ ਬੰਦਿਆ,
ਫੜ ਪੱਲਾ ਸੱਚ ਦਾ ਬਣ ਇਨਸਾਨ ਬੰਦਿਆ।

ਛੱਡ ਵਖਰੇਵਿਆਂ ਨੂੰ ਸੱਚਾ ਰਾਹ ਦਿਖਾ ਗਿਆ,
"ਕਿਰਤ ਕਰੋ ਵੰਡ ਸਕੋ" ਦਾ ਪਾਠ ਪੜਾ ਗਿਆ।
ਕੱਟੜ ਸੋਚ ਕੀਤਾ ਬਾਬੇ ਨੂੰ ਹੈਰਾਨ ਬੰਦਿਆ,
ਫੜ ਪੱਲਾ ਸੱਚ ਦਾ ਬਣ ਇਨਸਾਨ ਬੰਦਿਆ।

ਲੋਕੋ ਕਿ ' ਨਸੀਹਤਾਂ ਬਾਬੇ ਦੀਆਂ ਛੱਡ ਗਏ,
ਛੱਡੀ ਨਾ ਹੇਰਾ- ਫੇਰੀ ਤੇ ਰਾਹੀ ਕੰਡੇ ਗੱਡ ਲਏ।
ਧਰਮ ਲਈ ਜ਼ਰੂਰੀ ਰੱਖਣਾ ਇਮਾਨ ਬੰਦਿਆ,
ਫੜ ਪੱਲਾ ਸੱਚ ਦਾ ਬਣ ਇਨਸਾਨ ਬੰਦਿਆ।



**ਰਬਿੰਦਰ ਸ਼ਰਮਾ**
91-98146-67682

# ਐਨਆਰਆਈ ਸੁਜਾਤਾ ਸੱਲਣ ਨੇ ਸਕੂਲ ਵਿੱਚ ਬੱਚਿਆਂ ਨੂੰ ਕਿਤਾਬਾਂ ਵੰਡ ਕੇ ਮਨਾਇਆ ਬਾਲ ਦਿਵਸ





**ਜਲੰਧਰ–** ਸ਼੍ਰੀਮਤੀ ਮੀਨੂੰ ਜਗਦੀਸ਼ ਚੰਦਰ ਧੀਰ ਡਾ. ਬੀ. ਆਰ. ਅੰਬੇਡਕਰ ਕੰਪਿਊਟਰ ਸੈਂਟਰ ਦੇ ਨਾਮ ਅਤੇ ਸ਼ੈਲੀ ਵਿੱਚ ਪਿੰਡ ਭੱਟੀਆਂ ਜ਼ਿਲ੍ਹਾ ਲੁਧਿਆਣਾ ਵਿਖੇ ਕੰਪਿਊਟਰ ਸੈਂਟਰ ਚਲਾ ਰਹੇ ਹਨ । ਉਨ੍ਹਾਂ ਦੇ ਸਕੂਲ ਵਿੱਚ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਅਤੇ ਝੁੱਗੀ-ਝੌਂਪੜੀ ਦੇ 120 ਤੋਂ ਵੱਧ ਬੱਚੇ ਹਨ। ਐਨ।ਆਰ।ਆਈ ਸ਼੍ਰੀਮਤੀ ਸੁਜਾਤਾ ਸੱਲਣ ਨੇ ਆਪਣੇ ਪਤੀ ਸ਼੍ਰੀ ਮਹਿੰਦਰ ਸੱਲਣ 'ਧੰਮਾ ਵੇਵਜ਼ ਕੈਨੇਡਾ' ਦੇ ਸੰਸਥਾਪਕ ਮੈਂਬਰ ਨਾਲ ਡਾ. ਬੀ. ਆਰ. ਅੰਬੇਡਕਰ ਕੰਪਿਊਟਰ ਸੈਂਟਰ ਵਿਖੇ ਸਕੂਲ ਦਾ ਦੌਰਾ ਕੀਤਾ।

ਸ਼੍ਰੀਮਤੀ ਸੁਜਾਤਾ ਸੱਲਣ ਨੇ ਅੱਜ ਡਾ ਹਰਬੰਸ ਵਿਰਦੀ ਲੰਡਨ ਯੂਕੇ ਦੁਆਰਾ ਲਿਖੀ ਕਿਤਾਬ 'ਅਜ਼ਾਦੀ ਦਾ ਮਾਰਗ' ਬੱਚਿਆਂ ਵਿਚ ਵੰਡ ਕੇ ਬਾਲ ਦਿਵਸ ਮਨਾਇਆ। ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਵੀ ਉਨ੍ਹਾਂ ਦੇ ਨਾਲ ਸਨ। ਸੁਜਾਤਾ ਸੱਲਣ ਨੇ ਕਿਹਾ ਕਿ ਬੱਚੇ ਭਾਰਤ ਦਾ ਭਵਿੱਖ ਹਨ ਅਤੇ ਉਨ੍ਹਾਂ ਨੂੰ ਵਿਗਿਆਨਕ ਰਵੱਈਆ ਅਪਨਾਉਣਾ ਸਿਖਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਮਹਿਲਾ ਅਧਿਆਪਕ ਮਨਦੀਪ ਕੌਰ ਅਤੇ ਅਨੀਤਾ ਰਾਣੀ ਹਾਜ਼ਰ ਸਨ।

# ਦੇਸ਼ ਭਗਤ ਗਲੋਬਲ ਸਕੂਲ ਵਿੱਚ ਬਾਲ ਦਿਵਸ ਨੂੰ ਸਮਰਪਿਤ ਸਮਾਗਮ




**ਮੰਡੀ ਗੋਬਿੰਦਗੜ–** ਦੇਸ਼ ਭਗਤ ਗਲੋਬਲ ਸਕੂਲ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਜਯੰਤੀ ਮਨਾਉਣ ਲਈ ਬਾਲ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਲ ਦਿਵਸ ਪ੍ਰੋਗਰਾਮ ਵਿੱਚ ਕਈ ਦਿਲਚਸਪ ਅਤੇ ਰੋਮਾਂਚਕ ਸਮਾਗਮਾਂ ਦੀ ਲੜੀ ਸੀ, ਜੋ ਕਿ ਬੱਚਿਆਂ ਦੇ ਭਰਪੂਰ ਮਨੋਰੰਜਨ ਲਈ ਪੂਰੀ ਤਰ੍ਹਾਂ ਨਾਲ ਯੋਜਨਾਬੱਧ ਤਿਆਰ ਕੀਤੀ ਗਈ ਸੀ। ਪ੍ਰੋਗਰਾਮ ਦੀ ਸ਼ੁਰੂਆਤ ਅਧਿਆਪਕਾਂ ਦੁਆਰਾ ਇੱਕ ਵਿਸ਼ੇਸ਼ ਸਭਾ ਨਾਲ ਕੀਤੀ ਗਈ। ਇਸ ਤੋਂ ਬਾਅਦ ਇੱਕ ਭਰਪੂਰ ਸੱਭਿਆਚਾਰਕ ਸ਼ੋਅ ਪੇਸ਼ ਕੀਤਾ ਗਿਆ। ਇਸ ਵਿਚ ਦਿਲ ਨੂੰ ਛੂਹ ਲੈਣ ਵਾਲੇ ਗੀਤ, ਹਾਸੇ-ਮਜ਼ਾਕ ਵਾਲੀਆਂ ਸਕਿਟਾਂ, ਪ੍ਰੇਰਨਾਦਾਇਕ ਵਿਚਾਰਾਂ, ਅਧਿਆਪਕਾਂ ਦੁਆਰਾ ਪੇਸ਼ ਕੀਤੇ ਗਏ ਮਨਮੋਹਕ ਡਾਂਸ ਨੇ ਬਾਲ ਦਿਵਸ ਨੂੰ ਵਿਸ਼ੇਸ਼ ਅਤੇ ਯਾਦਗਾਰ ਬਣਾ ਦਿੱਤਾ। ਜੂਨੀਅਰ ਵਿਦਿਆਰਥੀਆਂ ਲਈ ਨਿੰਬੂ, ਚਮਚ ਦੌੜ, ਬੋਰੀ ਦੌੜ, ਕੰਗਾਰੂ ਦੌੜ ਆਦਿ ਵਰਗੀਆਂ ਮਨੋਰੰਜਕ ਦੌੜਾਂ ਕਰਵਾਈਆਂ ਗਈਆਂ। ਸੀਨੀਅਰ ਵਿਦਿਆਰਥੀਆਂ ਲਈ ਇੰਟਰ ਹਾਊਸ ਵਾਲੀਬਾਲ ਮੈਚ ਵੀ ਕਰਵਾਏ ਗਏ।

ਸਕੂਲ ਦੇ ਅਧਿਆਪਕਾਂ ਨੇ ਸਵੇਰ ਦੀ ਸਭਾ ਨੂੰ ਪ੍ਰਾਰਥਨਾ, ਖ਼ਬਰਾਂ, ਅੱਜ ਦਾ ਵਿਚਾਰ ਨਾਲ ਪੇਸ਼ ਕੀਤਾ ਅਤੇ ਇਸ ਤੋਂ ਬਾਅਦ ਪੀ।ਟੀ। ਅਭਿਆਸ ਕੀਤਾ। ਇਸ ਵਿਸ਼ੇਸ਼ ਦਿਨ 'ਤੇ ਅਧਿਆਪਕਾਂ ਦੁਆਰਾ ਇੱਕ ਸੁੰਦਰ ਸਕਿੱਟ ਵੀ ਪੇਸ਼ ਕੀਤੀ ਗਈ। ਪ੍ਰਿੰਸੀਪਲ ਸ਼੍ਰੀਮਤੀ ਇੰਦੂ ਸ਼ਰਮਾ ਨੇ ਬੱਚਿਆਂ ਨੂੰ ਆਪਣੀਆਂ ਸ਼ੁਭਕਾਮਨਾ ਦਿੱਤੀਆਂ ਅਤੇ ਬੱਚਿਆਂ ਨਾਲ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਸਕੂਲ ਦੇ ਚੇਅਰਮੈਨ ਡਾਕਟਰ ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਡਾਕਟਰ ਤਜਿੰਦਰ ਕੌਰ ਨੇ ਬੱਚਿਆਂ ਨੂੰ ਇਸ ਵਿਸ਼ੇਸ਼ ਦਿਨ ਦੀ ਵਧਾਈ ਦਿੱਤੀ।

# ਫਲਸਤੀਨ ਦੂਤਘਰ ਨੇ ਮਾਨਵੀ ਸਹਾਇਤਾ ਭੇਜਣ ਲਈ ਜਾਰੀ ਕੀਤਾ ਸ਼ੁਕਰਾਨਾ ਪੱਤਰ

**ਚੰਡੀਗੜ੍ਹ, (ਦਲਜੀਤ ਕੌਰ)** ਫਲਸਤੀਨ ਦੀ ਗਾਜ਼ਾ ਪੱਟੀ ਅਤੇ ਪੱਛਮੀ ਕਿਨਾਰੇ ਉੱਤੇ ਜਿਊਨਵਾਦੀ ਇਜ਼ਰਾਈਲ ਹਮਲੇ ਨਾਲ ਹੋ ਰਹੀ ਜੰਗੀ ਤਬਾਹੀ ਕਾਰਨ ਪੈਦਾ ਹੋਏ ਮਾਨਵੀ ਸੰਕਟ ਦੇ ਚੱਲਦਿਆਂ 14 ਨਵੰਬਰ ਨੂੰ ਕਿਰਤੀ ਕਿਸਾਨ ਯੂਨੀਅਨ ਵੱਲੋਂ ਫਲਸਤੀਨੀ ਲੋਕਾਂ ਨਾਲ ਪ੍ਰਗਟਾਈ ਗਈ ਇਕਮੁੱਠਤਾ ਅਤੇ ਦਿੱਤੀ ਗਈ ਮਾਨਵੀ ਵਿੱਤੀ ਸਹਾਇਤਾ ਲਈ ਫਲਸਤੀਨ ਦੂਤਘਰ ਨੇ ਜੱਥੇਬੰਦੀ ਨੂੰ ਸ਼ੁਕਰਾਨੇ ਦਾ ਪੱਤਰ ਜਾਰੀ ਕੀਤਾ ਹੈ। ਕਿਰਤੀ ਕਿਸਾਨ ਯੂਨੀਅਨ ਨੇ ਅੱਜ ਇਹ ਪੱਤਰ ਮੀਡੀਆ ਨੂੰ ਜਾਰੀ ਕਰਦਿਆਂ ਦੇਸ਼-ਦੁਨੀਆਂ ਦੇ ਸਾਰੇ ਇਨਸਾਫਪਸੰਦਾ ਅਤੇ ਮਾਨਵੀ ਦਰਦ ਰੱਖਣ ਵਾਲੇ ਲੋਕਾਂ ਅਤੇ ਸੰਸਥਾਵਾਂ ਨੂੰ ਇਸ ਔਖੀ ਘੜੀ ਵਿੱਚ ਫਲਸਤੀਨ ਦੇ ਲੋਕਾਂ ਦੀ ਮਦੱਦ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ।

ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਜੱਥੇਬੰਦੀ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਪ੍ਰੈੱਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਭਾਵੇਂ ਜੱਥੇਬੰਦੀ ਨੇ ਇੱਕ ਨਿਮਾਣਾ ਜਿਹਾ ਉਪਰਾਲਾ ਕੀਤਾ ਸੀ ਪਰ ਫਲਸਤੀਨ ਦੂਤਘਰ ਵਲੋਂ ਭੇਜੇ ਗਏ ਪੱਤਰ ਰਾਹੀ ਦਿਖਾਈ ਗਈ ਭਾਵਨਾ ਦਰਸਾਉਂਦੀ ਹੈ ਕਿ ਇਸ ਔਖੀ ਘੜੀ ਵਿੱਚ ਉਨ੍ਹਾਂ ਨੂੰ ਮਿਲੀ ਨਿਮਾਣੀ ਜਿਹੀ ਮਦੱਦ ਵੀ ਉਨ੍ਹਾਂ ਨੂੰ ਕਿੰਨਾ ਹੌਸਲਾ ਅਤੇ ਹਿੰਮਤ ਦਿੰਦੀ ਹੈ। ਉਪਰੋਕਤ ਪੱਤਰ ਉਸਦੀ ਮੂੰਹ ਬੋਲਦੀ ਤਸਵੀਰ ਹੈ।


Embassy of the State of Palestine
India
سفارة دولة فلسطين
الهند

18/11/2024

Provincial Committee
Kirti Kisan Union (AIKMS)

Dear Friends,

Please accept our sincere gratitude for your help during our crisis. We want to sincerely thank you for your donation and I am thankful to have friends like you. Your patience was much appreciated and it is through your help we have managed to help the people of the State of Palestine.

Lastly, I would appreciate if you would extend my thanks to following friends who visited our Embassy on November 14th, 2024 for the donation and constructive role during our meetings:-

1. Mr. Nirbhai Singh Dhudike- State President of Kirti Kisan Union
2. Mr. Rajinder Singh Deep Singhwala- General Secretary of Kirti Kisan Union
3. Mr. Jatinder Singh Chhina- State Vice-President of Kirti Kisan Union
4. Mr. Ramindar Singh Patiala – State Press Secretary of Kirti Kisan Union
5. Mr. Jaswinder Singh Jhabelwali- State Finance Secretary of Kirti Kisan Union
6. Advocate Ms. Poonam Kaushik

I look forward to seeing you again in the not too distant future.

Please accept the assurances of our highest consideration.

Abdelrazeq M.A. Abujazer
Charge d'affaires a.i.
Embassy of the State of Palestine
New Delhi

ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਫਲਸਤੀਨ ਮੁੱਦੇ ਤੇ ਪੁਰਾਣੀ ਵਿਦੇਸ਼ ਨੀਤੀ ਦੇ ਉਲਟ ਸਟੈਂਡ ਲੈਕੇ ਇਜ਼ਰਾਈਲ ਦੇ ਪੱਖ ਵਿੱਚ ਭੁਗਤ ਦੇ ਨਾਲ ਨਾਲ ਉਸਦੀ ਯੁੱਧਨੀਤਕ ਮਦੱਦ ਕਰਕੇ ਸੰਸਾਰ ਭਰ ਦੇ ਸ਼ਾਂਤੀਪਸੰਦ ਅਤੇ ਇਨਸਾਫਪਸੰਦ ਹਲਕਿਆਂ ਦੀ ਨਜ਼ਰ ਵਿਚ ਦੇਸ਼ ਦੀ ਮਾਣ ਮਰਿਆਦਾ ਨੂੰ ਸੱਟ ਮਾਰੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਅੰਤਰਰਾਸ਼ਟਰੀ ਭਾਈਚਾਰਕ ਸਾਂਝ ਅਤੇ ਮਾਨਵੀ ਸਰੋਕਾਰ ਇਹ ਮੰਗ ਕਰਦੇ ਹਨ ਕਿ ਤਬਾਹੀ ਅਤੇ ਜ਼ੁਲਮ ਦੇ ਇਸ ਦੌਰ ਵਿੱਚ ਫਲਸਤੀਨ ਲੋਕਾਂ ਦੀ ਨਾ ਸਿਰਫ ਮਦੱਦ ਕੀਤੀ ਜਾਵੇ ਸਗੋਂ ਮੱਧ ਪੂਰਬ ਵਿੱਚ ਜੰਗਬੰਦੀ ਅਤੇ ਮਸਲੇ ਦੇ ਸਥਾਈ ਹੱਲ ਲਈ ਜ਼ੋਰਦਾਰ ਆਵਾਜ਼ ਵੀ ਉਠਾਈ ਜਾਵੇ।

# ਪੰਜਾਬ ਦੇ ਮੁੱਦੇ ਅਤੇ ਸਿਆਸੀ ਪਾਰਟੀਆਂ ਦੀ ਇੱਕਜੁੱਟਤਾ



ਗੁਰਮੀਤ ਪਲਾਹੀ
91-98158-02070

ਪੰਜਾਬ ਨਾਲ ਹੋ ਰਹੇ ਵਿਤਕਰਿਆਂ ਖ਼ਾਸ ਕਰਕੇ ਤਤਕਾਲੀ 10 ਏਕੜ ਚੰਡੀਗੜ੍ਹ ਯੂਟੀ ਦੀ ਜ਼ਮੀਨ ਦੇ ਬਦਲੇ ਵਿੱਚ ਪੰਚਕੂਲਾ ਦੀ ਜ਼ਮੀਨ ਯੂਟੀ ਚੰਡੀਗੜ੍ਹ ਨੂੰ ਦੇਣ ਦੇ ਮੁੱਦੇ(ਇਸ ਜ਼ਮੀਨ 'ਤੇ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਉਸਾਰੀ ਜਾਣੀ ਹੈ) ਪ੍ਰਤੀ ਸੰਜੀਦਾ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਦੇ ਪੰਜਾਬ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਚਿੰਤਾ ਪ੍ਰਗਟ ਕੀਤੀ ਹੈ।

ਕੀ ਸੱਚਮੁੱਚ ਸਿਆਸੀ ਪਾਰਟੀਆਂ ਪੰਜਾਬ ਪ੍ਰਤੀ ਸੰਜੀਦਾ ਹਨ ਜਾਂ ਫਿਰ ਫੋਕੀ ਬਿਆਨਬਾਜੀ ਤੱਕ ਸੀਮਤ ਹਨ?

ਹਰਿਆਣਾ ਨੂੰ ਚੰਡੀਗੜ੍ਹ 'ਚ 10 ਏਕੜ ਜ਼ਮੀਨ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਦੇਣ 'ਤੇ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਨੇ ਕਰੜਾ ਵਿਰੋਧ ਕੀਤਾ ਹੈ। ਅਤੇ ਇਸ ਫ਼ੈਸਲੇ ਨੂੰ ਅਨਿਆਂ ਪੂਰਨ, ਗੈਰ-ਕਾਨੂੰਨੀ, ਗੈਰ-ਸੰਵਿਧਾਨਿਕ ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਘੋਰ ਉਲੰਘਣਾ ਕਿਹਾ ਹੈ। ਉਹਨਾ ਨੇ ਪੰਜਾਬ ਹਿਤੈਸ਼ੀ ਹੋਰ ਸਿਆਸੀ ਪਾਰਟੀਆਂ ਨਾਲ ਮਿਲਕੇ ਸਾਂਝੇ ਤੌਰ 'ਤੇ ਪੰਜਾਬ ਦੀਆਂ ਹੱਕੀ ਮੰਗਾਂ, ਮਸਲਿਆਂ 'ਤੇ ਸਾਂਝਾ ਸੰਘਰਸ਼ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ।

ਕੀ ਇੰਜ ਸੰਭਵ ਹੋ ਸਕੇਗਾ ਜਾਂ ਫਿਰ ਸਿਆਸੀ ਪਾਰਟੀਆਂ ਜਾਂ ਉਹਨਾ ਦੇ ਨੇਤਾ ਸਿਰਫ਼ ਆਪਣੀ ਸਵਾਰਥ ਸਿੱਧੀ ਤੱਕ ਆਪਣੇ ਆਪ ਨੂੰ ਸੀਮਤ ਕਰ ਲੈਣਗੇ?

ਪੰਜਾਬ ਨਾਲ ਕੇਂਦਰ ਲਗਾਤਾਰ ਹੁਣ ਤੱਕ ਧੱਕਾ ਕਰਦਾ ਰਿਹਾ ਹੈ। ਕੇਂਦਰ 'ਚ ਸਰਕਾਰ ਭਾਵੇਂ ਕਾਂਗਰਸ ਦੀ ਰਹੀ, ਭਾਵੇਂ ਹੁਣ ਭਾਜਪਾ ਦੀ ਹੈ, ਪੰਜਾਬ ਨਾਲ ਮਤਰੇਇਆ ਸਲੂਕ ਜਾਰੀ ਹੈ। ਸਾਲ 1966 ਵਿੱਚ ਕੇਂਦਰ ਸਰਕਾਰ ਦੀਆਂ ਮੰਦੀਆਂ ਭਾਵਨਾਵਾਂ ਕਰਕੇ ਹੀ ਪੰਜਾਬ ਪੁਨਰਗਠਨ ਸਮੇਂ ਪੰਜਾਬ ਨੂੰ ਬੇਹੱਦ ਅਧੂਰਾ ਕੱਟਿਆ-ਵੱਡਿਆ ਸੂਬਾ ਬਣਾਇਆ ਗਿਆ। ਪੰਜਾਬ ਨੂੰ ਹੁਣ ਤੱਕ ਵੀ ਚੰਡੀਗੜ੍ਹ ਰਾਜਧਾਨੀ ਤੋਂ ਵਿਰਵਾ ਰੱਖਿਆ ਗਿਆ। ਪਰ ਬੀਤੇ ਸਮੇਂ 'ਚ ਸਿਆਸੀ ਪਾਰਟੀਆਂ ਸੀਮਤ ਜਿਹਾ ਵਿਰੋਧ ਕਰਕੇ, ਕੁੰਭਕਰਨੀ ਨੀਂਦਰ ਸੁੱਤੀਆਂ ਰਹੀਆਂ।

1966 ਵਿੱਚ ਜਦੋਂ ਹਰਿਆਣਾ ਪੰਜਾਬ ਵਿੱਚੋਂ ਵੱਖਰਾ ਸੂਬਾ ਬਣਾਇਆ ਗਿਆ ਸੀ, ਉਸ ਸਮੇਂ ਹੀ ਪੰਚਕੂਲਾ ਵਿੱਚ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਬਣਾਈ ਜਾਣੀ ਚਾਹੀਦੀ ਸੀ। ਇਹ ਵਾਅਦਾ ਵੀ ਪੁਨਗਠਨ ਐਕਟ ਵਿੱਚ ਕੇਂਦਰ ਵਲੋਂ ਕੀਤਾ ਗਿਆ ਸੀ ਕਿ ਕੁਝ ਸਮੇਂ ਬਾਅਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ। ਜਦੋਂ ਤੱਕ ਹਰਿਆਣਾ ਆਪਣੀ ਰਾਜਧਾਨੀ ਨਹੀਂ ਬਣਾਉਂਦਾ ਉਦੋਂ ਤੱਕ ਚੰਡੀਗੜ੍ਹ ਯੂਟੀ ਹੀ ਰਹੇਗਾ। ਪਰ ਪੰਜਾਬ ਨੂੰ ਚੰਡੀਗੜ੍ਹ ਨਾ ਦਿੱਤਾ ਗਿਆ, ਉਸਦੇ ਬਣਦੇ ਹੱਕ ਵੀ ਨਹੀਂ ਦਿੱਤੇ ਗਏ, ਸਗੋਂ ਕਈ ਹਾਲਤਾਂ 'ਚ ਇਹ ਹੱਕ ਹਥਿਆਏ ਜਾਂਦੇ ਰਹੇ।

ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਨਾ ਕੀਤੇ ਗਏ। ਉਹ ਮਸਲੇ, ਜਿਹੜੇ ਪੰਜਾਬ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ, ਬੀਤੇ ਸਮੇਂ ਜਿਹਨਾ ਕਾਰਨ ਪੰਜਾਬੀਆਂ ਨੂੰ ਡੂੰਘੇ ਜ਼ਖ਼ਮ ਲੱਗੇ ਹਨ, ਉਹਨਾ ਉਤੇ ਮੱਲ੍ਹਮ ਤਾਂ ਕਿਸੇ ਸਰਕਾਰ ਨੇ ਕੀ ਲਗਾਉਣੀ ਸੀ, ਸਗੋਂ ਉਹਨਾ ਜ਼ਖ਼ਮਾਂ ਨੂੰ ਕੁਰੇਦਿਆ ਗਿਆ। ਇਸ ਸਭ ਕੁਝ ਦਾ ਸਿੱਟਾ ਫਿਰ ਇਹੋ ਨਿਕਲਿਆ ਕਿ ਪੰਜਾਬ ਦਾ, ਪੰਜਾਬੀਆਂ ਦਾ, ਕੇਂਦਰ ਪ੍ਰਤੀ ਮੋਹ ਭੰਗ ਹੁੰਦਾ ਰਿਹਾ। ਕੇਂਦਰ ਨਾਲ ਦਿਲੋਂ-ਮਨੋਂ ਵਿਰੋਧ ਵਧਦਾ ਰਿਹਾ। ਸਿੱਟਾ ਕਈ ਤੱਤੀਆਂ ਲਹਿਰਾਂ ਦਾ ਪੰਜਾਬ 'ਚ ਜਨਮ ਹੋਇਆ। ਸੈਂਕੜੇ ਨਹੀਂ ਹਜ਼ਾਰਾਂ ਨੌਜਵਾਨ ਇਹਨਾ ਲਹਿਰਾਂ ਸਮੇਂ ਮੌਤ ਦੇ ਘਾਟ ਉਤਾਰ ਦਿੱਤੇ ਗਏ।

ਗੱਲ ਪੰਜਾਬੀਆਂ ਵਲੋਂ ਕੀਤੇ ਗਏ ਪਿਛੇ ਜਿਹੇ ਕਿਸਾਨ ਅੰਦੋਲਨ ਦੀ ਕਰ ਲਈਏ ਜਾਂ ਫਿਰ ਐਮਰਜੈਂਸੀ ਦੌਰਾਨ ਲਗਾਏ "ਅਕਾਲੀ ਮੋਰਚੇ" ਦੀ, ਪੰਜਾਬੀਆਂ ਨੇ ਹਿੱਕ ਡਾਹਕੇ ਕੇਂਦਰ ਦੀਆਂ ਪੰਜਾਬ ਤੇ ਪੰਜਾਬੀਆਂ ਪ੍ਰਤੀ ਕੀਤੀਆਂ ਸਾਜ਼ਿਸ਼ਾਂ ਨੂੰ ਹੀ ਨੰਗਿਆ ਨਹੀਂ ਕੀਤਾ, ਸਗੋਂ ਦੁਨੀਆ ਨੂੰ ਵਿਖਾ ਦਿੱਤਾ ਕਿ ਪੰਜਾਬੀ, "ਦੇਸ਼ ਭਾਰਤ" ਦੇ ਸੰਵਿਧਾਨ ਨੂੰ ਮੰਨਦਿਆਂ, ਆਮ ਲੋਕਾਂ ਦੇ ਹੱਕਾਂ ਲਈ ਲੜਨ ਦੀ ਜੁਰੱਅਤ ਰੱਖਦੇ ਹਨ, ਜ਼ੁਲਮ ਅਤੇ ਧੱਕੇਸ਼ਾਹੀ ਵਿਰੁੱਧ ਹਿੱਕ ਡਾਹਕੇ ਲੜਦੇ ਹਨ, ਕੁਰਬਾਨੀਆਂ ਕਰਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਲੋਕ-ਹੱਕਾਂ ਲਈ ਖੜਦਿਆਂ ਸੈਂਕੜੇ ਨਹੀਂ ਹਜ਼ਾਰਾਂ ਪੰਜਾਬੀਆਂ ਨੇ ਸ਼ਹਾਦਤ ਦੇ ਜਾਮ ਪੀਤੇ। 2020 ਦੇ ਕਿਸਾਨ ਅੰਦੋਲਨ 'ਚ ਸੱਤ ਅੱਠ ਸੌ ਕਿਸਾਨਾਂ ਆਪਣੇ ਹੱਕਾਂ ਦੀ ਪ੍ਰਾਪਤੀਆਂ ਲਈ ਲੜਦਿਆਂ ਜਾਨ ਦੇ ਦਿੱਤੀ।



ਕੀ ਪੰਜਾਬ, ਪੰਜਾਬੀ ਕੁਰਬਾਨੀਆਂ ਹੀ ਦਿੰਦੇ ਰਹਿਣਗੇ ਜਾਂ ਕਦੇ ਸੁੱਖ ਦਾ ਸਾਹ ਵੀ ਲੈ ਸਕਣਗੇ?

ਸਿਰਫ਼ ਇਹੋ ਨਹੀਂ ਕਿ ਪੰਜਾਬ ਤੋਂ ਪੰਜਾਬੀਆਂ ਦੀ ਰਾਜਧਾਨੀ ਖੋਹ ਲਈ ਗਈ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ ਦੀ ਰਾਜਧਾਨੀ ਲਾਹੌਰ, (ਪਾਕਿਸਤਾਨ) ਇਧਰਲੇ ਪੰਜਾਬ ਤੋਂ ਖੁਸ ਗਈ। ਪੰਜਾਬ ਦੇ 22 ਪਿੰਡਾਂ ਨੂੰ ਪੰਜਾਬ ਦੀ ਰਾਜਧਾਨੀ ਬਨਾਉਣਾ ਮਿਥਿਆ ਗਿਆ। ਚੰਡੀਗੜ੍ਹ ਇਹਨਾ ਪਿੰਡਾਂ ਨੂੰ ਉਜਾੜ ਕੇ 1953 'ਚ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ। ਸ਼ਿਮਲਾ, ਜੋ ਕਦੇ ਪੰਜਾਬ ਦੀ ਆਰਜ਼ੀ ਰਾਜਧਾਨੀ ਹੋਇਆ ਕਰਦੀ ਸੀ, ਹਿਮਾਚਲ ਪ੍ਰਦੇਸ਼ ਪੱਲੇ ਪਾ ਦਿੱਤਾ ਗਿਆ। ਸਾਲ 1966 'ਚ ਪੁਨਰਗਠਨ ਵੇਲੇ ਚੰਡੀਗੜ੍ਹ ਹਰਿਆਣਾ ਦੀ ਆਰਜ਼ੀ ਰਾਜਧਾਨੀ ਬਣਾਈ ਗਈ ਤੇ ਆਰਜ਼ੀ ਤੌਰ 'ਤੇ ਨਾਲ ਹੀ ਚੰਡੀਗੜ੍ਹ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਿਆ। ਪਰ ਲਗਭਗ 6 ਦਹਾਕੇ ਬੀਤਣ ਬਾਅਦ ਵੀ ਪੰਜਾਬ ਦੇ ਨਾਲ-ਨਾਲ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਹੈ। ਤੇ ਚੰਡੀਗੜ੍ਹ ਪੱਕੇ ਤੌਰ 'ਤੇ ਹੀ ਕੇਂਦਰ ਸ਼ਾਸ਼ਿਤ ਪ੍ਰਦੇਸ਼ ਅਣ-ਐਲਾਨੇ ਤੌਰ 'ਤੇ ਮੰਨਿਆ ਜਾ ਚੁੱਕਾ ਹੈ।

ਕੀ ਇਹ ਕੇਂਦਰੀ ਹਾਕਮੀ ਦੀ ਹੱਠਧਰਮੀ ਨਹੀਂ? ਕੀ ਇਸ ਹੱਠਧਰਮੀ ਨੂੰ ਤੋੜਨ ਲਈ ਕਿਸੇ ਕਾਂਗਰਸੀ, ਗੈਰ-ਕਾਂਗਰਸੀ ਸਰਕਾਰ ਨੇ ਦੂਰਅੰਦੇਸ਼ੀ, ਪ੍ਰਤੀਬੱਧਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਚੰਡੀਗੜ੍ਹ ਦੀ ਪ੍ਰਾਪਤੀ ਲਈ ਕੋਈ ਯਤਨ ਕੀਤੇ?

ਚੰਡੀਗੜ੍ਹ ਅੱਜ ਕੇਂਦਰ ਅਧੀਨ ਹੈ। ਉਥੇ 60:40 ਅਨੁਪਾਤ ਨਾਲ ਪੰਜਾਬ ਦੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਣੀ ਤਹਿ ਸੀ, ਪਰ ਇਸ ਤੋਂ ਵੀ ਅੱਜ ਮੁਨਕਰ ਹੋਇਆ ਜਾ ਰਿਹਾ ਹੈ। ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਵੀ ਪੰਜਾਬ ਤੋਂ ਖੋਹਣ ਦਾ ਲਗਾਤਾਰ ਯਤਨ ਹੋ ਰਿਹਾ ਹੈ। ਪੰਜਾਬ ਦਾ ਅਧਿਕਾਰ ਉਸ ਉਤੇ ਖ਼ਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਕੀ ਪੰਜਾਬ ਹਿਤੈਸ਼ੀ "ਸੂਰਮੇ ਨੇਤਾ" ਕੇਂਦਰ ਦੀਆਂ ਚਾਲਾਂ ਤੋਂ ਜਾਣੂ ਨਹੀਂ? ਜਾਂ ਫਿਰ ਜਾਣ ਬੁਝਕੇ ਅਵੇਸਲੇ ਹੋਏ, ਇੱਛਾ ਸ਼ਕਤੀ ਤੋਂ ਹੀਣੇ, ਡੰਗ-ਟਪਾਈ ਕਰਦਿਆਂ ਭਾਸ਼ਨਾਂ ਤੱਕ ਆਪਣੇ ਆਪ ਨੂੰ ਸੀਮਤ ਰੱਖ ਰਹੇ ਹਨ?

ਪੰਜਾਬ ਦੇ ਪਾਣੀ ਪੰਜਾਬ ਤੋਂ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਬਾਵਜੂਦ ਪੰਜਾਬ ਵਿਧਾਨ ਸਭਾ 'ਚ ਸਿਆਸੀ ਪਾਰਟੀਆਂ ਵਲੋਂ ਸਰਬਸੰਮਤੀ ਮਤੇ ਪਾਸ ਕਰਕੇ ਕੇਂਦਰ ਨੂੰ ਭੇਜਣ ਦੇ ਬਾਵਜੂਦ ਕਦੇ ਵੀ ਕੇਂਦਰ ਸਰਕਾਰ ਦੇ ਸਿਰ 'ਤੇ ਕਦੇ ਜੂੰ ਨਹੀਂ ਸਰਕੀ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹੱਕ ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਹਨ ਪਰ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਬਿਨ੍ਹਾਂ ਕੀਮਤੋਂ ਇਹ ਪਾਣੀ ਦਿੱਤਾ ਜਾ ਰਿਹਾ ਹੈ। ਦਰਿਆਈ ਟ੍ਰਿਬਿਊਨਲ ਜਾਂ ਭਾਰਤ ਦੀ ਸੁਪਰੀਮ ਕੋਰਟ ਸਾਜ਼ਿਸ਼ਾਂ ਤਹਿਤ ਪੰਜਾਬ ਦੇ ਪਾਣੀ ਖੋਹਣ ਦੇ ਯਤਨ ਹੋ ਰਹੇ ਹਨ।

ਕਦੇ ਪੰਜਾਬ ਵਿਰੋਧੀ ਐਕਟਿੰਗ ਪ੍ਰਧਾਨ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੀ ਬਦਨੀਤੀ ਨੇ ਪੰਜਾਬ ਲਈ ਚੰਡੀਗੜ੍ਹ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਰੱਖਕੇ ਕੰਡੇ ਬੀਜੇ ਅਤੇ ਹੁਣ ਭਾਰਤ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਹਰਿਆਣਾ ਦੀ ਵਿਧਾਨ ਸਭਾ ਚੰਡੀਗੜ੍ਹ 'ਚ ਬਨਾਉਣ ਦਾ ਸੋਹ ਦਾ ਤੱਕਲਾ ਪੰਜਾਬ ਦੀ ਛਾਤੀ 'ਚ ਖੁਭੋ ਰਿਹਾ ਹੈ।

ਕੀ ਪੰਜਾਬੀ ਤੇ ਪੰਜਾਬ ਇਸ ਬੇਇਨਸਾਫ਼ੀ ਨੂੰ ਬਰਦਾਸ਼ਤ ਕਰਨਗੇ? ਜਵਾਬ ਹੈ ਕਦਾਚਿਤ ਨਹੀਂ।

ਪੰਜਾਬ ਸਰਹੱਦੀ ਸੂਬਾ ਹੈ। ਕਈ ਵੇਰ ਉਜੜਿਆ ਹੈ, ਫਿਰ ਉਸਰਿਆ ਹੈ। ਖਾੜਕੂ ਲਹਿਰ ਦਾ ਸੰਤਾਪ ਵੀ ਇਸ ਸੂਬੇ ਨੇ ਝੱਲਿਆ ਹੈ। ਵੱਡੇ ਦਰਦ ਵੀ ਇਸ ਨੇ ਆਪਣੇ ਸੀਨੇ 'ਤੇ ਜਰੇ ਹਨ। ਸੰਤਾਲੀ ਦੀ ਵੰਡ, 1984 ਦੇ ਦਰਦਨਾਕ ਹਾਦਸੇ, ਸ੍ਰੀ ਹਰਿਮੰਦਰ ਸਾਹਿਬ ਉਤੇ ਕੇਂਦਰੀ ਹਮਲਾ ਅਤੇ ਫਿਰ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਹੋਣ ਦਾ ਖਿਤਾਬ, ਕਿਸਾਨ ਅੰਦੋਲਨ ਤੱਕ ਵੀ ਕੇਂਦਰ ਦੀਆਂ ਸਰਕਾਰਾਂ ਉਹਨਾ ਪੱਲੇ ਪਾਉਂਦੀਆਂ ਰਹੀਆਂ ਹਨ।

ਪਰ ਕੀ ਕੇਂਦਰ ਵਲੋਂ ਇਸ ਸਰਹੱਦੀ ਸੂਬੇ ਦੀ ਖੁਸ਼ਹਾਲੀ ਲਈ ਕਦੇ ਕੋਈ ਕਦਮ ਚੁੱਕੇ ਗਏ? ਕੀ ਹਿਮਾਚਲ ਪ੍ਰਦੇਸ਼ ਜਾਂ ਹੋਰ ਸੂਬਿਆਂ ਵਾਂਗਰ ਪੰਜਾਬ ਨੂੰ ਸਨਅਤੀ ਸਹੂਲਤਾਂ ਪ੍ਰਦਾਨ ਹੋਈਆਂ, ਕੋਈ ਖ਼ਾਸ ਰਿਐਤਾਂ ਪ੍ਰਦਾਨ ਕੀਤੀਆਂ?

ਉਲਟਾ ਅੱਤਵਾਦ ਦੇ ਨਾਂਅ ਤੇ, ਮਨੁੱਖੀ ਅਧਿਕਾਰਾਂ ਦਾ ਹਨਨ ਪੰਜਾਬੀਆਂ ਪੱਲੇ ਪਿਆ। ਇਸ ਖਾੜਕੂ ਲਹਿਰ ਨੂੰ ਰੋਕਣ ਲਈ ਕੇਂਦਰ ਸੁਰੱਖਿਆ ਬਲਾਂ ਦਾ ਖਰਚਾ ਪੰਜਾਬ ਸਿਰ ਮੜ੍ਹ ਦਿੱਤਾ ਗਿਆ। ਇਹੋ ਜਿਹੀਆਂ ਬੇਹੂਦਾ, ਪੰਜਾਬ ਵਿਰੋਧੀ ਕੇਂਦਰੀ ਹਰਕਤਾਂ ਕਾਰਨ ਪੰਜਾਬੀਆਂ ਦੇ ਮਨਾਂ 'ਚ ਰੋਸ ਪੈਦਾ ਹੋਇਆ। ਪੰਜਾਬ ਦਾ ਨੌਜਵਾਨ ਉਦਾਸ, ਹਤਾਸ਼ ਹੋਇਆ। ਪ੍ਰਵਾਸ ਦੇ ਰਾਹ ਪਿਆ। ਬੇਰੁਜ਼ਗਾਰੀ ਦਾ ਸ਼ਿਕਾਰ ਨਸ਼ਿਆਂ ਦੀ ਮਾਰ ਹੇਠ ਦੱਬਿਆ ਗਿਆ। ਕੀ ਕਦੇ ਕਿਸੇ ਕੇਂਦਰੀ ਸਰਕਾਰ ਜਾਂ ਫਿਰ ਪੰਜਾਬ ਹਿਤੈਸ਼ੀ ਕਹਾਉਂਦੀ ਸੂਬਾ ਸਰਕਾਰ ਨੇ ਪੰਜਾਬੀਆਂ ਦਾ ਇਹ ਦਰਦ ਪਛਾਣਿਆ? ਸਮਝਣ ਦਾ ਯਤਨ ਕੀਤਾ? ਸ਼ਾਇਦ ਕਦੇ ਵੀ ਨਹੀਂ।

ਅੱਜ ਜਦੋਂ ਪੰਜਾਬੀ ਮਜ਼ਬੂਰੀ ਤੌਰ ਪ੍ਰਵਾਸ ਦੇ ਰਾਹ ਪਏ ਹੋਏ ਹਨ। ਲੱਖਾਂ ਪੰਜਾਬੀ ਨੌਜਵਾਨ ਵਿਦੇਸ਼ਾਂ 'ਚ ਵਸ ਰਹੇ ਹਨ। ਪੰਜਾਬ, ਪੰਜਾਬੀਆਂ ਤੋਂ ਸਾਜ਼ਿਸ਼ਨ ਸੱਖਣਾ ਕੀਤਾ ਜਾ ਰਿਹਾ ਹੈ। ਉਹਨਾ ਦੀ ਅਣਖ ਨੂੰ ਵੰਗਾਰਿਆ ਜਾ ਰਿਹਾ ਹੈ। ਪੰਜਾਬੀਆਂ ਦੀ ਥਾਂ ਹੋਰ ਸੂਬਿਆਂ ਦੇ ਲੋਕਾਂ ਦਾ ਇਥੇ ਪੱਕਾ ਵਸੇਵਾ ਕਰਵਾਇਆ ਜਾ ਰਿਹਾ ਹੈ। ਪੰਜਾਬ ਦੀ ਬੋਲੀ ""ਪੰਜਾਬੀ" ਅਤੇ ਪੰਜਾਬ ਦਾ ਸਭਿਆਚਾਰ ਮਿਲਾਵਟੀ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਹੱਕ ਖੋਹਣ ਦੀਆਂ ਯੋਜਨਾਵਾਂ ਨਿੱਤ ਬਣਦੀਆਂ ਹਨ, ਜੋ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਕਰਨ ਯੋਗ ਨਹੀਂ ਹਨ।

ਤਦ ਫਿਰ ਪੰਜਾਬ ਹਿਤੈਸ਼ੀ ਸਿਆਸੀ ਪਾਰਟੀਆਂ ਦੀ ਇੱਕਜੁੱਟਤਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ ਤਾਂ ਕਿ ਪੰਜਾਬ ਵਿਰੋਧੀ ਲਾਬੀ ਨੂੰ ਮਾਤ ਦਿੱਤੀ ਜਾ ਸਕੇ। ਜੇਕਰ ਅੱਜ ਵੀ ਪੰਜਾਬੀ ਰੋਸ ਨਹੀਂ ਪ੍ਰਗਟਾਉਂਦੇ, ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ, ਪੰਜਾਬ ਦੇ ਮਜ਼ਦੂਰ ਸੰਗਠਨ, ਸਿਆਸੀ ਧਿਰਾਂ, ਸਮਾਜਿਕ ਕਾਰਕੁੰਨ, ਲੇਖਕ, ਬੁੱਧੀਜੀਵੀ ਪੰਜਾਬ ਦੇ ਹੱਕਾਂ ਲਈ ਨਹੀਂ ਖੜਦੇ, ਤਾਂ ਪੰਜਾਬ ਦੀ ਹੋਂਦ ਖ਼ਤਰੇ 'ਚ ਪੈ ਜਾਏਗੀ।

ਕੀ ਜਰਖੇਜ਼ ਧਰਤੀ ਦੇ ਵਸ਼ਿੰਦੇ, ਲੋਕਾਂ ਲਈ ਮਰਨ ਖਪਣ ਵਾਲੇ ਅਣਖੀ ਪੰਜਾਬੀ, ਪੰਜਾਬ ਦੀ ਧਰਤੀ ਤੇ ਲਿਖਿਆ ਜਾ ਰਿਹਾ ਦੁਖਾਂਤਕ ਬਿਰਤਾਂਤ ਹੁਣ ਵੀ ਨਹੀਂ ਪੜ੍ਹਨਗੇ? ਕਿੰਨਾ ਕੁ ਚਿਰ ਸੁੱਤ-ਉਨੀਂਦੇ, ਬਿੱਲੀ ਦੀ ਆਮਦ 'ਤੇ ਚੂਹੇ ਦੇ ਅੱਖਾਂ ਮਿਟਣ ਵਾਂਗਰ, ਆਪਣੀ ਬੇ-ਨਿਆਈ ਮੌਤ ਦਾ ਇੰਤਜ਼ਾਰ ਕਰਨਗੇ?

ਪੰਜਾਬ ਦੇ ਲਿਖੇ ਇਤਿਹਾਸ ਦੇ ਕਾਲੇ ਪੰਨਿਆਂ 'ਤੇ ਝਾਤ ਮਾਰਦਿਆਂ ਪੰਜਾਬੀਆਂ ਨੂੰ ਆਪਣੀ ਸੋਚ ਨੂੰ ਥਾਂ ਸਿਰ ਕਰਕੇ ਕੁਝ ਸਾਰਥਿਕ ਕਦਮ ਤਾਂ ਪੁੱਟਣੇ ਹੀ ਪੈਣਗੇ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਸਾਂਹਵੇਂ ਹੁਣ ਦੇ ਪੰਜਾਬੀਆਂ ਨੂੰ ਸ਼ਰਮਸਾਰ ਹੋਣਾ ਪਵੇਗਾ।

ਸਿਰਫ਼ ਹਾਅ ਦਾ ਨਾਹਰਾ ਮਾਰਿਆਂ ਨਹੀਂ ਸਰਨਾ। ਕੋਈ ਸੰਘਰਸ਼ ਕੀਤਿਆਂ ਹੀ ਸਿੱਟੇ ਨਿਕਲ ਸਕਣਗੇ।

## '365 ਚਲਿੱਤਰ'

ਮਾੜੀ ਸੋਚ ਦੇ 'ਮਰਦਾਂ' ਨੇ,
'ਔਰਤ' ਨੂੰ ਖੂਬ ਤ੍ਰਿਸਕਾਰਿਆ ਹੈ।
ਔਰਤ ਜ਼ਾਤ ਨੂੰ ਪੂਰਾ ਬਦਨਾਮ ਕੀਤਾ,
ਇਹਨਾਂ ਲਈ ਹਰ ਮਾੜਾ ਸ਼ਬਦ ਉਚਾਰਿਆ ਹੈ।
"365 ਚਲਿੱਤਰ, ਗਿੱਚੀ ਪਿਛੇ ਮੱਤ",
"ਰੰਨਾਂ ਬਦਕਾਰਾਂ" ਕਹਿ ਪ੍ਰਚਾਰਿਆ ਹੈ।
ਚਰਿੱਤਰ ਹੀਣ ਮਰਦਾਂ ਨੇ ਵੀ ਖੂਬ ਭੰਡਿਆ,
ਭੈੜੀ ਨਿਗਾਹ ਦੇ ਨਾਲ ਨਿਹਾਰਿਆ ਹੈ।
ਜਿਸ ਮਰਦ ਨੂੰ ਜਨਮ ਦੇਣ ਲਈ ਦੁੱਖ ਸਹੇ,
ਉਸਨੇ ਨੀਚ ਰੱਖਣ ਲਈ ਬੜਾ ਤਾੜਿਆ ਹੈ।
ਇਹਨਾਂ ਮਰਦਾਂ ਨੇ ਗਿਆਨ ਦੇ ਜੁੱਗ ਅੰਦਰ,
ਵੀ ਨਾ ਹੱਥ ਅਕਲ ਨੂੰ ਮਾਰਿਆ ਹੈ।
ਵਧੇਰਿਆਂ ਅਜੇ ਵੀ ਔਰਤ ਜ਼ਾਤ ਤਾਂਈਂ,
'ਮੇਜਰ' ਪਹਿਲਾਂ ਵਾਂਗ ਨਕਾਰਿਆ ਹੈ।

ਮੇਜਰ ਸਿੰਘ ਬੁਢਲਾਡਾ
94176 42327



## ਅਸੀਮ ਵੱਲ ਵਿਸਤਾਰ ਦਾ ਸੁਨੇਹਾ ਦੇ ਕੇ ਸਫਲਤਾਪੂਰਵਕ ਸਮਾਪਤ ਹੋਇਆ 77ਵਾਂ ਨਿਰੰਕਾਰੀ ਸੰਤ ਸਮਾਗਮ

**ਜੈਤੋ (ਅਸ਼ੋਕ ਧੀਰ)-** 'ਪਰਮਾਤਮਾ ਅਸੀਮ ਹੈ ਬੇਅੰਤ ਹੈ, ਇਸ ਦਾ ਕੋਈ ਅੰਤ ਨਹੀਂ ਹੈ।ਹਰ ਚੀਜ਼ ਜੋ ਇਸ ਨਾਲ ਜੁੜੀ ਹੋਈ ਹੈ ਆਪਣੇ ਆਪ ਅਸੀਮ ਹੋ ਜਾਂਦੀ ਹੈ। ਜਦੋਂ ਅਸੀਂ ਬ੍ਰਹਮਗਿਆਨ ਦੁਆਰਾ ਪ੍ਰਮਾਤਮਾ ਨੂੰ ਜਾਣ ਕੇ ਉਸ ਨਾਲ ਜੁੜਦੇ ਹਾਂ, ਤਾਂ ਇਹ ਬ੍ਰਹਮ ਯਾਤਰਾ ਸੱਚਮੁੱਚ ਸ਼ੁਰੂ ਹੁੰਦੀ ਹੈ ,ਜਿਸ ਨਾਲ ਸਾਡੇ ਜੀਵਨ ਦਾ ਹਰ ਪਹਿਲੂ ਸਕਾਰਾਤਮਕ ਤਰੀਕੇ ਨਾਲ ਫੈਲਦਾ ਹੈ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਤਿੰਨ ਰੋਜ਼ਾ 77ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਆਖਰੀ ਦਿਨ ਹਾਜ਼ਰ ਸ਼ਰਧਾਲੂਆਂ ਅਤੇ ਪ੍ਰਭੂ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਉਪਰੋਕਤ ਵਿਚਾਰ ਪ੍ਰਗਟ ਕੀਤੇ । 18 ਨਵੰਬਰ ਦਿਨ ਸੋਮਵਾਰ ਦੀ ਰਾਤ ਨੂੰ ਇਹ ਇਲਾਹੀ ਸੰਤ ਸਮਾਗਮ ਸ਼ਰਧਾ ਨਾਲ ਭਰੇ ਮਾਹੌਲ ਵਿੱਚ ਸਫਲਤਾਪੂਰਵਕ ਸੰਪੰਨ ਹੋਇਆ।

ਸਤਿਗੁਰੂ ਮਾਤਾ ਜੀ ਨੇ ਅੱਗੇ ਕਿਹਾ ਕਿ ਅਗਿਆਨਤਾ ਕਾਰਨ ਸੰਸਾਰ ਵਿੱਚ ਵਿਤਕਰੇ ਦੇ ਕਈ ਕਾਰਨ ਪਾਏ ਜਾਂਦੇ ਹਨ। ਅੱਜ-ਕੱਲ੍ਹ ਲੋਕਾਂ ਵਿੱਚ ਜਾਤ-ਪਾਤ ਤੋਂ ਇਲਾਵਾ ਰਹਿਣ-ਸਹਿਣ, ਸ਼ਹਿਰ ਜਾਂ ਪਿੰਡ ਵਾਸੀ ਅਤੇ ਰਹਿਣ ਦੀ ਥਾਂ ਆਦਿ ਕਾਰਨਾਂ ਦੇ ਆਧਾਰ 'ਤੇ ਵੀ ਵਿਤਕਰਾ ਹੋਣਾ ਸ਼ੁਰੂ ਹੋ ਗਿਆ ਹੈ। ਦੂਜੇ ਪਾਸੇ ਬ੍ਰਹਮਗਿਆਨੀ ਸੰਤ ਕੇਵਲ ਪ੍ਰਮਾਤਮਾ ਨੂੰ ਹੀ ਜੀਵਨ ਦਾ ਆਧਾਰ ਬਣਾ ਕੇ ਕੁਦਰਤੀ ਤੌਰ 'ਤੇ ਇਨ੍ਹਾਂ ਤੰਗ-ਪ੍ਰੇਸ਼ਾਨੀਆਂ 'ਚੋਂ ਨਿਕਲ ਕੇ ਸਮਾਨਤਾ ਦੀਆਂ ਸੁੰਦਰ ਭਾਵਨਾਵਾਂ ਨੂੰ ਅਪਣਾਉਂਦੇ ਹਨ।

ਭਗਤੀ ਵਿਚ ਭੋਲੀ-ਭਾਲੀ ਭਾਵਨਾ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਸਤਿਗੁਰੂ ਮਾਤਾ ਜੀ ਨੇ ਦੱਸਿਆ ਕਿ ਪ੍ਰਮਾਤਮਾ ਭੋਲੇ ਭਾਵ ਨਾਲ ਹੀ ਪ੍ਰਸੰਨ ਹੁੰਦਾ ਹੈ ਅਤੇ ਸ਼ਰਧਾਲੂ ਭੋਲੀ-ਭਾਲੀ ਭਾਵਨਾਵਾਂ ਨੂੰ ਅਪਣਾਉਂਦੇ ਹੋਏ ਸੁਚੇਤ ਅਤੇ ਸਜਗ ਰਹਿੰਦੇ ਹਨ। ਇਸ ਲਈ ਉਹ ਕਿਸੇ ਕਿਸਮ ਦੇ ਭਰਮ ਤੋਂ ਪ੍ਰਭਾਵਿਤ ਨਹੀਂ ਹੁੰਦਾ। ਸਤਿਗੁਰੂ ਮਾਤਾ ਜੀ ਨੇ ਨਿਰੰਕਾਰੀ ਸ਼ਰਧਾਲੂਆਂ ਨੂੰ ਸੰਤ ਸਮਾਗਮ ਦੇ ਤਿੰਨ ਦਿਨਾਂ ਦੌਰਾਨ ਸਿੱਖੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿੱਚ ਅਪਨਾ ਕੇ ਆਪਣਾ ਜੀਵਨ ਸਾਰਥਕ ਬਣਾਉਣ ਦਾ ਸੱਦਾ ਦਿੱਤਾ।



ਇਸ ਤੋਂ ਪਹਿਲਾਂ ਸਮਾਗਮ ਕਮੇਟੀ ਦੇ ਕੋਆਰਡੀਨੇਟਰ ਸਤਿਕਾਰਯੋਗ ਸ਼੍ਰੀ ਜੋਗਿੰਦਰ ਸੁਖੀਜਾ ਜੀ ਨੇ ਸਮੁੱਚੀ ਸਾਧ ਸੰਗਤ ਦੀ ਤਰਫੋਂ ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਾਰੇ ਸਰਕਾਰੀ ਵਿਭਾਗਾਂ ਦਾ ਧੰ-ਨਵਾਦ ਕੀਤਾ ਜਿਨ੍ਹਾਂ ਨੇ ਇਸ ਪਵਿੱਤਰ ਸਮਾਗਮ ਦੇ ਆਯੋਜਨ ਲਈ ਆਪਣਾ ਅਹਿਮ ਸਹਿਯੋਗ ਦਿੱਤਾ। ਸੰਤ ਸਮਾਗਮ।

### ਕਵੀ ਦਰਬਾਰ

ਸੰਤ ਸਮਾਗਮ ਦੇ ਤੀਜੇ ਦਿਨ ਦਾ ਮੁੱਖ ਆਕਰਸ਼ਣ ਬਹੁ-ਭਾਸ਼ਾਈ ਕਵੀ ਦਰਬਾਰ ਸੀ ਜਿਸ ਵਿੱਚ ਦੇਸ਼-ਵਿਦੇਸ਼ ਤੋਂ ਆਏ 19 ਦੇ ਕਰੀਬ ਕਵੀਆਂ ਨੇ ਹਿੰਦੀ, ਪੰਜਾਬੀ, ਮੁਲਤਾਨੀ, ਹਰਿਆਣਵੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ 'ਵਿਸਥਾਰ ਅਸੀਮ ਵੱਲ ' ਵਿਸ਼ੇ 'ਤੇ ਆਪਣੀਆਂ ਮਿੱਠੀਆਂ ਅਤੇ ਪ੍ਰੇਰਨਾਦਾਇਕ ਕਾਵਿ ਰਚਨਾਵਾਂ ਪੇਸ਼ ਕੀਤੀਆਂ।'ਵਿਸਥਾਰ ਅਸੀਮ ਵੱਲ ' ਜਿਸ ਨੂੰ ਉਥੇ ਮੌਜੂਦ ਪ੍ਰਭੂ ਪ੍ਰੇਮੀਆਂ ਨੇ ਖੂਬ ਸਰਾਹਿਆ।

ਵਰਨਣਯੋਗ ਹੈ ਕਿ ਇਸ ਸਾਲ ਵੀ ਸਮਾਗਮ ਦੇ ਪਹਿਲੇ ਦਿਨ ਕਰਵਾਏ ਗਏ ਬਾਲ ਕਵੀ ਦਰਬਾਰ ਵਿੱਚ ਬਾਲ ਕਵੀਆਂ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਕਵਿਤਾਵਾਂ ਸੁਣਾਈਆਂ। ਬੱਚਿਆਂ ਦੀ ਅਦਭੁਤ ਕਾਵਿ ਪ੍ਰਤਿਭਾ ਨੂੰ ਦੇਖ ਕੇ ਸਰੋਤਿਆਂ ਨੇ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਸਮਾਗਮ ਦੇ ਦੂਜੇ ਦਿਨ ਮਹਿਲਾ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਵਿੱਤਰੀ ਭੈਣਾਂ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੜ੍ਹੀਆਂ ਅਤੇ ਸਰੋਤਿਆਂ ਨੇ ਉਨ੍ਹਾਂ ਨੂੰ ਸੁਣ ਕੇ ਆਨੰਦ ਮਾਣਿਆ।

### ਲੰਗਰ

ਨਿਰੰਕਾਰੀ ਸੰਤ ਸਮਾਗਮ ਵਿੱਚ ਵਰਤਾਏ ਜਾ ਰਹੇ ਲੰਗਰ ਦਾ ਦ੍ਰਿਸ਼ 'ਸਾਰਾ ਸੰਸਾਰ - ਇੱਕ ਪਰਿਵਾਰ' ਦੀ ਭਾਵਨਾ ਨੂੰ ਜ਼ਿੰਦਾ ਕਰਦਾ ਹੈ। ਦੇਸ਼-ਵਿਦੇਸ਼ ਤੋਂ ਵੱਖ-ਵੱਖ ਸੱਭਿਆਚਾਰਕ ਅਤੇ ਧਾਰਮਿਕ ਪਿਛੋਕੜ ਵਾਲੇ ਸ਼ਰਧਾਲੂ ਬਿਨਾਂ ਕਿਸੇ ਭੇਦਭਾਵ ਦੇ ਇਕੱਠੇ ਬੈਠ ਕੇ ਲੰਗਰ ਛਕਦੇ ਹਨ। ਇਸ ਸਾਲਾਨਾ ਸੰਤ ਸਮਾਗਮ ਲਈ ਆਉਣ ਵਾਲਿਆਂ ਲੱਖਾਂ ਸੰਗਤਾਂ ਲਈ ਚਾਰੇ ਗਰਾਊਂਡਾਂ ਵਿੱਚ ਮੁਫ਼ਤ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ।

ਹਰ ਲੰਗਰ ਵਾਲੀ ਥਾਂ 'ਤੇ ਲਗਭਗ 20 ਹਜ਼ਾਰ ਸ਼ਰਧਾਲੂ ਇੱਕੋ ਸਮੇਂ ਭੋਜਨ ਛਕ ਸਕਦੇ ਹਨ। ਅੰਗਹੀਣਾਂ ਅਤੇ ਬਜ਼ੁਰਗਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਵਾਤਾਵਰਨ ਪ੍ਰਤੀ ਜਾਗਰੂਕਤਾ ਨੂੰ ਮੁੱਖ ਰੱਖਦਿਆਂ ਸਟੀਲ ਦੀਆਂ ਪਲੇਟਾਂ ਵਿੱਚ ਭੋਜਨ ਪਰੋਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਮਾਗਮ ਵਾਲੀ ਥਾਂ 'ਤੇ 22 ਕੰਟੀਨਾਂ ਵਿੱਚ ਰਿਆਇਤੀ ਦਰਾਂ 'ਤੇ ਸਨੈਕਸ ਅਤੇ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਲੰਗਰ ਵਿਚ ਸਫਾਈ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।

ਸ਼ਰਧਾਲੂ ਸੰਗਤਾਂ ਅੱਜ ਸੰਤ ਸਮਾਗਮ ਦੇ ਪਵਿੱਤਰ ਮੌਕੇ ਦਾ ਆਨੰਦ ਮਾਣਦੇ ਹੋਏ ਅਤੇ ਇਲਾਹੀ ਉਪਦੇਸ਼ਾਂ ਨੂੰ ਆਪਣੇ ਹਿਰਦੇ ਵਿਚ ਟਿਕਾਉਂਦੇ ਹੋਏ ਆਪੋ-ਆਪਣੇ ਟਿਕਾਣਿਆਂ ਵੱਲ ਵਧ ਰਹੇ ਹਨ।



## ਪ੍ਰਵੇਸ਼

ਭਾਰਤੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਨੂੰ ਸੁਨਹਿਰੀ ਯੁੱਗ ਸਵੀਕਾਰ ਕੀਤਾ ਗਿਆ ਹੈ। ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਇਹ ਗਿਰਾਵਟ ਦਾ ਸਮਾਂ ਸੀ। ਇਕ ਪਾਸੇ ਵਿਦੇਸ਼ੀ ਹਮਲਾਵਰ ਆਪਣੀ ਪ੍ਰਭੂਸੱਤਾ ਸਥਾਪਿਤ ਕਰ ਰਹੇ ਸਨ ਅਤੇ ਦੂਸਰੇ ਪਾਸੇ ਮਨੂੰਵਾਦੀ ਵਰਣ-ਵਿਵਸਥਾ ਨੇ ਭਾਰਤੀ ਸਮਾਜ ਨੂੰ ਵਿਨਾਸ਼ ਦੀ ਦਲਦਲ ਵਿਚ ਧਕੇਲ ਦਿੱਤਾ ਸੀ। ਭਾਰਤੀ ਸਮਾਜ ਦੀ ਸਰੰਚਨਾ ਜਾਤੀ ਆਧਾਰਿਤ ਹੋਣ ਕਾਰਨ ਪੂਰੇ ਦੇਸ਼ ਵਿਚ ਅਰਾਜਕਤਾ ਪੱਸਰੀ ਹੋਈ ਸੀ। ਭਾਰਤ ਦੇ ਬ੍ਰਾਹਮਣ-ਗ੍ਰੰਥਾਂ, ਸ਼ਾਸਤਰਾਂ, ਸਿਮ੍ਰਿਤੀਆਂ ਅਤੇ ਪੁਰਾਣਾਂ ਵਿਚ ਸ਼ੂਦਰਾਂ, ਔਰਤਾਂ ਅਤੇ ਅਖੌਤੀ ਅਛੂਤਾਂ ਉਪਰ ਮਾਨਵਤਾ ਵਿਰੋਧੀ, ਕਾਨੂੰਨ ਲਾਗੂ ਕਰਕੇ ਇਨ੍ਹਾਂ ਦਾ ਜੀਵਨ ਪਸ਼ੂਆਂ ਤੋਂ ਵੀ ਭੈੜਾ, ਨਰਕਮਈ ਬਣਾ ਦਿੱਤਾ ਗਿਆ।

ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਇਨ੍ਹਾਂ ਕਥਿਤ ਧਰਮ-ਸ਼ਾਸਤਰਾਂ, ਅਖੌਤੀ ਧਰਮ ਅਚਾਰੀਆਂ ਅਤੇ ਮੁੱਲਾਂ-ਮੌਲਾਣਿਆਂ ਵੱਲੋਂ ਫੈਲਾਈ ਜਾ ਰਹੀ ਆਪਸੀ ਨਫਰਤ, ਵੈਰ-ਵਿਰੋਧ, ਈਰਖਾ, ਦੂਈ-ਦਵੈਤ, ਕਰਮਕਾਂਡ, ਅਨੇਕ ਪ੍ਰਕਾਰ ਦੇ ਧਾਰਮਿਕ ਆਡੰਬਰਾਂ ਅਤੇ ਮਾਨਵ ਵਿਰੋਧੀ ਭ੍ਰਾਂਤੀਆਂ ਖਿਲਾਫ ਵਿਦਰੋਹ ਕੀਤਾ। ਇਨਕਲਾਬੀ, ਬਾਗੀ ਜਾਂ ਵਿਦਰੋਹੀ ਉਹ ਹੁੰਦਾ ਹੈ ਜੋ ਸਥਾਪਿਤ ਮਾਨਵ ਵਿਰੋਧੀ ਵਿਵਸਥਾ ਦੇ ਖਿਲਾਫ ਬਗਾਵਤ ਕਰਕੇ ਇਕ ਨਵੀਂ ਸਭਿਆਚਾਰਕ ਅਤੇ ਨੈਤਿਕ ਵਿਵਸਥਾ ਕਾਇਮ ਕਰਨ ਦਾ ਧਾਰਨੀ ਹੋਵੇ। ਭਾਰਤ ਵਿਚ ਤਥਾਗਤ ਬੁੱਧ ਦੀ ਮਾਨਵ-ਹਿਤੈਸ਼ੀ ਕ੍ਰਾਂਤੀ ਵਿਰੁੱਧ ਅਖੌਤੀ ਧਰਮ ਗ੍ਰੰਥਾਂ, ਮਨੂੰ ਸਿਮ੍ਰਤੀਆਂ ਵਰਗੀਆਂ ਅਨੇਕਾਂ ਹੋਰ ਸਿਮ੍ਰਿਤੀਆਂ ਅਤੇ ਸ਼ਾਸਤਰਾਂ ਦੁਆਰਾ ਸਥਾਪਿਤ ਕੀਤੀ ਗਈ ਵਿਵਸਥਾ ਅਤੇ ਤਤਕਾਲੀਨ ਹਿੰਦੂ-ਮੁਸਲਿਮ ਦੋਨਾਂ ਸਮਾਜਾਂ ਵਿਚ ਪ੍ਰਚੱਲਿਤ ਵਰਣ-ਵੰਡ, ਜਾਤ-ਪਾਤ, ਕਰਮਕਾਂਡ, ਪਾਖੰਡਵਾਦ, ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਮੱਧਕਾਲੀਨ ਇਨਕਲਾਬੀ ਸੰਤਾਂ, ਵਿਸ਼ੇਸ਼ ਤੌਰ ਤੇ ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ ਅਤੇ ਸਤਿਗੁਰੂ ਨਾਨਕ ਦੇਵ ਜੀ ਨੇ ਜ਼ੋਰਦਾਰ ਖੰਡਨ ਕਰਦਿਆਂ ਅਖੌਤੀ ਧਰਮ ਅਚਾਰੀਆਂ ਵੱਲੋਂ ਮਨੁੱਖੀ ਦਮਨ ਅਤੇ ਅਪਮਾਨ ਵਿਰੁੱਧ ਰੋਹ ਭਰੀ ਆਵਾਜ਼ ਬੁਲੰਦ ਕੀਤੀ।

ਤਥਾਗਤ ਬੁੱਧ ਦੀ ਸਮਾਨਤਾ ਦੀ ਸ਼੍ਰਮਣ ਸੰਸਕ੍ਰਿਤੀ ਆਧਾਰਿਤ ਵਿਚਾਰਧਾਰਾ ਵਿਰੁੱਧ ਹਿੰਦੂ ਧਰਮ-ਸ਼ਾਸਤਰਾਂ ਵਿਚ ਵਰਣ-ਵੰਡ ਕਾਇਮ ਕਰਕੇ ਬ੍ਰਾਹਮਣ ਨੂੰ ਸਭ ਤੋਂ ਸ੍ਰੇਸ਼ਟ ਦਰਜਾ ਪ੍ਰਦਾਨ ਕੀਤਾ ਗਿਆ, ਬੇਸ਼ੱਕ ਉਹ ਕੁਚੱਜਾ, ਕੁਰਹਿਤੀ ਅਤੇ ਕੁਮਾਰਗੀ ਹੀ ਕਿਉਂ ਨਾ ਹੋਵੇ। ਹਜ਼ਾਰਾਂ ਸਾਲਾਂ ਤੋਂ ਉਸ ਨੂੰ ਇਹ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਮੱਧਕਾਲ ਵਿਚ ਵੀ 'ਸ੍ਰੀ ਰਾਮ ਚਰਿਤ ਮਾਨਸ' ਦੇ ਲੇਖਕ ਸ੍ਰੀ ਤੁਲਸੀ ਦਾਸ ਵੱਲੋਂ ਬ੍ਰਾਹਮਣ ਦੀ ਇਸ ਕਥਿਤ ਉੱਚਤਾ ਉਪਰ ਪੱਕੀ ਮੋਹਰ ਲਾ ਕੇ ਅਤੇ 'ਪੂਜਿਏ ਵਿਪਰ ਸੀਲ ਗੁਨ ਹੀਨਾ, ਸ਼ੂਦਰ ਨਾ ਗੁਨ ਗਨ ਪ੍ਰਵੀਨਾ' (610/33/1) ਕਹਿ ਕੇ ਉਸਦੇ ਵਿਸ਼ੇਸ਼ ਅਧਿਕਾਰਾਂ ਨੂੰ ਹਮੇਸ਼ਾ ਲਈ ਸੁਰੱਖਿਅਤ ਕਰ ਦਿੱਤਾ ਗਿਆ। ਪ੍ਰੰਤੂ ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਤਤਕਾਲੀਨ ਪੰਡਤਾਂ, ਜੋਗੀਆਂ ਅਤੇ ਸਨਿਆਸੀਆਂ ਨੂੰ 'ਭੂਲਿ ਪਰੇ ਜੈਸੇ ਬਉਰੇ' (ਆਦਿ ਗ੍ਰੰਥ, ਪੰਨਾ 658) 'ਜੋ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀ ਆਇਆ' (ਪੰਨਾ 324) ਅਤੇ 'ਕਾਦੀ ਕੂੜੁ ਬੋਲ ਮਲੁ ਖਾਇ।। ਬ੍ਰਾਹਮਣ ਨਾਵੈ ਜੀਆ ਘਾਇ।। ਜੋਗੀ ਜੁਗਤਿ ਨ ਜਾਣੈ ਅੰਧੁ।। ਤੀਨੋ ਉਜਾੜੇ ਕਾ ਬੰਧੁ।। (ਪੰਨਾ 662) ਕਹਿ ਕੇ ਉਨ੍ਹਾਂ ਦੀ ਸ੍ਰੇਸ਼ਟਤਾ ਨੂੰ ਵੰਗਾਰ ਕੇ ਅਤੇ ਫਟਕਾਰ ਕੇ ਭਾਰਤੀ ਸਮਾਜ, ਭਾਰਤ ਦੀ ਦੁੱਖੀ, ਪੀੜਤ ਅਤੇ ਜ਼ੁਲਮਾਂ ਦੀ ਸ਼ਿਕਾਰ ਲਤਾੜੀ ਅਤੇ ਸਤਾਈ ਹੋਈ ਖਲਕਤ ਨੂੰ ਇਕ ਨਵਾਂ ਜੀਵਨ-ਦਰਸ਼ਨ ਅਤੇ ਜੀਵਨ-ਸੁਨੇਹਾ ਦਿੱਤਾ। ਇਨ੍ਹਾਂ ਮਹਾਂਪੁਰਸ਼ਾਂ ਨੇ ਇੱਥੋਂ ਦੀ ਨੈਤਿਕ ਵਾਗਡੋਰ ਆਪਣੇ ਹੱਥਾਂ ਵਿਚ ਲੈ ਕੇ ਪਦ-ਦਲਿਤ ਸਮਾਜ ਨੂੰ ਆਪਣੀਆਂ ਕਦਰਾਂ-ਕੀਮਤਾਂ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਪ੍ਰਤੀ ਚੇਤੰਨ ਕਰਕੇ ਪ੍ਰੋਹਿਤਵਾਦ ਅਤੇ ਰੂੜ੍ਹੀਵਾਦ ਤੋਂ ਮੁਕਤ ਹੋਣ ਦਾ ਨਵਾਂ ਮਾਰਗ ਦਰਸਾਇਆ।

ਸਤਿਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਪੂਰਬਕਾਲੀ ਤੇ ਸਮਕਾਲੀ ਸੰਤ-ਸਤਿਗੁਰੂਆਂ ਵਿਚਕਾਰ ਵਿਚਾਰਧਾਰਕ ਸਮਾਨਤਾ ਸੀ। ਉਨ੍ਹਾਂ ਨੇ ਪੱਥਰਾਂ ਦੀਆਂ ਮੂਰਤੀਆਂ ਘੜ ਕੇ ਇਨ੍ਹਾਂ ਵਿਚ ਅਨੇਕ ਦੇਵੀ-ਦੇਵਤਿਆਂ ਦੇ ਕਲਪਨਿਕ ਰੂਪ ਸਿਰਜ ਕੇ ਉਨ੍ਹਾਂ ਦੀ ਪੂਜਾ, ਅਰਚਨਾ, ਉਪਾਸਨਾ ਕਰਨ ਅਤੇ ਆਰਤੀਆਂ ਉਤਾਰਨ ਦਾ ਪੁਰਜ਼ੋਰ ਖੰਡਨ ਕੀਤਾ। ਇਨ੍ਹਾਂ ਮਹਾਂਪੁਰਸ਼ਾਂ ਨੇ ਵੇਦਾਂ, ਪੁਰਾਣਾਂ, ਸਿਮ੍ਰਿਤੀਆਂ ਅਤੇ ਅਖੌਤੀ ਧਰਮ-ਸ਼ਾਸਤਰਾਂ ਦੁਆਰਾ ਸਥਾਪਿਤ ਵਰਣ-ਆਸ਼ਰਮ ਧਰਮ ਵਿਚ ਬ੍ਰਾਹਮਣ ਦੇ ਸ੍ਰੇਸ਼ਟ ਦਰਜੇ ਨੂੰ ਵੰਗਾਰ ਕੇ ਅਤੇ ਸ਼੍ਰਮਣ ਸੰਸਕ੍ਰਿਤੀ ਦੇ ਸੰਤ-ਕਵੀਆਂ ਦੀ ਵਿਚਾਰਧਾਰਾ ਦੀ ਸ੍ਰੇਸ਼ਟਤਾ ਨੂੰ ਕਾਇਮ ਕਰਕੇ ਭਾਰਤੀ ਸਮਾਜ ਵਿਚ ਸਥਾਪਿਤ ਰੂੜ੍ਹੀਵਾਦੀ ਵਿਵਸਥਾ ਅਤੇ ਵੈਦਿਕ ਵਿਚਾਰਧਾਰਾ ਅੱਗੇ ਇਕ ਖੁੱਲ੍ਹਾ ਚੈਲਿੰਜ ਪ੍ਰਸਤੁਤ ਕੀਤਾ। ਉਨ੍ਹਾਂ ਦਾ ਸਪਸ਼ਟ ਐਲਾਨ ਸੀ ਕਿ 'ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੂ ਨਾਹਿ।। ਅਰਝਿ ਉਰਝਿ ਕੇ ਪਚਿ ਮੂਆ ਚਾਰਹੁ ਬੇਦਹੁ ਮਾਹਿ।। (ਆਦਿ ਗ੍ਰੰਥ, ਪੰਨਾ 1377) ਸਿੱਖ ਧਰਮ ਦੇ ਚੌਥੇ ਸਤਿਗੁਰੂ ਗੁਰੂ ਰਾਮ ਦਾਸ ਜੀ ਸੰਤ-ਸਤਿਗੁਰੂ ਰਵਿਦਾਸ ਜੀ ਦੀ ਮਹਿਮਾ ਕਰਦਿਆਂ ਫੁਰਮਾਉਂਦੇ ਹਨ:

ਰਵਿਦਾਸ ਚਮਾਰ ਉਸਤਿਤ ਕਰੇ
ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤ ਉਤਮੁ ਭਇਆ
ਚਾਰਿ ਵਰਨ ਪਏ ਪਗਿ ਆਇ।।

(ਆਦਿ ਗ੍ਰੰਥ, ਪੰਨਾ 723

ਸਤਿਗੁਰੂ ਨਾਨਕ ਦੇਵ ਜੀ ਨੇ ਮੱਧਕਾਲੀਨ ਸੰਤ-ਸਤਿਗੁਰੂਆਂ ਦੀ ਵਿਚਾਰਧਾਰਾ ਨੂੰ ਅੱਗੇ ਤੋਰਦਿਆਂ ਵਿਸ਼ਵ ਭਾਈਚਾਰੇ ਨੂੰ ਇਕ ਲੜੀ ਵਿਚ ਪ੍ਰੋਣ ਦੇ ਨਿਰੰਤਰ, ਜ਼ਿੰਦਗੀ ਭਰ ਅਣਥੱਕ ਯਤਨ ਕੀਤੇ। ਇਸ ਖੋਜ-ਨਿਬੰਧ ਵਿਚ ਗੁਰੂ ਨਾਨਕ ਦੇਵ ਜੀ ਦੀ ਤਰਕਸ਼ੀਲ, ਮਾਨਵ-ਹਿਤੈਸ਼ੀ ਲੌਕਿਕ ਵਿਚਾਰਧਾਰਾ ਨੂੰ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਲੇਖਕ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦਾ ਵਿਸ਼ੇਸ਼ ਧੰਨਵਾਦੀ ਹੈ ਕਿ ਉਨ੍ਹਾਂ ਨੇ ਇਸ ਵਿਸਤ੍ਰਿਤ ਨਿਬੰਧ ਨੂੰ ਆਪਣੇ ਪੇਪਰ ਵਿਚ ਸਥਾਨ ਦਿੱਤਾ ਹੈ।

**– ਡਾ. ਜੀ. ਸੀ. ਕੌਲ**

# ਗੁਰੂ ਨਾਨਕ ਬਾਣੀ ਵਿਚ ਤਰਕਸ਼ੀਲ ਤੱਤ ਅਤੇ ਵਿਦਰੋਹੀ ਸੁਰ

ਗੁਰੂ ਨਾਨਕ ਦੇਵ ਜੀ ਉਨ੍ਹਾਂ ਮਹਾਨ ਚਿੰਤਕਾਂ, ਵਿਚਾਰਕਾਂ ਅਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ ਜਿਹੜੇ ਆਪਣੇ ਤਤਕਾਲੀਨ ਸਮਾਜ ਵਿਚ ਦਲਦਲ ਹੋ ਚੁੱਕੀ ਭਾਰਤ-ਭੂਮੀ ਦੀ ਹਿੱਕ ਉਪਰ ਕਮਲ ਦੇ ਫੁੱਲ ਵਾਂਗ ਖਿੜੇ ਅਤੇ ਜਿਨ੍ਹਾਂ ਨੇ ਹਾਕਮਾਂ ਦੇ ਘੋਰ ਜ਼ੁਲਮਾਂ, ਬੇਇਨਸਾਫੀਆਂ ਅਤੇ ਰੂੜ੍ਹੀਵਾਦੀਆਂ ਵੱਲੋਂ ਫੈਲਾਏ ਭਰਮ-ਜਾਲ ਤੋਂ ਪ੍ਰਦੂਸ਼ਿਤ ਹੋ ਚੁੱਕੇ ਚੁਗਿਰਦੇ ਨੂੰ ਆਪਣੇ ਨੂਰ ਅਤੇ ਕੀਰਤੀ ਦੀਆਂ ਸੁਗੰਧੀਆਂ ਨਾਲ ਮਹਿਕਾਇਆ, ਲਿਸ਼ਕਾਇਆ ਅਤੇ ਚਮਕਾਇਆ। ਉਨ੍ਹਾਂ ਦਾ ਤੇਜੱਸਵੀ ਵਿਅਕਤਿਤਵ ਸਦੀਆਂ ਤੋਂ ਪੀੜਤ, ਸਾਹ-ਸਤ ਹੀਣ ਹੋ ਚੁੱਕੇ ਜਨ-ਸਧਾਰਨ ਲਈ ਆਸ਼ਾ ਦਾ ਇਕ ਨਵਾਂ ਸੰਦੇਸ਼ ਲੈ ਕੇ ਆਇਆ, ਇਕ ਅਜਿਹਾ ਸੁਨੇਹਾ ਜਿਸਨੇ ਰੂੜ੍ਹੀਵਾਦੀ ਸਮਾਜ ਵੱਲੋਂ ਵਲੀਆਂ ਹੋਈਆਂ ਜ਼ੰਜ਼ੀਰਾਂ ਨੂੰ ਤੋੜ ਕੇ ਇਕ ਨਵੇਂ ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਵਾਲੇ ਸਮਾਜ ਦੀ ਸਿਰਜਣਾ ਕਰਨੀ ਸੀ।

_ਗੁਰੂ ਨਾਨਕ ਦੇਵ ਜੀ ਦਾ ਜੀਵਨ-ਕਾਲ (1469-1539) ਭਾਰਤ ਵਿਚ ਘੋਰ ਨਿਰਾਸ਼ਾ ਦਾ ਸਮਾਂ ਸੀ। ਭਾਰਤੀ ਇਤਿਹਾਸ ਵਿਚ ਇਹ ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸੱਭਿਆਚਾਰਕ ਅਰਾਜਕਤਾ ਦਾ ਕਾਲ ਸੀ। ਵਿਦੇਸ਼ੀ ਸ਼ਾਸਕ ਪੱਖਪਾਤੀ ਵਿਵਹਾਰ ਅਤੇ ਸੰਕੀਰਨ ਧਾਰਮਿਕ ਸੋਚ ਅਧੀਨ ਭਾਰਤੀਆਂ ਤੇ ਬੇਪਨਾਹ ਜ਼ੁਲਮ ਕਰ ਰਹੇ ਸਨ। ਸਾਰਾ ਦੇਸ਼ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ ਅਤੇ ਵੱਖ-ਵੱਖ ਕਬੀਲਿਆਂ ਦੇ ਲੋਕ ਧਾਰਮਿਕ ਫੁੱਟ ਦਾ ਸ਼ਿਕਾਰ ਹੋਏ ਬੈਠੇ ਸਨ। ਅਜਿਹੇ ਆਪਾ-ਧਾਪੀ ਤੇ ਹਨੇਰਗਰਦੀ ਦੇ ਯੁੱਗ ਵਿਚ ਵਰਣ-ਵਿਵਸਥਾ ਅਧੀਨ ਸਮੁੱਚਾ ਭਾਰਤੀ ਸਮਾਜ ਲੀਰੋ ਲੀਰ ਹੋਇਆ ਪਿਆ ਸੀ। ਭਾਰਤ ਦਾ ਪਿਛੜਿਆ ਸਮਾਜ ਦੋਹਰੀ ਗੁਲਾਮੀ-ਵਿਦੇਸ਼ੀ ਸ਼ਾਸ਼ਕਾਂ ਅਤੇ ਅਖੌਤੀ ਉੱਚ ਵਰਗ ਦੀ ਮਨੂੰਵਾਦੀ ਵਿਚਾਰਧਾਰਾ ਅਧੀਨ ਅਤਿਅੰਤ ਦੁੱਖ, ਕਸ਼ਟ ਅਤੇ ਪੀੜਾ ਭਰਿਆ ਅਮਾਨਵੀ ਜੀਵਨ ਬਤੀਤ ਕਰ ਰਿਹਾ ਸੀ। ਸਿਆਸੀ ਗਲਿਆਰਿਆਂ ਤੇ ਕਾਬਜ਼ ਰਜਵਾੜਿਆਂ ਦੇ ਨਾਲ-ਨਾਲ ਰੂੜ੍ਹੀਵਾਦੀਆਂ ਵੱਲੋਂ ਫੈਲਾਏ ਭਰਮ-ਜਾਲ ਅਤੇ ਸਿਰਜੇ ਗਏ ਅਨੇਕ ਨੀਤੀ-ਸ਼ਾਸ਼ਤਰਾਂ, ਸਿਮ੍ਰਿਤੀਆਂ ਅਤੇ ਸ਼ਰੂਤੀਆਂ ਦੇ ਆਦੇਸ਼ਾਂ ਨੇ ਲਤਾੜੇ, ਪਿਛਾੜੇ ਤੇ ਦੁਰਕਾਰੇ ਲੋਕਾਂ ਦਾ ਤਾਂ ਜਿਊਣਾ ਹੀ ਮੁਹਾਲ ਕੀਤਾ ਹੋਇਆ ਸੀ। ਅਜਿਹੇ ਘੋਰ ਸੰਕਟ-ਗ੍ਰਸਤ ਸਮੇਂ ਕਿਰਤੀ ਸਮਾਜ ਤੇ ਅਖੌਤੀ ਨਿਮਨ ਵਰਗ ਦੇ ਲੋਕਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਮਹਾਨ ਕ੍ਰਾਂਤੀਕਾਰੀ, ਤਰਕਸ਼ੀਲ ਸੋਚ ਦੇ ਧਾਰਨੀ, ਅਦੁੱਤੀ ਵਿਲੱਖਣ ਤੇ ਬੇ-ਮਿਸਾਲ ਸ਼ਖਸੀਅਤ ਦੇ ਮਾਲਕ ਗੁਰੂ ਨਾਨਕ ਦੇਵ ਜੀ ਸਦੀਆਂ ਤੋਂ ਸਤਾਏ ਪੀੜਤ ਸਮਾਜ ਤੇ ਇਸਤਰੀ ਵਰਗ ਦਾ ਸਹਾਰਾ ਬਣੇ।



**ਡਾ. ਜੀ. ਸੀ. ਕੌਲ**
**ਐਮ. ਏ., ਪੀ. ਐਚ. ਡੀ.**
91-94632-23223

ਆਪ ਦੀ ਬਾਣੀ ਭਾਰਤ ਵਿਚ ਸਦੀਆਂ ਤੋਂ ਪੀੜਤ ਮਾਨਵੀ ਚੇਤਨਾ ਦਾ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਆਪ ਨੇ ਆਪਣੀ ਮਧੁਰ, ਕੋਮਲ, ਤਰਕਸ਼ੀਲ ਤੇ ਪ੍ਰਭਾਵਸ਼ਾਲੀ ਬਾਣੀ ਦੁਆਰਾ ਸਮਕਾਲੀਨ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ, ਜਾਤ-ਪਾਤ, ਛੂਤ-ਛਾਤ, ਸੁੱਚ, ਭਿੱਟ, ਸੂਤਕ, ਸਮਾਜਿਕ ਅਸਮਾਨਤਾ, ਆਰਥਿਕ ਮੰਦਹਾਲੀ ਅਤੇ ਮਾਨਵ ਵਿਰੋਧੀ ਰਾਜਨੀਤਿਕ ਸ਼ਕਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਆਪ ਜੀ ਦਾ ਲੋਕ-ਕਲਿਆਣਕਾਰੀ ਫਲਸਫਾ ਬਹੁਤ ਸਰਲ, ਸਾਦਾ, ਸਮਨਵੈ-ਭਰਪੂਰ 'ਸਭ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ (1) ਅਤੇ 'ਸਭ ਉਤਮੁ ਕਿਸੁ ਆਖਉ ਹੀਨਾ (2) ਦੀ ਭਾਵਨਾ 'ਤੇ ਆਧਾਰਿਤ ਹੈ। ਆਪ ਨੇ ਆਪਣੇ ਅਨੁਭਵ, ਉਚਤਮ ਗਿਆਨ ਅਤੇ ਤਰਕਸ਼ੀਲ ਸੋਚ ਦੁਆਰਾ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਜੰਤਰਾਂ-ਮੰਤਰਾਂ, ਤੀਰਥ, ਵਰਤ, ਜੋਗ-ਵਿਧੀਆਂ, ਮੂਰਤੀ ਪੂਜਾ, ਜੰਜੂ, ਦੀਪ, ਆਰਤੀ, ਅਰਚਨਾ ਅਤੇ ਊਚ ਨੀਚ ਤੇ ਜਾਤਾਂ-ਪਾਤਾਂ ਵਿਚ ਗ੍ਰਸੇ ਹੋਏ ਭਾਰਤੀਆਂ ਨੂੰ ਜ਼ਿੰਦਗੀ ਜਿਊਣ ਦੀ ਇਕ ਇਕਲਨਾਬੀ ਸੇਧ ਪ੍ਰਦਾਨ ਕੀਤੀ।

ਗੁਰੂ ਨਾਨਕ ਦੇਵ ਜੀ ਦੇ ਵੇਲੇ ਦਾ ਭਾਰਤੀ ਸਮਾਜ ਹਰ ਪੱਖੋਂ ਸੰਕਟ-ਗ੍ਰਸਤ ਸੀ, ਜ਼ੋਰ, ਜ਼ਬਰ, ਜ਼ੁਲਮ ਅਤੇ ਅਨਿਆਏ ਇਸਦੀ ਖਾਸੀਅਤ ਸੀ। ਗੁਰੂ ਨਾਨਕ ਦੇਵ ਜੀ ਦੇ ਪੂਰਬਕਾਲੀ ਅਤੇ ਸਮਕਾਲੀ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਨਾਥਾਂ-ਜੋਗੀਆਂ ਅਤੇ ਸੰਤਾਂ-ਭਗਤਾਂ ਨੇ ਇਸ ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਰਕ ਪਤਨ ਵਿਰੁੱਧ ਆਵਾਜ਼ ਬੁਲੰਦ ਕੀਤੀ। ਬੇਸ਼ੱਕ ਉਹ ਨਿੱਜੀ ਤੌਰ ਤੇ ਇਨਕਲਾਬੀ ਵਿਚਾਰਧਾਰਾ ਦਾ ਚਿੰਨ੍ਹ ਤਾਂ ਬਣੇ ਪਰ ਉਹ ਕੋਈ ਇਨਕਲਾਬੀ ਲੋਕ ਲਹਿਰ ਸਿਰਜਣ ਵਿਚ ਅਸਮਰੱਥ ਰਹੇ।

ਉਹ ਭਾਰਤ ਦੀ ਰਾਜਨੀਤੀ ਤੇ ਕਾਬਜ਼ ਦੇਸੀ ਅਤੇ ਵਿਦੇਸ਼ੀ ਹੁਕਮਰਾਨਾਂ ਅਤੇ ਧਰਮ ਨੂੰ ਜੱਦੀ ਕਿੱਤਾ ਤੇ ਨਿੱਜੀ ਸੰਪਤੀ ਸਮਝਣ ਵਾਲੇ ਰੂੜ੍ਹੀਵਦੀਆਂ ਖਿਲਾਫ ਇਕ ਨਿਰੰਤਰ ਵਿਦਰੋਹੀ ਅੰਦੋਲਨ ਕਾਇਮ ਨਾ ਕਰ ਸਕੇ। ਪਰ 'ਗੁਰੂ ਨਾਨਕ ਸਾਹਿਬ ਨੇ ਵਿਅਕਤੀ ਨੂੰ ਨਿੱਜ ਵਿਚੋਂ ਕੱਢ ਕੇ ਸਮਾਜ ਨਾਲ ਜੋੜਿਆ ਅਤੇ ਸੰਗਤ ਦੀ ਲੀਹ ਤੋਰੀ। (3)

ਗੁਰੂ ਜੀ ਦੀ ਖਾਸੀਅਤ ਇਹ ਹੈ ਕਿ ਉਹਨਾਂ ਨੇ ਜਿੱਥੇ ਭਾਰਤ 'ਤੇ ਕਾਬਜ਼ ਹੁਕਮਰਾਨਾਂ ਦੇ ਕੁਕਰਮਾਂ ਨੂੰ ਭੰਡਿਆ ਉਥੇ ਵਰਣ-ਵਿਵਸਥਾ ਆਧਾਰਿਤ ਹਿੰਦੂ ਸਮਾਜ ਵਿਰੁੱਧ ਵੀ ਝੰਡਾ ਬੁਲੰਦ ਕੀਤਾ। ਬੇਸ਼ੱਕ ਉਨ੍ਹਾਂ ਤੋਂ ਪਹਿਲਾਂ ਮੱਧਕਾਲੀਨ ਸੰਤ-ਸਤਿਗੁਰੂ ਨਾਮਦੇਵ, ਸਤਿਗੁਰ ਕਬੀਰ ਅਤੇ ਸਤਿਗੁਰੂ ਰਵਿਦਾਸ ਜੀ ਨੇ ਇਨਕਲਾਬੀ ਮੰਚ ਤਿਆਰ ਕਰਨ ਵਿਚ ਵੱਡਾ ਯੋਗਦਾਨ ਪਾਇਆ ਸੀ, ਪਰ ਉਨ੍ਹਾਂ ਦੇ ਇਹ ਯਤਨ ਸਮੂਹਿਕ ਅਤੇ ਨਿਰੰਤਰ ਨਹੀਂ ਸਨ, ਸਿੱਟੇ ਵਜੋਂ ਸਮਾਜਿਕ ਪਰਿਵਰਤਨ ਦੀ ਗਤੀ ਬਹੁਤ ਧੀਮੀ ਰਹੀ। ਗੁਰੂ ਨਾਨਕ ਦੇਵ ਜੀ ਨੇ ਜਿਸ ਬੁਲੰਦ ਤੇ ਵਿਦਰੋਹੀ ਸੁਰ ਨਾਲ ਵੇਲੇ ਦੇ ਹਾਕਮਾਂ ਅਤੇ ਧਰਮ ਦੇ ਅਖੌਤੀ ਠੇਕੇਦਾਰਾਂ ਨੂੰ ਵੰਗਾਰਿਆ, ਉਹ ਬੇਮਿਸਾਲ ਹੈ।

ਆਪ ਵਾਸਤਵਿਕ ਰੂਪ ਵਿਚ ਵਿਦਰੋਹੀ ਤੇ ਕ੍ਰਾਂਤੀਕਾਰੀ ਸਨ। ਵਿਦਰੋਹੀ, ਬਾਗੀ ਜਾਂ ਇਨਕਲਾਬੀ ਮਾਨਵ-ਹਿਤੈਸ਼ੀ ਹੁੰਦਾ ਹੈ ਅਤੇ ਮਾਨਵੀ-ਪ੍ਰੇਮ ਅਧੀਨ ਉਹ ਸਮਾਜ ਵਿਚੋਂ ਅਮਾਨਵੀ ਪ੍ਰਸਥਿਤੀਆਂ ਦਾ ਖਾਤਮਾ ਕਰਨਾ ਲੋਚਦਾ ਹੈ।ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਰਚਨਾ ਦੇ ਅਧਿਐਨ ਉਪਰੰਤ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਹ ਨਿਰੇ ਪੁਰੇ ਅਧਿਆਤਮਕ ਮਹਾਂਪੁਰਸ਼ ਨਹੀਂ, ਤਤਕਾਲੀਨ ਪ੍ਰਤਿਕੂਲ ਰਾਜਨੀਤਿਕ ਤੇ ਸਭਿਆਚਾਰਕ ਵਿਵਸਥਾ ਨੇ ਉਨ੍ਹਾਂ ਦੀ ਮਾਨਸਿਕਤਾ ਵਿਚ ਵਿਦਰੋਹ ਦੇ ਭਾਂਬੜ ਬਾਲੇ ਹੋਏ ਸਨ। ਇਸ ਲਈ ਉਨ੍ਹਾਂ ਨੇ ਜ਼ਾਲਮਾਂ, ਲੋਟੂਆਂ ਅਤੇ ਰੂੜ੍ਹੀਵਾਦੀਆਂ ਵਿਰੁੱਧ ਇਕ ਜਥੇਬੰਦਕ ਅੰਦੋਲਨ ਖੜ੍ਹਾ ਕਰਨ ਦਾ ਪੁਰਜ਼ੋਰ ਯਤਨ ਕੀਤਾ। ਨਿਰੰਤਰ ਵੀਹ-ਇੱਕੀ ਸਾਲ ਦੇਸ਼-ਵਿਦੇਸ਼ ਦੀਆਂ ਚਾਰ ਲੰਮੀਆਂ ਯਾਤਰਾਵਾਂ ਦੌਰਾਨ ਵਿਭਿੰਨ ਧਰਮ-ਅਚਾਰੀਆਂ ਨਾਲ ਵਿਚਾਰ-ਚਰਚਾਵਾਂ ਅਤੇ ਭਾਰਤ ਦੇ ਵੱਖ-ਵੱਖ ਖੇਤਰਾਂ, ਭਾਸ਼ਾਵਾਂ, ਸਮਿਆਂ ਅਤੇ ਜਾਤਾਂ ਨਾਲ ਸਬੰਧਤ ਮਾਨਵੀ ਸਰੋਕਾਰ ਰੱਖਣ ਵਾਲੇ ਸੰਤਾਂ-ਭਗਤਾਂ ਦੀਆਂ ਰਚਨਾਵਾਂ ਦੇ ਉਤਾਰੇ ਇਕੱਤਰ ਕਰਕੇ ਆਪਣੇ ਨਾਲ ਲਿਆਉਣਾ ਸਾਡੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ ਕਿ ਆਪ ਸ਼ੋਸ਼ਿਤਾਂ ਦੇ ਭਵਿੱਖਮੁਖੀ ਜਥੇਬੰਦਕ ਅੰਦੋਲਨ ਦੀ ਤਿਆਰੀ ਲਈ ਬੁਨਿਆਦ ਪੱਕੀ ਕਰ ਰਹੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਅਨੁਯਾਈਆਂ (ਸਿੱਖਾਂ/ਸੇਵਕਾਂ) ਅੰਦਰ ਕੁਰਬਾਨੀਆਂ ਦੇਣ ਦੀ ਇਕ ਚਿਣਗ ਵੀ ਬਾਲ ਦਿੱਤੀ ਸੀ ਜੋ ਸਮੇਂ ਦੇ ਨਾਲ-ਨਾਲ ਭਾਂਬੜ ਦਾ ਰੂਪ ਧਾਰਨ ਕਰਦੀ ਗਈ। ਇਸ ਲੋਕ ਸੰਘਰਸ਼ ਦੀ ਬੁਨਿਆਦ ਆਪ ਨੇ ਆਪਣੇ ਜੀਵਨ-ਕਾਲ ਵਿਚ ਹੀ ਰੱਖ ਦਿੱਤੀ ਸੀ। ਬੇਸ਼ੱਕ ਇਸਦੀ ਪੂਰਤੀ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਦੀ ਸ਼ਹੀਦੀ ਉਪਰੰਤ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈ. ਵਿਚ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਹੋਈ। ਦਸਵੇਂ ਗੁਰੂ ਵੱਲੋਂ ਆਨੰਦਪੁਰ ਸਾਹਿਬ ਵਿਖੇ ਇਕੱਤਰ ਹੋਈ ਸੰਗਤ ਵਿਚੋਂ ਵਾਸਤਵਿਕ ਰੂਪ ਵਿਚ 'ਸਿਰਾਂ ਦੀ ਮੰਗ' ਕਰਨ ਪਿੱਛੇ ਗੁਰੂ ਨਾਨਕ ਦੇਵ ਜੀ ਵੱਲੋਂ ਲੋਕ ਲਹਿਰ ਲਈ ਨਿਸ਼ਚਿਤ ਕੀਤੇ ਬੁਨਿਆਦੀ ਟੀਚੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਉਨ੍ਹਾਂ ਦਾ ਸਪਸ਼ਟ ਫੁਰਮਾਨ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨਾ ਕੀਜੈ।।
(ਆਦਿ ਗ੍ਰੰਥ, ਪੰਨਾ 1412)

ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੇ ਇਸ ਲੋਕ-ਸੰਘਰਸ਼ ਅਤੇ ਲੋਕ-ਚੇਤਨਾ ਦੀ ਲਹਿਰ ਨੂੰ ਮਜ਼ਬੂਤ ਕਰਨ ਦਾ ਇਹ ਕਾਰਜ ਦੋ ਸਦੀਆਂ ਤੋਂ ਵੀ ਵਧੇਰੇ ਸਮੇਂ ਨਿਰੰਤਰ ਜਾਰੀ ਰਿਹਾ। ਸਾਰੇ ਗੁਰੂ ਸਾਹਿਬਾਨ ਨੇ ਇਸ ਕ੍ਰਾਂਤੀ ਦੀ ਲੋਅ ਨੂੰ ਮਘਦਿਆਂ ਰੱਖਣ ਲਈ ਮੁਕੰਮਲ ਯੋਗਦਾਨ ਪਾਇਆ। ਇਸਦੇ ਸਿੱਟੇ ਵਜੋਂ 1699 ਈ. ਵਿਚ ਖਾਲਸਾ ਪੰਥ ਦੀ ਸਿਰਜਣਾ ਤੋਂ ਠੀਕ 100 ਸਾਲ ਉਪਰੰਤ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਵਿਸ਼ਾਲ ਖਾਲਸਾਈ ਹਕੂਮਤ ਦੀ ਸਥਾ-ਪਨਾ ਹੋਈ। 'ਜਰਮਨ ਦੇ ਵਿਲਹੈਮ ਕੈਸਰ ਨੇ ਇਕ ਥਾਂ ਸੱਚ ਕਿਹਾ ਹੈ ਕਿ ਸਾਰੇ ਧਾਰਮਿਕ ਅੰਦੋਲਨ ਅਸਲ ਵਿਚ ਰਾਜਨੀਤਿਕ ਅੰਦੋਲਨ ਹੁੰਦੇ ਹਲ। (4) ਬਾਬਾ ਸਾਹਿਬ ਡਾ. ਅੰਬੇਡਕਰ ਆਪਣੇ ਖੋਜ ਨਿਬੰਧ 'ਜਾਤਪਾਤ ਦਾ ਬੀਜ ਨਾਸ਼' ਵਿਚ ਵਿਸ਼ਵ ਪੱਧਰੀ ਰਾਜਨੀਤਿਕ ਕ੍ਰ-ਾਂਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਸਪਸ਼ਟ ਲਿਖਦੇ ਹਨ: ''ਇਹ ਇਤਿਹਾਸਕ ਸਚਾਈ ਹੈ ਕਿ ਰਾਜਨੀਤਿਕ ਕ੍ਰਾਂਤੀਆਂ ਹਮੇਸ਼ਾ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਤੋਂ ਪੈਦਾ ਹੁੰਦੀਆਂ ਹਨ। (5) ਮੱਧਕਾਲੀਨ ਪੰਜਾਬ ਵਿਚ ਇਸ ਸਿਆਸੀ ਕ੍ਰਾਂਤੀ ਲਈ ਜ਼ਮੀਨ ਤਿਆਰ ਕਰਨ ਦਾ ਆਗਾਜ਼ ਗੁਰੂ ਨਾਨਕ ਦੇਵ ਜੀ ਪਹਿਲਾਂ ਹੀ ਕਰ ਚੁੱਕੇ ਹਨ।

ਗੁਰੂ ਜੀ ਦਾ ਸਮੁੱਚਾ ਜੀਵਨ ਉਹਨਾਂ ਗਰੀਬ, ਨਿਰਾਸ਼, ਹੰਭੇ ਹੋਏ ਕਿਰਤੀ, ਕਿਸਾਨਾਂ ਅਤੇ ਸ਼ੋਸ਼ਿਤ ਲੋਕਾਂ ਪ੍ਰਤੀ ਸਮਰਪਿਤ ਸੀ, ਜਿਨ੍ਹਾਂ ਤੋਂ ਜ਼ਿੰਦਗੀ ਜਿਊਣ ਦਾ ਹਰ ਹੱਕ ਖੋਹ ਲਿਆ ਗਿਆ ਸੀ, ਜਿਨ੍ਹਾਂ ਨੂੰ ਹਰ ਪੱਖ ਤੋਂ ਲਤਾੜਿਆ ਗਿਆ ਅਤੇ ਜਿਨ੍ਹਾਂ ਨੂੰ ਨਿਰਾਦਰੀ ਤੇ ਬੇਪੱਤੀ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਗਿਆ ਸੀ। ਭਗਵਾਨ ਬੁੱਧ ਤੋਂ ਸਦੀਆਂ ਬਾਅਦ ਦੱਬੇ-ਕੁਚਲੇ ਤੇ ਪਿਛਾੜੇ ਹੋਏ ਮਿਹਨਤਕਸ਼ਾ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਆਪਣਾ ਰਹਿਨੁਮਾ ਮਿਲਿਆ ਜੋ ਉਨ੍ਹਾਂ ਦੇ ਦੁੱਖਾਂ, ਦਰਦਾਂ ਤੇ ਪੀੜਾਂ ਦੇ ਯਥਾਰਥ ਨੂੰ ਸਮਝਦਾ ਸੀ। 'ਆਪ ਨੇ ਭਗਤਾਂ ਵਾਂਗ ਕੇਵਲ ਰੱਬੀ ਭਗਤੀ ਜਾਂ ਰਹੱਸ ਉਤੇ ਹੀ ਜ਼ੋਰ ਨਹੀਂ ਦਿੱਤਾ ਬਲਕਿ ਇਸਦੇ ਨਾਲ-ਨਾਲ ਵੇਲੇ ਦੇ ਯਥਾਰਥ ਤੇ ਡੂੰਘੀ ਦ੍ਰਿਸ਼ਟੀ ਵੀ ਸੁੱਟੀ। (6)

ਆਪ ਦੀਆਂ ਸਮਕਾਲੀਨ ਪ੍ਰਸਥਿਤੀਆਂ ਅਜਿਹੀਆਂ ਸਨ ਕਿ ਉਨ੍ਹਾਂ ਵੱਲੋਂ ਸਮਤਾ, ਸੁਤੰਤਰਤਾ ਅਤੇ ਸਾਂਝੀਵਾਲਤਾ ਦਾ ਸਹਿਜ ਮਾਰਗ ਅਪਣਾਉਣ ਤੇ ਉਹਨਾਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ। ਧਰਮ ਦੇ ਅਖੌਤੀ ਠੇਕੇਦਾਰਾਂ ਵੱਲੋਂ ਉਨ੍ਹਾਂ ਨੂੰ ਕੁਰਾਹੀਆ ਕਿਹਾ ਗਿਆ। ਆਪਣੀ ਬਾਣੀ ਵਿਚ ਆਪ ਖੁਦ ਲਿਖਦੇ ਹਨ: ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ। ਕੋਈ ਆਖੈ ਆਦਮੀ ਨਾਨਕ ਬੇਚਾਰਾ। (7) ਪਰ ਆਪਣੀ ਤਰਕਸੰਗਤ ਵਿਚਾਰਧਾਰਾ ਅਤੇ ਮਾਨਵਵਾਦੀ ਸੋਚ ਦੇ ਅੰਤਰਗਤ ਉਨ੍ਹਾਂ ਨੇ ਆਪਣਾ ਲੋਕ-ਪੱਖੀ ਅੰਦੋਲਨ ਨਿਰੰਤਰ ਜਾਰੀ ਰੱਖਿਆ। ਪਾਖੰਡੀ ਪੁਰੋਹਿਤਾਂ, ਮੁੱਲਾਂ-ਮੌਲਾਣਿਆਂ ਤੇ ਕੱਟੜ ਰੂੜ੍ਹੀਵਾਦੀਆਂ ਨੂੰ ਸਮਝਾਉਣ ਤੇ ਸੱਚ ਦੇ ਮਾਰਗ ਤੇ ਤੋਰਨ ਦਾ ਉਨ੍ਹਾਂ ਦਾ ਢੰਗ ਬੜਾ ਹੀ ਤਰਕਸ਼ੀਲ ਤੇ ਨਿਰਾਲਾ ਸੀ। ਆਪਣੀਆਂ ਚਾਰ ਲੰਮੀਆਂ ਯਾਤਰਾਵਾਂ ਦੌਰਾਨ ਆਪ ਹਿੰਦੂਆਂ ਤੇ ਤੀਰਥ-ਸਥਾਨ ਪੁਰੀ (ਉੜੀਸਾ) ਵਿਖੇ ਗਏ ਤਾਂ ਮੰਦਰ ਵਿਚ ਮੂਰਤੀਆਂ ਦੀ ਹੁੰਦੀ ਆਰਤੀ ਤੇ ਕਟਾਖ਼ਸ ਕਰਦਿਆਂ ਆਪ ਨੇ ਸਮੁੱਚੀਆਂ ਬ੍ਰਹਿਮੰਡੀ ਵਸਤਾਂ ਵੱਲੋਂ ਕੁਦਰਤੀ ਹੋ ਰਹੀ ਆਰਤੀ ਦਾ ਖੂਬਸੂਰਤ ਦ੍ਰਿਸ਼ ਆਪਣੇ ਸ਼ਬਦਾਂ ਵਿਚ ਅੰਕਿਤ ਕੀਤਾ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੈ।
ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ, ਪਵਣੁ ਚਵਰੋ ਕਰੇ।
ਸਗਲ ਬਨਰਾਇ ਫੂਲੰਤ ਜੋਤੀ।।
(ਆਦਿ ਗ੍ਰੰਥ, ਪੰਨਾ 663)

ਹਰਿਦੁਆਰ ਵਿਖੇ ਪੂਰਬੀ ਦਿਸ਼ਾ ਵੱਲੋਂ ਚੜ੍ਹਦੇ ਸੂਰਜ ਵੱਲ ਮੂੰਹ ਕਰਕੇ ਮੋਏ ਪਿੱਤਰਾਂ ਨੂੰ 'ਸਵਰਗ-ਨਰਕ' ਵਿਚ ਪਾਣੀ ਪੁਚਾਉਂਦੇ ਪੰਡਿਆਂ ਵੱਲੋਂ ਚਲਾਈ ਇਸ ਰੀਤ ਦੇ ਖੰਡਣ ਲਈ ਆਪ ਨੇ ਪੱਛਮੀ ਦਿਸ਼ਾ ਵੱਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਇਸ ਦ੍ਰਿਸ਼ ਨੂੰ ਦੇਖ ਕੇ ਬਹੁਤੇ ਲੋਕ ਉਨ੍ਹਾਂ ਦੁਆਲੇ ਇਕੱਠੇ ਹੋ ਕੇ ਉਲਟੀ ਦਿਸ਼ਾ ਵੱਲ ਪਾਣੀ ਸੁੱਟਣ ਸਬੰਧੀ ਸੁਆਲ ਕਰਨ ਲੱਗ ਪਏ। ਜੁਆਬ ਵਿਚ ਗੁਰੂ ਜੀ ਨੇ ਕਿਹਾ ਕਿ ਮੈਂ ਕਰਤਾਰਪੁਰ (ਹੁਣ ਪਾਕਿਸਤਾਨ) ਵਿਖੇ ਆਪਣੀ ਸੁੱਕ ਰਹੀ ਖੇਤੀ ਨੂੰ ਪਾਣੀ ਲਾ ਰਿਹਾ ਹਾਂ। ਉਨ੍ਹਾਂ ਦਾ ਜੁਆਬ ਸੁਣ ਕੇ ਪਾਖੰਡੀ ਪੁਰੋਹਿਤਾਂ, ਪੁਜਾਰੀਆਂ ਨੇ ਉਨ੍ਹਾਂ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ, 'ਭਲਾ ਕਰਤਾਰਪੁਰ ਵਿਖੇ ਇਹ ਪਾਣੀ ਕਿਵੇਂ ਪਹੁੰਚ ਸਕਦੈ?' ਗੁਰੂ ਜੀ ਇਹੀ ਤਾਂ ਚਾਹੁੰਦੇ ਸਨ, ਆਪ ਨੇ ਭਰਮ-ਜਾਲ ਵਿਚ ਫਸਾਏ ਗਏ ਲੋਕਾਂ ਨੂੰ ਸਮਝਾਇਆ ਕਿ ਜੇਕਰ ਤੁਹਾਡੇ ਵੱਲੋਂ ਸੁੱਟਿਆ ਪਾਣੀ ਅਖੌਤੀ ਸਵਰਗ-ਨਰਕ ਤੱਕ ਪਹੁੰਚ ਸਕਦਾ ਹੈ ਤਾਂ ਮੇਰੇ ਦੁਆਰਾ ਸੁੱਟਿਆ ਪਾਣੀ ਇੱਥੋਂ ਚਾਰ-ਪੰਜ ਸੌ ਮੀਲ ਦੂਰ ਕਰਤਾਰਪੁਰ ਵਿਖੇ ਕਿਉਂ ਨਹੀਂ ਪਹੁੰਚ ਸਕਦਾ? ਤਰਕ-ਸੰਗਤ ਜੁਆਬ ਸੁਣ ਕੇ ਪਾਖੰਡੀਆਂ ਦੇ ਮੂੰਹਾਂ ਨੂੰ ਤਾਲੇ ਵੱਜ ਗਏ। ਲੋਕਾਂ ਨੂੰ ਅਹਿਸਾਸ ਹੋ ਗਿਆ ਕਿ ਦਰਅਸਲ ਇਹ ਭਰਮ-ਜਾਲ ਪੰਡਿਆਂ ਵੱਲੋਂ ਬੁਣਿਆ ਗਿਆ ਹੈ। ਮੱਕਾ-ਮਦੀਨਾ ਦੀ ਯਾਤਰਾ ਸਮੇਂ ਮੱਕਾ ਵਿਖੇ ਪਵਿੱਤਰ ਮਸਜਿਦ ਵੱਲ ਪੈਰ ਕਰਕੇ ਸੌਣ ਦੀ ਸਾਖੀ ਵੀ ਗੁਰੂ ਸਾਹਿਬ ਦੀ ਤਰਕਸ਼ੀਲ ਦ੍ਰਿਸ਼ਟੀ ਨੂੰ ਉਜਾਗਰ ਕਰਦੀ ਹੈ।

ਕਿਸੇ ਮਹਾਨ ਵਿਅਕਤੀ ਦੀ ਸ਼ਖਸੀਅਤ ਨੂੰ ਵਾਚਣ, ਪਰਖਣ ਅਤੇ ਵਿਸ਼ਲੇਸ਼ਣ ਕਰਨ ਦੇ ਦੋ-ਤਿੰਨ ਪ੍ਰਮੁੱਖ ਪੈਮਾਨੇ ਹੁੰਦੇ ਹਨ। ਪਹਿਲਾ ਉਸਦੀ ਆਪਣੀ ਰਚਨਾ, ਉਸਦੇ ਬੋਲ ਅਤੇ ਵਿਚਾਰਧਾਰਾ, ਦੂਸਰਾ ਉਸਦੀ ਕਰਨੀ, ਕਰਮ ਤੇ ਅਮਲ ਅਤੇ ਤੀਸਰਾ ਉਸ ਬਾਰੇ ਲੋਕ ਰਾਇ। ਗੁਰੂ ਨਾਨਕ ਦੇਵ ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਆਪ ਮਹਾਨ ਕਰਮਯੋਗੀ ਸਨ। ਆਪ ਦੀ ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਆਪ ਨੇ ਜੀਵਨ ਵਿਚ ਜੋ ਵਿਚਾਰਿਆ, ਉਸਤੇ ਖੁਦ ਅਮਲ ਕੀਤਾ ਅਰਥਾਤ ਉਹੀ ਕਮਾਇਆ, ਉਹੋ ਹੀ ਪ੍ਰਗਟਾਇਆ ਤੇ ਸੁਣਾਇਆ ਹੈ। ਆਪ ਨੇ ਜਿਹੜੇ ਸਿਧਾਂਤ ਪ੍ਰਚਾਰੇ

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਨਾਨਕ ਬਾਣੀ ਵਿਚ ਤਰਕਸ਼ੀਲ ਤੱਤ ਅਤੇ ਵਿਦਰੋਹੀ ਸੁਰ

(ਸਫਾ 20 ਦੀ ਬਾਕੀ)

ਤੇ ਪ੍ਰਸਾਰੇ, ਪਹਿਲੋਂ ਖੁਦ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਉਨ੍ਹਾਂ ਉਪਰ ਅਮਲ ਕੀਤਾ। ਉਹ ਜੁੱਗ-ਪਰਿਵਰਤਕ ਸਨ, ਸਮਾਜ ਵਿਚ ਪ੍ਰਚੱਲਿਤ ਥੋਥੀਆਂ, ਬੋਦੀਆਂ ਕਦਰਾਂ-ਕੀਮਤਾਂ, ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਦਾ ਖੰਡਨ ਕਰਕੇ ਇਕ ਸਾਫ, ਸ਼ੁੱਧ, ਨਰੋਈ ਤੇ ਤਰਕਸ਼ੀਲ ਸੋਚ ਅਧੀਨ ਸਮਤਾ ਅਤੇ ਭਰੱਪਣ ਵਾਲੇ ਨਵੇਂ ਸਮਾਜ ਦੀ ਸਿਰਜਣਾ ਕਰਨਾ ਉਨ੍ਹਾਂ ਦੀ ਜ਼ਿੰਦਗੀ ਦਾ ਮੂਲ ਮੰਤਵ ਸੀ। ਉਨ੍ਹਾਂ ਦੀ ਬਾਣੀ ਵਿਚ ''ਸੂਤਕ, ਜਨੇਊ ਦਾ ਧਾਗਾ, ਮਾਸ, ਸਰੇਵੜੇ ਆਦਿਕ ਦੀਆਂ ਪਉੜੀਆਂ ਤਿੱਖੀ, ਚੁਭਦੀ, ਟੁੰਬਦੀ ਬੋਲੀ 'ਚ ਲਿਖੀਆਂ ਗਈਆਂ ਹਨ। ਪਰ ਇਹ ਕ੍ਰਾਂਤੀ ਤੇ ਇਨਕਲਾਬ ਵੀ ਕਲਿਆਣ ਲਈ ਹੈ। (8)

### ਸੂਤਕ (ਜਨਮ ਤੇ ਮੌਤ ਵੇਲੇ ਭਿੱਟ ਚੜ੍ਹਨੀ)

ਹਿੰਦੂ ਵਿਚਾਰਧਾਰਾ ਅਨੁਸਾਰ ਜਨਮ ਅਤੇ ਮਰਨ ਸਮੇਂ ਅਪਵਿੱਤਰਤਾ ਮੰਨੀ ਜਾਂਦੀ ਹੈ। ਜਨਮ ਅਤੇ ਮਰਨ ਦੀ ਅਪਵਿੱਤਰਤਾ ਨੂੰ ਕ੍ਰਮਵਾਰ ਸੂਤਕ ਅਤੇ ਪਾਤਕ ਕਿਹਾ ਜਾਂਦਾ ਹੈ ਪਰ ਵਰਤਾਰੇ ਵਿਚ ਦੋਹਾਂ ਨੂੰ ਹੀ ਸੂਤਕ ਕਹਿ ਲਿਆ ਜਾਂਦਾ ਹੈ। ਭਿੱਟ ਅਤੇ ਸੂਤਕ ਤੇ ਵਿਸ਼ਵਾਸ ਰੱਖਣ ਵਾਲੇ ਹਿੰਦੂ ਲੋਕ ਸੂਤਕ ਉਤਾਰਨ ਲਈ ਇਸ਼ਨਾਨ ਕਰਦੇ, ਕੱਪੜੇ ਧੋਂਦੇ ਅਤੇ ਹੋਰ ਕਈ ਪ੍ਰਕਾਰ ਦੇ ਉਪਾਓ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਤਰਕ ਦੁਆਰਾ ਇਸ ਵਹਿਮ ਦਾ ਖੰਡਨ ਕੀਤਾ ਹੈ। ਆਪ ਫਰਮਾਉਂਦੇ ਹਨ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
(ਆਦਿ ਗ੍ਰੰਥ, ਪੰਨਾ 472)

ਆਪ ਸੂਤਕ ਦੀ ਧਾਰਨਾ ਦਾ ਖੰਡਨ ਕਰਦਿਆਂ ਸਪਸ਼ਟ ਕਰਦੇ ਹਨ ਕਿ ਰਸੋਈ ਵਿਚ ਬਾਲੀਆਂ ਜਾਂਦੀਆਂ ਗੋਹੇ ਦੀਆਂ ਪਾਥੀਆਂ, ਲਕੜੀ ਅਤੇ ਅਨਾਜ ਤੇ ਪਾਣੀ ਵਿਚ ਵੀ ਕੀੜੇ ਤੇ ਜੀਵ-ਜੰਤੂ ਸਦਾ ਜੰਮਦੇ-ਮਰਦੇ ਹਨ। ਇਹ ਕੁਦਰਤੀ ਪ੍ਰਕਿਰਿਆ ਹੈ ਜੋ ਹਮੇਸ਼ਾ ਚਲਦੀ ਰਹਿੰਦੀ ਹੈ। ਗੁਰੂ ਜੀ ਦਾ ਮੱਤ ਹੈ ਕਿ 'ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ।(9) ਅਰਥਾਤ ਜਨਮ ਦੇਣ ਵਾਲੇ, ਜਨਮ ਲੈਣ ਵਾਲੇ ਜੀਵ ਜਾਂ ਮੁਰਦੇ ਨਾਲ ਛੂਹ ਜਾਣ ਨਾਲ ਭਿੱਟ ਚੜ੍ਹਦੀ ਜਾਂ ਸੂਤਕ ਲੱਗਦਾ ਹੈ, ਇਹ ਅਗਿਆਨਤਾ ਅਤੇ ਭਰਮ ਹੈ। 'ਆਸਾ ਦੀ ਵਾਰ' ਦੀ 18ਵੀਂ ਪਉੜੀ ਦੀਆਂ ਅਗਲੀਆਂ ਕਾਵਿ-ਸੱਤਰਾਂ ਵਿਚ ਆਪ ਬਿਆਨ ਕਰਦੇ ਹਨ ਕਿ ਅਸਲ ਵਿਚ ਮਨੁੱਖੀ ਮਨ ਅਤੇ ਸਰੀਰ ਨੂੰ ਕ੍ਰਮਵਾਰ ਲੋਭ ਲਾਲਚ, ਜੀਭ ਨੂੰ ਝੂਠ ਬੋਲਣ, ਅੱਖਾਂ ਨੂੰ ਪਰਾਈ ਇਸਤਰੀ ਤੇ ਧਨ ਪ੍ਰਤੀ ਕਾਮਨਾ ਤੇ ਲੋਭ-ਭਰੀ ਦ੍ਰਿਸ਼ਟੀ ਅਤੇ ਕੰਨਾਂ ਨੂੰ ਪਰਾਈ ਨਿੰਦਿਆ ਸੁਣਨ ਦੇ ਸੂਤਕ ਲੱਗੇ ਹੋਏ ਹਨ, ਜਦਕਿ ਲੋਕਾਂ ਦਾ ਸਾਰਾ ਜ਼ੋਰ ਸਰੀਰ ਨੂੰ ਲੱਗੀ ਮੈਲ ਧੋਣ ਵੱਲ ਹੈ। ਮਨ ਨੂੰ ਲੱਗੀ ਲੋਭ-ਲਾਲਚ ਦੀ ਮੈਲ, ਜੀਵ ਨੂੰ ਝੂਠ ਬੋਲਣ, ਅੱਖਾਂ ਨੂੰ ਲੱਗੀ ਪਰ-ਤਨ ਅਤੇ ਪਰ-ਧਨ ਨੂੰ ਬੁਰੀ ਦ੍ਰਿਸ਼ਟੀ ਨਾਲ ਤੱਕਣ ਅਤੇ ਕੰਨਾਂ ਨੂੰ ਲੱਗੀ ਪਰਾਈ ਨਿੰਦਿਆ-ਚੁਗਲੀ ਸੁਣਨ ਦੀ ਮੈਲ ਆਦਿ ਭਿੱਟ ਅਤੇ ਸੂਤਕ ਨੂੰ ਧੋਣ ਅਥਵਾ ਦੂਰ ਕਰਨ ਵੱਲ ਕਿਸੇ ਦਾ ਧਿਆਨ ਨਹੀਂ ਹੈ।

### ਜਨੇਊ ਸੰਸਕਾਰ (ਯੱਗੋਪਵੀਤ)

ਹਿੰਦੂ ਮੱਤ ਵਿਚ ਵਰਣ ਵਿਵਸਥਾ ਅਧੀਨ ਸ਼ੂਦਰ ਨੂੰ ਛੱਡ ਕੇ ਉਪਰਲੇ ਤਿੰਨ ਵਰਣਾਂ ਨੂੰ ਜਨੇਊ ਧਾਰਨ ਕਰਨ ਦਾ ਅਧਿਕਾਰ ਹੈ। ਜਨੇਊ ਕਪਾਹ ਦੇ ਸੂਤ ਤੋਂ ਤਿਆਰ ਕੀਤੀ ਧਾਗੇ ਦੀ ਡੋਰ ਹੁੰਦੀ ਹੈ, ਜਿਸਨੂੰ 'ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ। (10) ਬ੍ਰਾਹਮਣ ਬਾਲਕ ਨੂੰ ਜ਼ਿਆਦਾ ਵਿਦਿਆ, ਗਿਆਨ ਅਤੇ ਤੇਜ਼ ਦੀ ਪ੍ਰਾਪਤੀ, ਕਸ਼ੱਤਰੀ ਨੂੰ ਸ਼ਕਤੀ ਅਤੇ ਬਹਾਦਰੀ ਦੀ ਪ੍ਰਾਪਤੀ ਅਤੇ ਵੈਸ਼ ਬਾਲਕ ਨੂੰ ਜ਼ਿਆਦਾ ਧਨ ਅਤੇ ਖੇਤੀ ਆਦਿ ਦੀ ਪ੍ਰਾਪਤੀ ਲਈ ਜਨੇਊ (ਯੱਗੋਪਵੀਤ) ਸੰਸਕਾਰ ਧਾਰਨ ਕਰਨ ਦੀ ਰੀਤ ਪ੍ਰਚੱਲਿਤ ਹੈ। ਮਨੂੰ ਸਿਮ੍ਰਿਤੀ ਅਨੁਸਾਰ, 'ਬ੍ਰਾਹਮਣ ਬਾਲਕ ਦਾ ਯੱਗੋਪਵੀਤ (ਜਨੇਊ) ਸੰਸਕਾਰ ਗਰਭ ਤੋਂ ਅੱਠਵੇਂ ਸਾਲ, ਕਸ਼ੱਤਰੀ ਦਾ ਗਿਆਰਵੇਂ ਸਾਲ ਅਤੇ ਵੈਸ਼ ਬਾਲਕ ਦਾ ਗਰਭ ਤੋਂ ਬਾਹਰਵੇਂ ਸਾਲ ਕਰਨਾ ਚਾਹੀਦਾ ਹੈ। (11)

ਗੁਰੂ ਨਾਨਕ ਦੇਵ ਜੀ ਮਨੁੱਖੀ ਸਰੀਰ ਨਾਲ ਸਬੰਧਿਤ ਜਨੇਊ ਧਾਰਣ ਕਰਨ ਦੀ ਇਸ ਰਸਮ ਦਾ ਖੰਡਨ ਕਰਦਿਆਂ ਸਮਝਾਉਂਦੇ ਹਨ ਕਿ 'ਚਉਕੜਿ ਮੁਲ ਅਣਾਇਆ ਬਹਿ ਚਉਕੇ ਪਾਇਆ' ਅਰਥਾਤ ਚਾਰ ਕੌਡੀਆਂ ਮੁੱਲ ਦਾ ਮੰਗਵਾ ਕੇ ਇਹ ਧਾਗੇ ਦਾ ਜਨੇਊ ਘਰ ਵਿਚ ਚੌਕ ਪੂਰਕੇ ਪਹਿਨਾਇਆ ਜਾਂਦਾ ਹੈ। ਇਹ ਤਾਂ ਕੇਵਲ ਸਰੀਰ ਨਾਲ ਸਬੰਧਤ ਬਾਹਰਮੁਖੀ ਰਸਮ ਹੈ, ਜਨੇਊ ਪਾਉਣ ਦਾ ਅਸਲ ਮੰਤਵ ਮਨੁੱਖ ਨੂੰ ਸੰਜਮ ਵਿਚ ਰਹਿੰਦੇ ਹੋਏ ਉੱਚ ਇਖਲਾਕੀ ਕਦਰਾਂ ਕੀਮਤਾਂ ਨੂੰ ਧਾਰਨ ਕਰਨਾ ਸੀ। ਪਰ ਸਮਾਜ ਵਿਚ ਹੋ ਕੀ ਰਿਹਾ ਹੈ? ਅੱਜ ਤੋਂ ਪੰਜ-ਛੇ ਸਦੀਆਂ ਪਹਿਲਾਂ ਦੇ ਭਾਰਤੀ ਸਮਾਜ ਦੀ ਸਥਿਤੀ ਦਾ ਚਿੱਤਰ ਉਲੀਕਦਿਆਂ ਆਪ ਫਰਮਾਉਂਦੇ ਹਨ:

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ॥
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥
(ਆਦਿ ਗ੍ਰੰਥ , ਪੰਨਾ 471)

ਆਪ ਸਮਝਾਉਂਦੇ ਹਨ ਕਿ ਜਨੇਊਧਾਰੀ ਦਿਨ ਰਾਤ ਲੱਖਾਂ ਚੋਰੀਆਂ ਅਤੇ ਮੰਦੇ ਕਰਮ ਕਰਦਾ ਹੈ, ਲੱਖਾਂ ਝੂਠ ਬੋਲਦਾ, ਠੱਗੀਆਂ ਤੇ ਬੇਈਮਾਨੀਆਂ ਕਰਦਾ ਹੈ। ਜਨੇਊ ਦੀ ਰਸਮ 'ਤੇ ਬੱਕਰਾ ਰਿੰਨਿਆ ਤੇ ਖਾਇਆ ਜਾਂਦਾ ਹੈ, ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਗੁਰੂ ਜੀ ਦਾ ਮੱਤ ਹੈ ਕਿ ਜੇਕਰ ਜਨੇਊ ਪਾਉਣ ਤੇ ਪਵਾਉਣ ਵਾਲੇ ਦੋਹਾਂ ਦਾ ਅੰਤਹਕਰਣ ਤੇ ਰਹਿਣੀ-ਬਹਿਣੀ ਸ਼ੁੱਧ ਨਹੀਂ, ਜੇਕਰ ਜਨੇਊਧਾਰੀ ਦੀ ਸੋਚ ਨਹੀਂ ਬਦਲਦੀ ਤਾਂ ਇਸ ਰਸਮ ਦਾ ਕੀ ਫਾਇਦਾ? ਆਪ ਦਾ ਸਪਸ਼ਟ ਆਦੇਸ਼ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
(ਆਦਿ ਗ੍ਰੰਥ, ਪੰਨਾ 471)

### ਬਚਪਨ ਤੋਂ ਬਾਗੀ

ਆਪ ਕਹਿੰਦੇ ਹਨ ਕਿ ਮਨੁੱਖ ਨੂੰ ਦਇਆ ਰੂਪੀ ਕਪਾਹ, ਸੰਤੋਖ ਰੂਪੀ ਸੂਤ, ਜਤ ਅਥਵਾ ਸ਼ੁੱਧ ਆਚਰਣ ਦੀਆਂ ਗੰਢਾਂ ਪਾ ਕੇ ਸਤ ਭਾਵ ਸੱਚ ਰੂਪੀ ਵੱਟ ਚਾੜ੍ਹ ਕੇ ਆਚਰਣਕ ਉੱਚਤਾ ਦਾ ਜਨੇਊ ਧਾਰਨ ਕਰਨਾ ਚਾਹੀਦਾ ਹੈ। ਵਾਸਤਵ ਵਿਚ ਇਸ ਬਾਹਰਮੁਖੀ ਰਸਮ ਦਾ ਖੰਡਨ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਬਹੁ-ਗੁਣਾਂ ਵਾਲੇ ਸੁੱਚੇ ਮਨੁੱਖੀ ਆਚਰਣ ਦੀ ਉਸਾਰੀ ਦੁਆਰਾ ਨਵੇਂ ਸਮਾਜ ਦੀ ਉਸਾਰੀ ਦਾ ਸੰਕਲਪ ਪ੍ਰਸਤੁਤ ਕੀਤਾ ਹੈ।

ਗੁਰੂ ਜੀ ਦਾ ਮੱਤ ਹੈ ਕਿ ਨੈਤਿਕਤਾ ਅਤੇ ਉੱਚ ਇਖਲਾਕੀ ਕਦਰਾਂ-ਕੀਮਤਾਂ ਦਾ ਧਾਰਨ ਕੀਤਾ ਹੋਇਆ ਜਨੇਊ ਧਾਗੇ ਦੇ ਜਨੇਊ ਵਾਂਗ ਨਾ ਟੁੱਟਦਾ ਹੈ, ਨਾ ਇਸਨੂੰ ਮੈਲ ਲੱਗਦੀ ਹੈ, ਨਾ ਇਹ ਅੱਗ ਵਿਚ ਸੜਦਾ ਹੈ ਅਤੇ ਨਾ ਹੀ ਇਹ ਕਦੇ ਗੁਆਚ ਸਕਦਾ ਹੈ।

### ਧਰਤੀ ਬਲਦ ਦੇ ਸਿੰਗ ਉਪਰ ਸਥਿਤ

ਹਿੰਦੂ ਵਿਚਾਰਧਾਰਾ ਅਜੀਬੋ-ਗਰੀਬ ਮਿੱਥਾਂ 'ਤੇ ਆਧਾਰਿਤ ਹੈ। ਧਰਤੀ ਦੀ ਸਥਿਤੀ ਬਾਰੇ ਵੀ ਅਸਚਰਜਮਈ ਕਥਾਵਾਂ ਘੜੀਆਂ ਗਈਆਂ ਹਨ। ਹਿੰਦੂ ਮਿਥਿਹਾਸ ਮੁਤਾਬਕ ਧਰਤੀ ਇਕ ਸਫੇਦ ਬਲਦ ਅਥਵਾ ਧੌਲ ਦੇ ਇਕ ਸਿੰਗ ਉਪਰ ਟਿਕੀ ਹੋਈ ਹੈ। ਭਾਈ ਕਾਨ੍ਹ ਸਿੰਘ ਨਾਭਾ 'ਧੌਲ' ਦੇ ਅਰਥ ਕਰਦਿਆਂ ਲਿਖਦੇ ਹਨ, 'ਪੁਰਾਣਾਂ ਅਨੁਸਾਰ ਉਹ ਬੈਲ, ਜਿਸਨੇ ਪ੍ਰਿਥਵੀ ਚੁੱਕੀ ਹੋਈ ਹੈ। (12) ਜਦੋਂ ਧਰਤੀ ਦੇ ਭਾਰ ਨਾਲ ਬਲਦ ਥੱਕ ਜਾਂਦਾ ਹੈ ਤਾਂ ਉਹ ਇਸਨੂੰ ਦੂਸਰੇ ਸਿੰਗ ਉਪਰ ਟਿਕਾ ਲੈਂਦਾ ਹੈ, ਜਿਸ ਕਾਰਨ ਭੂਚਾਲ ਆ ਜਾਂਦਾ ਹੈ। 'ਕੁਝ ਹੋਰ ਲੋਕ ਇਸਨੂੰ ਸ਼ੇਸ਼ਨਾਗ ਦੇ ਆਸਰੇ ਖੜ੍ਹੀ ਮੰਨਦੇ ਹਨ। (13) (ਡਾ. ਸੰਗਾਰੀ) ਗੁਰੂ ਨਾਨਕ ਦੇਵ ਜੀ ਨੇ ਵਿਗਿਆਨਤਮਕ ਵਿਸ਼ਲੇਸ਼ਣ ਕਰਦਿਆਂ ਇਸ ਮਿੱਥ ਦਾ ਖੰਡਨ ਕੀਤਾ। ਆਪ ਦਾ ਕਥਨ ਹੈ:

ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ (ਜਪੁਜੀ( (ਆਦਿ ਗ੍ਰੰਥ, ਪੰਨਾ 3)

ਆਪ ਆਪਣੀ ਪ੍ਰਮੁੱਖ ਰਚਨਾ 'ਜਪੁਜੀ ਸਾਹਿਬ' ਵਿਚ ਕਹਿੰਦੇ ਹਨ ਕਿ 'ਪਾਤਾਲਾ ਪਾਤਾਲ ਲਖ ਅਗਾਸਾ ਆਗਾਸ' ਅਤੇ 'ਧਰਤੀ ਹੋਰੁ ਪਰੈ ਹੋਰੁ ਹੋਰੁ' ਅਰਥਾਤ ਲੱਖਾਂ ਆਕਾਸ਼ ਤੇ ਪਾਤਾਲ ਹਨ ਅਤੇ ਅਨੇਕ ਧਰਤੀਆਂ ਹਨ। ਆਪ ਸਪਸ਼ਟ ਕਰਦੇ ਹਨ ਕਿ ਜੇਕਰ ਤਰਕਸ਼ੀਲਤਾ ਅਧੀਨ ਇਸ ਤੱਥ ਦੀ ਖੋਜ ਕਰੀਏ, ਇਸਨੂੰ ਬੁਝੀਏ ਤਾਂ ਸੱਚ ਸਾਹਮਣੇ ਆ ਜਾਂਦਾ ਹੈ। ਆਪ ਪ੍ਰਸ਼ਨ ਕਰਦੇ ਹਨ ਕਿ ਜੇ ਧਰਤੀ ਬਲਦ ਦੇ ਆਸਰੇ ਖੜ੍ਹੀ ਹੈ ਤਾਂ ਬਲਦ ਨੇ ਧਰਤੀ ਦਾ ਏਨਾ ਭਾਰ ਕਿਵੇਂ ਚੁੱਕਿਆ ਹੋਇਆ ਹੈ ਅਤੇ ਫਿਰ ਇਹ ਬਲਦ ਕਿਸ ਦੇ ਸਹਾਰੇ ਖੜ੍ਹਾ ਹੈ? ਧਰਤੀਆਂ ਤਾਂ ਅਨੇਕ ਹਨ, ਕਿਹੜੀ-ਕਿਹੜੀ ਧਰਤੀ ਕਿਹੜੇ-ਕਿਹੜੇ ਬਲਦ ਦੇ ਆਸਰੇ ਖੜ੍ਹੀ ਹੈ? ਆਪ ਤਰਕਸ਼ੀਲ ਵਿਵੇਚਨ ਕਰਦਿਆਂ ਸਪਸ਼ਟ ਕਰਦੇ ਹਨ:

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
(ਆਦਿ ਗ੍ਰੰਥ, ਪੰਨਾ 3)

ਅਰਥਾਤ: ਧਰਤੀ ਧਰਮ ਆਸਰੇ ਕਾਇਮ ਹੈ ਅਤੇ ਧਰਮ ਦਇਆ ਤੇ ਸੰਤੋਖ ਦੇ ਆਸਰੇ ਕਾਇਮ ਹੈ। ਇੱਥੇ 'ਧਰਮੁ' ਖਾਸ ਵਿਧੀ ਜਾਂ ਵਿਧਾਨ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਆਪ ਦਾ ਕਥਨ ਹੈ ਕਿ ਸਾਰੀਆਂ ਧਰਤੀਆਂ, ਸਾਰੀ ਕਾਇਨਾਤ ਇਕ ਵਿਸ਼ੇਸ਼ ਮਰਿਆਦਾ ਜਾਂ ਨਿਯਮ ਅਥਵਾ ਸੰਤੋਖ ਦੇ ਸੂਤਰ ਵਿਚ ਬੱਝੀ ਹੋਈ ਹੈ। ਇਸ ਵਿਸ਼ੇਸ਼ ਸੂਤਰ ਨੂੰ ਹੀ ਵਿਗਿਆਨੀਆਂ ਨੇ ਆਕਰਸ਼ਣ, ਖਿੱਚ, ਗ੍ਰੈਵਿਟੀ ਜਾਂ ਗ੍ਰੈਵੀਟੇਸ਼ਨ ਕਿਹਾ ਹੈ। ਕੁਦਰਤ ਦੀ ਇਸ ਸ਼ਕਤੀ ਨੇ ਬ੍ਰਹਿਮੰਡ ਦੀ ਹਰ ਵਸਤੂ ਨੂੰ ਸੂਤਰਬੱਧ ਅਥਵਾ ਨਿਯਮਬੱਧ ਕੀਤਾ ਹੋਇਆ ਹੈ। ਵਾਸਤਵ ਵਿਚ ਅਧਿਆਤਮਕ ਜਗਤ ਵਿਚ ਕੁਦਰਤ ਦੀ ਇਸ ਸ਼ਕਤੀ ਨੂੰ ਹੀ 'ਰੱਬ' ਕਿਹਾ ਗਿਆ ਹੈ। 'ਮਿਲੀਕਨ ਕਹਿੰਦਾ ਹੈ ਕਿ ਬ੍ਰਹਿ-ਮੰਡ ਦੇ ਅੰਗਾਂ ਨੂੰ ਆਪਸ ਵਿਚ ਜੋੜਨ ਵਾਲਾ ਨਿਯਮ ਰੱਬ ਹੈ (14) (ਡਾ. ਸੰਗਾਰੀ) ਜਪੁਜੀ ਸਾਹਿਬ ਦੀ ਇਸ 16ਵੀਂ ਪਉੜੀ ਵਿਚ ਗੁਰੂ ਜੀ ਨੇ ਧਰਤੀ ਦੇ ਸਬੰਧ ਵਿਚ ਹਿੰਦੂ ਮਿਥਿਹਾਸ ਦੀਆਂ ਕਪੋਲ ਕਲਪਿਤ ਕਥਾਵਾਂ ਦਾ ਤਾਰਕਿਕ ਖੰਡਨ ਕੀਤਾ ਹੈ।

### ਮੂਰਤੀ ਪੂਜਾ ਦਾ ਖੰਡਨ

ਆਪ ਨੇ ਹਿੰਦੂਆਂ ਵਿਚ ਪ੍ਰਚੱਲਿਤ ਮੂਰਤੀ ਪੂਜਾ ਦੇ ਆਡੰਬਰ ਨੂੰ ਬੜੇ ਤਰਕ-ਸੰਗਤ ਤੇ ਵਿਗਿਆਨਕ ਢੰਗ ਨਾਲ ਰੱਦ ਕੀਤਾ ਹੈ। ਆਪ ਦਾ ਤਰਕ ਹੈ ਕਿ ਪੱਥਰ 'ਚੋਂ ਘੜੀ ਮੂਰਤੀ ਤਾਂ ਨਿਰਜੀਵ ਹੈ ਜੋ ਨਾ ਸੁਣ ਸਕਦੀ ਹੈ ਅਤੇ ਨਾ ਹੀ ਬੋਲ ਸਕਦੀ ਹੈ। ਅੰਧ-ਵਿਸ਼ਵਾਸਾਂ ਦੀ ਦਲਦਲ ਵਿਚ ਗ੍ਰਸੇ ਹਿੰਦੂਆਂ ਤੇ ਕਰਾਰੀ ਚੋਟ ਕਰਦਿਆਂ ਆਪ ਕਹਿੰਦੇ ਹਨ ਕਿ ਹਿੰਦੂ ਤਾਂ ਮੂਲੋਂ ਹੀ ਭੁੱਲੇ-ਭਟਕੇ ਹੋਏ ਗਲਤ ਰਸਤੇ 'ਤੇ ਚੱਲ ਰਹੇ ਹਨ। ਨਾਰਦ ਦੇ ਕਹਿਣ ਤੇ ਉਹ ਪੱਥਰ ਦੀ ਮੂਰਤੀ ਪੂਜਣ ਲੱਗ ਪਏ। ਉਹ ਮੁਗਧ ਅਥਵਾ ਮੂਰਖ ਹਨ, ਗੰਵਾਰ ਤੇ ਲਾਈਲੱਗ ਹਨ, ਤਰਕਸ਼ੀਲ ਸੋਚਣੀ ਦੇ ਮਾਲਕ ਨਹੀਂ। ਆਪ ਸਿੱਧਾ ਪ੍ਰਸ਼ਨ ਕਰਦੇ ਹਨ, ਭਲਾ ਆਪ ਡੁੱਬ ਜਾਣ ਵਾਲੇ ਪੱਥਰ ਤੁਹਾਨੂੰ ਕਿਵੇਂ ਤਾਰ ਸਕਦੇ ਹਨ:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥
(ਆਦਿ ਗ੍ਰੰਥ, ਪੰਨਾ 556)

ਮੂਰਤੀ ਪੂਜਾ ਦੀ ਸਮੁੱਚੀ ਪ੍ਰਕਿਰਿਆ ਦਾ ਦ੍ਰਿਸ਼ਟਾਂਤ ਪ੍ਰਸਤੁਤ ਕਰਦਿਆਂ ਅੰਨ੍ਹੀ ਸੋਚ ਵਿਚ ਡੁੱਬੇ ਮੂਰਤੀ ਪੂਜਕਾਂ ਦੀ ਸਥਿਤੀ ਦਾ ਕੌੜਾ ਸੱਚ ਗੁਰੂ ਜੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਅੰਕਿਤ ਕੀਤਾ ਹੈ।

ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ॥
ਕੁੰਗੂ ਚੰਨਣੁ ਫੁਲ ਚੜਾਏ॥ ਪੈਰੀ ਪੈ ਪੈ ਬਹੁਤੁ ਮਨਾਏ॥
ਮਾਣੂਆ ਮੰਗਿ ਮੰਗਿ ਪੈਨੈ ਖਾਇ॥ ਅੰਧੀ ਕੰਮੀ ਅੰਧ ਸਜਾਇ॥
ਭੁਖਿਆ ਦੇਇ ਨ ਮਰਦਿਆ ਰਖੈ॥ ਅੰਧਾ ਝਗੜਾ ਅੰਧੀ ਸਥੈ॥
(ਆਦਿ ਗ੍ਰੰਥ, ਪੰਨਾ 1240-1241)

ਆਪ ਬਿਆਨ ਕਰਦੇ ਹਨ ਕਿ ਮੂਰਤੀ ਪੂਜਕ ਨੇ ਘਰ ਵਿਚ ਨਾਰਾਇਣ ਦੀ ਮੂਰਤੀ ਸਮੇਤ ਉਸਦੀ ਸਭਾ ਦੇ ਸਦਸੱਯ ਦੀਆਂ ਮੂਰਤੀਆਂ ਵੀ ਰੱਖੀਆਂ ਹਨ। ਉਹ ਇਸ਼ਨਾਨ ਕਰਵਾ ਕੇ ਉਨ੍ਹਾਂ ਦੀ ਪੂਜਾ ਕਰਦਿਆਂ ਕੇਸਰ, ਚੰਦਨ ਅਤੇ ਫਲ ਭੇਟ ਕਰਨ ਉਪਰੰਤ ਪੈਰੀਂ ਪੈ ਕੇ ਉਨ੍ਹਾਂ ਨੂੰ ਪ੍ਰਸੰਨ ਕਰਨ ਦੇ ਯਤਨ ਕਰਦਾ ਹੈ। ਪਰ ਆਪ ਸ਼ਰਧਾਲੂਆਂ ਤੋਂ ਮੰਗ-ਮੰਗ ਕੇ ਖਾਂਦਾ ਹੈ। ਦਰਅਸਲ ਇਹ ਅੰਨ੍ਹੇ, ਅਥਵਾ ਅੰਧ-ਵਿਸ਼ਵਾਸੀ ਨੂੰ ਮੂਰਖਤਾ ਭਰੇ ਕੰਮ ਦੀ ਸਜ਼ਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮੂਰਤੀ ਨਾ ਭੁੱਖੇ ਨੂੰ ਰੋਟੀ ਦਿੰਦੀ ਹੈ ਤੇ ਨਾ ਹੀ ਮੌਤ ਤੋਂ ਬਚਾ ਸਕਦੀ ਹੈ। ਅੰਧ-ਵਿਸ਼ਵਾਸਾਂ ਵਿਚ ਗਰਕੇ ਹੋਏ ਅੰਨ੍ਹੇ ਲੋਕ ਮੂਰਖਤਾ ਭਰੇ ਕੰਮਾਂ ਤੋਂ ਹੀ ਲੜਦੇ-ਝਗੜਦੇ ਰਹਿੰਦੇ ਹਨ।

### ਤੀਰਥ ਇਸ਼ਨਾਨ ਦਾ ਖੰਡਨ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬ੍ਰਾਹਮਣਾਂ ਵੱਲੋਂ ਤੀਰਥ ਇਸ਼ਨਾਨ ਸਬੰਧੀ ਫੈਲਾਏ ਅੰਧ-ਵਿਸ਼ਵਾਸਾਂ 'ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲ' (15) ਕਹਿ ਕੇ ਖੰਡਨ ਕੀਤਾ ਹੈ। ਆਪ ਦੀ ਬਾਣੀ ਦੀਆਂ ਅਨੇਕ ਤੁਕਾਂ ਵਿਚ ਨਿੱਜੀ ਹਿਤ ਖਾਤਰ ਕੀਤੀਆਂ ਤੀਰਥ-ਯਾਤਰਾਵਾਂ ਅਤੇ ਤੀਰਥ ਇਸ਼ਨਾਨ ਨੂੰ ਭਰਮ ਕਿਹਾ ਗਿਆ ਹੈ। ਹਿੰਦੂ ਧਰਮ-ਸ਼ਾਸਤਰਾਂ ਵੱਲੋਂ ਇਹ ਵਹਿਮ, ਭਰਮ ਅਤੇ ਅੰਧ-ਵਿਸ਼ਵਾਸ ਫੈਲਾ ਕੇ ਵਿਹਲੜ ਪੁਰੋਹਿਤਾਂ ਤੇ ਪੁਜਾਰੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮਨੂੰ ਸਿਮ੍ਰਿਤੀ ਦਾ ਸਪਸ਼ਟ ਆਦੇਸ਼ ਹੈ: 'ਬ੍ਰਾਹਮਣ ਦਾ ਪੈਦਾ ਹੋਣਾ ਹੀ ਸਭ ਤੋਂ ਸ੍ਰੇਸ਼ਟ ਉਤਪੱਤੀ ਹੈ। ਉਹ ਸਭ ਜੀਵਾਂ ਦੇ ਧਰਮਾਂ ਦੀ ਰੱਖਿਆ ਕਰਨ ਵਿਚ ਸਮਰੱਥ ਹੈ। (16)

'ਇਸ ਸੰਸਾਰ ਵਿਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ। ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਤੇ ਦਾਨ ਕਰਨ ਦਾ ਅਧਿਕਾਰੀ ਹੈ। (17)

ਵਾਸਤਵ ਵਿਚ ਸਿਮ੍ਰਿਤੀਆਂ ਅਤੇ ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਾਲਪਨਿਕ ਸਿਰਜਣਾ, ਅਠਾਹਟ ਤੀਰਥਾਂ ਦੀ ਯਾਤਰਾ, ਦਾਨ, ਇਸ਼ਨਾਨ, ਮੂਰਤੀ-ਪੂਜਾ, ਆਰਤੀ, ਸਰਾਧ ਅਥਵਾ ਪਿੱਤਰ ਪੂਜਾ, ਜਨੇਊ ਸੰਸਕਾਰ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਅਨੇਕ ਭਾਂਤ ਦੇ ਅਣਗਿਣਤ ਤਿਥ-ਤਿਉਹਾਰ, ਜਾਤਾਂ-ਗੋਤਾਂ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਤਰ ਦਿਮਾਗ ਦੀਆਂ ਕਾਢਾਂ ਹਨ। ਇਹ ਭਰਮ ਪੈਦਾ ਕੀਤਾ ਗਿਆ ਕਿ 'ਬ੍ਰਾਹਮਣ ਜੋ ਕੁਝ ਦੂਜਿਆਂ ਦਾ ਖਾਂਦਾ ਹੈ, ਦੂਜਿਆਂ ਦਾ ਦਿੱਤਾ ਪਹਿਨਦਾ ਹੈ ਜਾਂ (ਮੰਨੂ ਸਿਮ੍ਰਿਤੀ) ਦੂਜੇ ਤੋਂ ਲੈ ਕੇ ਕਿਸੇ ਹੋਰ ਨੂੰ ਦਿੰਦਾ ਹੈ, ਉਹ ਸਭ ਕੁਝ ਉਸਦਾ ਆਪਣਾ ਹੀ ਹੈ ਕਿਉਂਕਿ ਉਸਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਸਭ ਸੁਖ ਮਾਣਦੇ ਹਨ। (18)

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਤੇ ਗੁਲਾਮ ਬਣਾਈ ਰੱਖਣ ਵਾਲੇ ਇਨ੍ਹਾਂ ਅਖੌਤੀ ਧਰਮ-ਸ਼ਾਸਤਰਾਂ ਅਤੇ ਇਨ੍ਹਾਂ ਦੀ ਰਚਨਾ ਕਰਨ ਵਾਲੇ ਬ੍ਰਾਹਮਣਾਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਅਠਾਹਟ ਤੀਰਥ ਸਥਾਨਾਂ ਦੇ ਸੰਕਲਪ ਨੂੰ ਆਪ ਨੇ ਮੁੱਢੋਂ ਹੀ ਰੱਦ ਕੀਤਾ ਹੈ। ਦਰਅਸਲ ਇਹੀ ਉਹ ਸਥਾਨ ਹਨ ਜਿੱਥੋਂ ਬ੍ਰਾਹਮਣਾਂ ਅਤੇ ਰੂੜ੍ਹੀਵਾਦੀਆਂ ਦਾ ਵਿਉਪਾਰ ਚੱਲਦਾ ਹੈ, ਜਿੱਥੇ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿੱਥੋਂ ਉਨ੍ਹਾਂ ਨੂੰ ਮਾਣ ਤੇ ਸਨਮਾਨ ਮਿਲਦਾ ਹੈ ਅਤੇ ਜਿੱਥੇ ਰਾਜਨੀਤੀ ਤੇ ਕਾਬਜ਼ ਹੋਣ ਅਤੇ ਜਨ-ਸਧਾਰਣ ਨੂੰ ਗੁਲਾਮ ਬਣਾਈ ਰੱਖਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਇਸ ਸੰਦਰਭ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਨਿਮਨ-ਲਿਖਤ ਵਿਚਾਰ ਵਾਚਣਯੋਗ ਹੈ।

'ਹਿੰਦੂ ਧਰਮ (ਜੋ ਪੁਰਾਣੇ ਬ੍ਰਾਹਮਣ ਧਰਮ ਦਾ ਹੀ ਇਕ ਨਵਾਂ ਨਾਮ ਹੈ) ਕੋਈ ਧਰਮ ਨਹੀਂ ਬਲਕਿ ਉਸ ਤਰ੍ਹਾਂ ਦੇ ਚਰਿਤਰ ਵਾਲੀ ਇਕ ਰਾਜਨੀਤਿਕ ਵਿਚਾਰਧਾਰਾ ਹੈ, ਜਿਸ ਤਰ੍ਹਾਂ ਦੀ ਫਾਸ਼ੀਵਾਦ ਅਥਵਾ ਨਾਜ਼ੀਵਾਦ ਦੀ ਵਿਚਾਰਧਾਰਾ ਅਤੇ ਇਹ ਵਿਚਾਰਧਾਰਾ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਹੈ। (19)

ਗੁਰੂ ਜੀ ਨੇ ਅਠਾਹਠ ਤੀਰਥਾਂ ਦੀ ਯਾਤਰਾ ਕਰਕੇ ਜ਼ਿੰਦਗੀ ਵਿਚ ਭੈੜੇ-ਖੋਟੇ ਪਾਪ ਕਰਮਾਂ ਨੂੰ ਇਸ਼ਨਾਨ ਦੁਆਰਾ ਧੋਏ ਜਾਣ ਦੇ ਸੰਕਲਪ ਨੂੰ ਨਕਾਰਿਆ ਹੈ। ਆਪ ਦਾ ਕਥਨ ਹੈ ਕਿ ਇਸ਼ਨਾਨ ਤਾਂ ਸਿਰਫ ਸਰੀਰ ਦੀ ਮੈਲ ਉਤਾਰ ਸਕਦਾ ਹੈ, ਪਰ ਮਨ ਦੀ ਮੈਲ ਤਾਂ ਹੋਰ ਵੀ ਵੱਧ ਜਾਂਦੀ ਹੈ:

(ੳ) ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ।
(ਆਦਿ ਗ੍ਰੰਥ, ਪੰਨਾ 1008)
(ਅ) ਅਠਸਠਿ ਤੀਰਥ ਭ੍ਰਮ ਵਿਗੂਚਹਿ ਕਿਉ ਮਲੁ ਧੋਪੈ ਪਾਪੈ।
(ਆਦਿ ਗ੍ਰੰਥ, ਪੰਨਾ 1013)
(ੲ) ਅਠਸਠਿ ਤੀਰਥ ਦੇਣ ਨ ਢੋਈ ਬ੍ਰਾਹਮਣ ਅੰਨੁ ਨ ਖਾਹੀ।
(ਆਦਿ ਗ੍ਰੰਥ, ਪੰਨਾ 149)
(ਸ) ਨਾਵਣ ਚਲੇ ਤੀਰਥੀ ਮਨ ਖੋਟੈ ਤਨ ਚੋਰਿ।
ਇਕ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ।
(ਆਦਿ ਗ੍ਰੰਥ, ਪੰਨਾ 789)

ਆਪ ਸਾਫ, ਸਰਲ ਤੇ ਸਪਸ਼ਟ ਸ਼ਬਦਾਂ ਵਿਚ ਬਿਆਨ ਕਰਦੇ ਹਨ ਕਿ ਬ੍ਰਾਹਮਣ ਨੇ ਆਪਣੇ ਸਵਾਰਥ-ਸਿੱਧੀ ਲਈ 'ਅਠਸਠਿ ਤੀਰਥ' ਦਾ ਸਿਧਾਂਤ ਸਿਰਜਿਆ ਹੈ। ਲੋਕ ਭਰਮ-ਵੱਸ ਤੀਰਥਾਂ ਤੇ ਨਾਉਣ ਜਾਂਦੇ ਹਨ? ਪਰ ਜੇ ਮਨ ਖੋਟਾ ਹੈ ਤਾਂ ਇਹ ਇਸ਼ਨਾਨ ਤੁੰਮੇ ਦੇ ਧੋਣ ਵਾਂਗ ਹੈ ਜਿਸਦੇ ਅੰਦਰ ਨਿਰੋਲ ਜ਼ਹਿਰ ਅਤੇ ਕੌੜਾਪਣ ਭਰਿਆ ਹੋਇਆ ਹੈ। ਭਲੇ ਅਤੇ ਸੱਜਣ ਪੁਰਸ਼ ਇਸ਼ਨਾਨ ਤੋਂ ਬਿਨਾਂ ਹੀ ਚੰਗੇ ਹਨ ਜਦਕਿ ਚੋਰ ਇਸ਼ਨਾਨ ਕਰਕੇ ਵੀ ਚੋਰ ਹੀ ਰਹਿੰਦੇ ਹਨ।

### ਕੁਦਰਤ ਇਕ ਮਹਾਨ ਸ਼ਕਤੀ

ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਇਕ ਮਹਾਨ ਸ਼ਕਤੀ ਦਰਸਾਉਂਦਿਆਂ ਹਰ ਬ੍ਰਹਿਮੰਡੀ ਵਸਤੂ ਨੂੰ ਇਸਦੀ ਮਰਿਆਦਾ ਅਤੇ ਨਿਯਮ ਅਧੀਨ ਵਿਚਰਦਿਆਂ ਹੋਇਆਂ ਸਵੀਕਾਰਿਆ ਹੈ। 'ਜਪੁਜੀ ਸਾਹਿਬ' ਦੇ ਆਖਰ ਵਿਚ ਅੰਕਿਤ ਸ਼ਲੋਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਿਚ ਆਪ ਨੇ ਸਪਸ਼ਟ ਕੀਤਾ ਹੈ ਕਿ ਜਿਸ ਤਰ੍ਹਾਂ ਅਧਿਆਤਮਕ ਜਾਂ ਦੁਨਿਆਵੀ ਵਿਦਿਆ ਲਈ ਕ੍ਰਮਵਾਰ ਗੁਰੂ, ਮਾਰਗ-ਦਰਸ਼ਕ ਜਾਂ ਅਧਿਆਪਕ ਦਾ ਸਭ ਤੋਂ ਉੱਤਮ ਸਥਾਨ ਹੈ, ਉਸੇ ਤਰ੍ਹਾਂ ਮਨੁੱਖ ਲਈ ਹਵਾ ਦਾ ਸਥਾਨ ਸਭ ਤੋਂ ਉੱਚਾ ਹੈ। ਹਵਾ ਜਾਂ ਪ੍ਰਾਣਾਂ ਤੋਂ ਬਿਨਾਂ ਜੀਵਨ ਕਾਇਮ ਹੀ ਨਹੀਂ ਰਹਿ ਸਕਦਾ। ਪਾਣੀ ਪਿਤਾ ਸਮਾਨ ਹੈ, ਇਹ ਜੀਵਨ ਦਾਤਾ ਹੈ। ਧਰਤੀ ਮਾਤਾ ਸਭ ਜੀਵਾਂ ਦੀ ਪਾਲਣਾ ਕਰਦੀ ਹੈ, ਇਸ ਲਈ ਮਾਤਾ ਸਮਾਨ ਵੱਡੀ ਹੈ। ਇਸ ਸਾਰੀ ਬ੍ਰਹਿਮੰਡੀ ਅਵਸਥਾ ਨੂੰ ਕੁਦਰਤ ਨੇ ਇਕ ਸੂਤਰ ਵਿਚ ਪਰੋਇਆ ਹੋਇਆ ਹੈ। ਆਪ ਦਾ ਕਥਨ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।
ਕੁਦਰਤਿ ਪਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
(ਆਦਿ ਗ੍ਰੰਥ, ਪੰਨਾ 464)

ਗੁਰੂ ਜੀ ਨੇ ਵਿਭਿੰਨ ਧਰਮਾਂ ਵੱਲੋਂ ਬ੍ਰਹਿਮੰਡੀ ਸਿਰਜਣਾ ਸਬੰਧੀ ਅਨੁਮਾਨ ਆਧਾਰਿਤ ਮਿਥਿਕ ਕਥਾਵਾਂ ਦਾ ਵੀ ਖੰਡਨ ਕੀਤਾ ਹੈ। ਹਿੰਦੂ ਧਰਮ-ਗ੍ਰੰਥਾਂ ਵਿਚ ਸਮੇਂ ਨੂੰ ਚਾਰ ਜੁਗਾਂ ਵਿਚ ਵੰਡ ਕੇ ਹਰ ਜੁੱਗ ਦੀ ਉਮਰ ਦੱਸੀ ਗਈ ਹੈ। ਪਰ ਸ੍ਰਿਸ਼ਟੀ ਦੀ ਰਚਨਾ ਅਤੇ ਆਕਾਰ ਸਬੰਧੀ ਕੋਈ ਪੰਡਤ, ਕਾਜ਼ੀ, ਮੁੱਲਾਂ-ਮੌਲਾਣੇ ਅਤੇ ਜੋਗੀ-ਜੋਗੀਸ਼ਵਰ ਦਿਨ, ਵਾਰ, ਤਿਥ ਅਥਵਾ ਸਮੇਂ ਦਾ ਅੰਦਾਜ਼ਾ ਨਹੀਂ ਲਗਾ ਸਕਦਾ। ਇਹ ਕੁਦਰਤੀ ਪ੍ਰਕਿਰਿਆ ਹੈ ਜੋ ਸਮੇਂ ਦੇ ਨਾਲ ਪਰਿਵਰਤਿਤ ਹੁੰਦੀ ਅਤੇ ਆਕਾਰ ਵਾਲਦੀ ਰਹਿੰਦੀ ਹੈ -

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹਿ ਨਾ ਕੋਈ।
(ਆਦਿ ਗ੍ਰੰਥ, ਪੰਨਾ 4)

### ਸਮਾਜਿਕ ਸਮਾਨਤਾ

ਆਪ ਨੇ ਸਮਕਾਲੀਨ ਪੁਰੋਹਿਤਵਾਦ ਅਤੇ ਮੁੱਲਾਂ-ਮੌਲਾਣਿਆਂ ਵੱਲੋਂ ਘੜੇ ਗਏ ਫਾਰਮੂਲਿਆਂ ਨੂੰ ਮੁੱਢੋਂ ਹੀ ਨਕਾਰਿਆ ਹੈ। ਗੁਰੂ ਜੀ ਦੇ ਸਾਹਮਣੇ ਸਭ ਤੋਂ ਵੱਡਾ ਫਾਰਮੂਲਾ ਜਨ-ਕਲਿਆਣ ਦੇ ਹਿੱਤ ਸਨ। ਸੁਲਤਾਨਪੁਰ ਲੋਧੀ ਵਿਖੇ ਰਹਿੰਦਿਆਂ ਜਿਵੇਂ ਹੀ ਉਹ 'ਗਿਆਨ' ਦੀ ਸੀਮਾ ਵਿਚ ਪ੍ਰਵੇਸ਼ ਕਰਦੇ ਹਨ, ਬਿਨਾਂ ਕਿਸੇ ਵਾਦ-ਵਿਵਾਦ ਵਿਚ ਪਿਆਂ ਉਹ ਘੋਸ਼ਣਾ ਕਰਦੇ ਹਨ, 'ਨ ਹਿੰਦੂ ਨ ਮੁਸਲਮਾਨ।' ਕ੍ਰਾਂਤੀ ਦੇ ਇਹੀ ਬੋਲ ਸਦੀਆਂ ਪਹਿਲਾਂ ਤਥਾਗਤ ਬੁੱਧ ਨੇ ਗਇਆ (ਬਿਹਾਰ) ਵਿਖੇ ਬ੍ਰਿਛ ਹੇਠ 'ਗਿਆਨਵਾਨ' ਹੁੰਦਿਆਂ ਉਚਾਰੇ ਸਨ ਕਿ ਸਾਰੇ ਮਨੁੱਖ ਬਰਾਬਰ ਹਨ, ਵਰਣ-ਵਿਵਸਥਾ ਦੀ ਸਿਰਜਣਾ ਨਿੱਜੀ ਹਿੱਤਾਂ ਖਾਤਰ ਬ੍ਰਾਹਮਣ ਦੇ ਸ਼ਾਤਰ ਦਿਮਾਗ ਦੀ ਉਪਜ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਤਥਾਗਤ ਬੁੱਧ ਦੇ 'ਸਰਵਜਨ ਸੁਖਾਇ, ਸਰਵਜਨ ਹਿਤਾਇ' ਅੰਦੋਲਨ ਵਾਂਗ ਜਨ-ਸਧਾਰਨ ਦੇ ਦੁੱਖਾਂ, ਦਰਦਾਂ ਅਤੇ ਪੀੜਾਂ ਨੂੰ ਹਰਣ ਦਾ ਪੁਰਜ਼ੋਰ ਸੰਘਰਸ਼ ਆਰੰਭਿਆ। ਵਾਸਤਵ ਵਿਚ 'ਗੁਰੂ ਨਾਨਕ ਦੀ ਪਹਿਲੀ ਦਿਲਚਸਪੀ ਕਿਸੇ ਪ੍ਰਾਭੌਤਿਕ ਮੱਤ ਜਾਂ ਸਿਧਾਂਤ ਵਿਚ ਨਹੀਂ ਸਗੋਂ ਮਨੁੱਖ ਤੇ ਉਸਦੀ ਹੋਣੀ ਵਿਚ ਹੈ। (20) ਗੁਰੂ ਜੀ ਨੂੰ ਵਰਣ-ਵਿਵਸਥਾ ਤੋਂ ਅਤਿ ਪੀੜਤ ਸਮਾਜ ਦੀ ਤਰਸਯੋਗ ਹਾਲਤ ਦਾ ਭਰਪੂਰ ਅਹਿਸਾਸ ਸੀ। ਭਾਰਤੀ ਸਮਾਜ ਵਿਚ ਸ਼ੂਦਰ ਅਤੇ ਇਸਤਰੀ ਵਰਗ ਦੀ ਹੋ ਰਹੀ ਦੁਰਦਸ਼ਾ ਨੇ ਗੁਰੂ ਜੀ ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਲਈ ਹੀ ਉਹ ਐਲਾਨੀਆ ਤੌਰ ਤੇ ਆਪਣੇ ਆਪ ਨੂੰ ਅਖੌਤੀ ਨੀਚਾ ਵਰਗ ਦਾ ਸਾਥੀ ਕਹਿੰਦੇ ਹਨ:

(ੳ) ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥

(ਬਾਕੀ ਅਗਲੇ ਸਫੇ 'ਤੇ)

# ਗੁਰੂ ਨਾਨਕ ਬਾਣੀ ਵਿਚ ਤਰਕਸ਼ੀਲ ਤੱਤ ਅਤੇ ਵਿਦਰੋਹੀ ਸੁਰ

**(ਸਫਾ 21 ਦੀ ਬਾਕੀ)**

ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥
(ਆਦਿ ਗ੍ਰੰਥ, ਪੰਨਾ 15)
(ਅ) ਸਭ ਕੋ ਉਚਾ ਆਖੀਐ ਨੀਚ ਨ ਦੀਸੈ ਕੋਇ।
(ਆਦਿ ਗ੍ਰੰਥ, ਪੰਨਾ 62)
(ੲ) ਸਭ ਉਤਮ ਕਿਸੁ ਆਖਉ ਹੀਨਾ।
(ਆਦਿ ਗ੍ਰੰਥ, ਪੰਨਾ 1189)
(ਸ) ਸਭੇ ਸਾਝੀਵਾਲ ਸਦਾਇਨਿ।
(ਆਦਿ ਗ੍ਰੰਥ, ਪੰਨਾ 97)
(ਹ) ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਕਾ ਇਕਾ ਛਾਉ॥
(ਆਦਿ ਗ੍ਰੰਥ, ਪੰਨਾ 83)

### ਵਰਣ ਵਿਵਸਥਾ/ਜਾਤ ਪਾਤ/ ਸਮਾਨਤਾ/ ਇਸਤਰੀ ਵਰਗ

ਭਾਰਤੀ ਸਮਾਜ ਵਿਚ ਜਾਤ-ਵੰਡ ਦੀ ਅਸਮਾਜਿਕ ਕੁਰੀਤੀ ਦੇ ਨਾਲ-ਨਾਲ ਇਸਤਰੀ ਵਰਗ ਦੀ ਹਾਲਤ ਵੀ ਸ਼ੂਦਰਾਂ ਤੋਂ ਘੱਟ ਭੈੜੀ ਨੀ ਸੀ। ਲੜਕੀਆਂ ਨੂੰ ਜੰਮਦਿਆਂ ਨੂੰ ਹੀ ਮਾਰ ਦਿੱਤਾ ਜਾਂਦਾ ਸੀ। ਅਖੌਤੀ ਧਰਮ-ਸ਼ਾਸਤਰਾਂ ਨੇ ਸਮਾਜ ਵਿਚ ਔਰਤ ਦੀ ਇਸ ਅਪਮਾਨ ਅਤੇ ਨਿਰਾਦਰੀ ਭਰੀ ਸਥਿਤੀ ਲਈ ਵੱਡਾ ਨਾਕਾਰਾਤਮਕ ਰੋਲ ਅਦਾ ਕੀਤਾ। ਔਰਤ ਨੂੰ ਹਮੇਸ਼ਾ ਮਰਦ ਦੀ ਸਰਪ੍ਰਸਤੀ ਹੇਠ ਜੀਵਨ ਬਸਰ ਕਰਨ ਵਰਗੇ ਆਦੇਸ਼ ਜਾਰੀ ਕੀਤੇ ਗਏ (21) ਅਤੇ ਸ਼ੂਦਰਾਂ ਵਾਂਗ ਔਰਤ ਨੂੰ ਵੀ ਪਾਪਯੋਨੀ 'ਚੋਂ ਪੈਦਾ ਹੋਈ ਕਿਹਾ ਗਿਆ। (22) ਮੁਸਲਿਮ ਸਮਾਜ ਵਿਚ ਤਾਂ ਔਰਤ ਨੂੰ ਘਰ ਦੀ ਚਾਰ ਦੀਵਾਰੀ ਵਿਚ ਕੈਦ ਹੀ ਕਰ ਦਿੱਤਾ ਗਿਆ। ਭਾਰਤੀ ਸਮਾਜ ਵਿਚ ਇਸਤਰੀ ਵਰਗ ਦੀ ਹੋ ਰਹੀ ਇਸ ਦੁਰਦਸ਼ਾ ਨੇ ਗੁਰੂ ਜੀ ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ। ਆਪ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' (23) ਕਹਿ ਕੇ ਜਗਤ-ਜਨਨੀ, ਰਾਜਿਆਂ-ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਨੂੰ ਸਤਿਕਾਰ ਦਿੱਤਾ। ਆਪ ਨੇ ਸਿਰਫ ਇਸਤਰੀ ਵਰਗ ਦੇ ਹੱਕ ਵਿਚ ਆਵਾਜ਼ ਹੀ ਬੁਲੰਦ ਨਹੀਂ ਕੀਤੀ, ਬਲਕਿ ਕਰਤਾਰਪੁਰ (ਹੁਣ ਪਾਕਿਸਤਾਨ) ਵਿਖੇ ਨਿਵਾਸ ਕਰਦਿਆਂ ਔਰਤ ਨੂੰ ਸੰਗਤ ਅਤੇ ਪੰਗਤ ਵਿਚ ਮਰਦ ਦੇ ਬਰਾਬਰ ਦਰਜਾ ਦੇ ਕੇ ਭਾਰਤੀ ਸਮਾਜ ਨੂੰ ਇਕ ਨਵਾਂ ਸੰਦੇਸ਼ ਦਿੱਤਾ।

ਗੁਰੂ ਨਾਨਕ ਦੇਵ ਜੀ ਵੱਲੋਂ ਸਮਾਜਿਕ ਸਮਾਨਤਾ ਲਈ ਪੁੱਟੇ ਗਏ ਕ੍ਰਾਂਤੀਕਾਰੀ ਕਦਮ ਅਤੇ ਆਰੰਭਿਆ ਗਿਆ ਇਹ ਇਨਕਲਾਬੀ ਅੰਦੋਲਨ ਹਿੰਦੂ ਸਮਾਜ ਦੀ ਵਰਗ ਵੰਡ ਅਤੇ ਮੁਸਲਮਾਨ ਸ਼ਾਸਕਾਂ ਦੀਆਂ ਆਪ ਅਹੁਦਰੀਆਂ ਵਿਰੁੱਧ ਇਕ ਵਾਰ, ਵੰਗਾਰ ਅਤੇ ਕਰਾਰੀ ਚੋਟ ਸੀ। ਬੇਸ਼ੱਕ ਢਾਈ ਹਜ਼ਾਰ ਸਾਲ ਪਹਿਲਾਂ 'ਬ੍ਰਾਹਮਣੀ ਧਰਮ ਦੀ ਵਰਣ-ਵਿਵਸਥਾ, ਦੇਵੀ-ਦੇਵਤਿਆਂ ਦੀ ਜਟਿਲ ਪੂਜਾ ਪੱਧਤੀ ਅਤੇ ਬਲੀਆਂ ਚੜ੍ਹਨ ਦੀ ਪ੍ਰਥਾ ਉਤੇ ਪੰਜਵੀ-ਛੇਵੀ ਸਦੀ ਪੂਰਵ ਈਸਾ ਵਿਚ ਬੁੱਧ ਧਰਮ ਨੇ ਵੀ ਸੱਟ ਮਾਰੀ ਸੀ। (24) ਪਰ ਆਪਣੇ ਨਿੱਜੀ ਹਿੱਤਾਂ ਅਤੇ ਵਰਣ-ਵਿਵਸਥਾ ਦੀ ਰੱਖਿਆ ਲਈ ਹਿੰਦੂ ਸਮਾਜ ਨੇ ਸਮਤਾ, ਸੁਤੰਤਰਤਾ, ਭਾਈਚਾਰਕ ਸਾਂਝ ਅਤੇ ਨੈਤਿਕ ਕਦਰਾਂ-ਕੀਮਤਾਂ ਉਪਰ ਆਧਾਰਿਤ ਬੁੱਧ ਧਰਮ ਨੂੰ ਭਾਰਤ ਵਿਚੋਂ ਹੀ ਅਲੋਪ ਕਰ ਦਿੱਤਾ।

### ਮੱਧਕਾਲੀਨ ਪੁਰੋਹਿਤਵਾਦ ਦੀ ਸਥਿਤੀ

ਸ੍ਰੀਮਦ ਭਗਵਤ ਗੀਤਾ, ਮਨੂੰ ਸਿਮ੍ਰਿਤੀ ਅਤੇ ਹੋਰ ਅਨੇਕ ਹਿੰਦੂ ਸ਼ਾਸਤਰਾਂ ਵਿਚ ਵਰਣ-ਵੰਡ ਸਥਾਪਿਤ ਕਰਕੇ ਬ੍ਰਾਹਮਣ ਨੂੰ ਸਭ ਤੋਂ ਸ੍ਰੇਸ਼ਟ ਦਰਜਾ ਪ੍ਰਦਾਨ ਕੀਤਾ ਗਿਆ। ਕਿਉਂਕਿ 'ਵਰਣ-ਵਿਵਸਥਾ ਵਿਚ ਸਭ ਤੋਂ ਉੱਚਾ ਸਥਾਨ ਬ੍ਰਾਹਮਣ ਨੂੰ ਪ੍ਰਾਪਤ ਹੈ, ਸੋ ਗੁਰੂ ਨਾਨਕ ਦੇ ਰੋਹ ਦਾ ਪਹਿਲਾ ਨਿਸ਼ਾਨਾ ਬ੍ਰਾਹਮਣ ਹੀ ਬਣਦਾ ਹੈ। (25) ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿਚ ਮੱਧਕਾਲੀਨ ਬ੍ਰਾਹਮਣ ਸਿਰਫ ਪੋਥੀ ਗਿਆਨ ਤੱਕ ਸੀਮਤ ਹੈ, ਦੂਜਿਆਂ ਨੂੰ ਮੱਤਾਂ ਦਿੰਦਾ ਹੈ, ਪਰ ਆਪ ਝੂਠ ਬੋਲਦਾ ਹੈ, ਨੇਕੀ ਦਾ ਕੋਈ ਕੰਮ ਨਹੀਂ ਕਰਦਾ, ਮਾਇਆ ਦਾ ਵਪਾਰੀ ਹੈ, ਵਾਦ-ਵਿਵਾਦ ਵਿਚ ਲੱਗਾ ਰਹਿੰਦਾ ਹੈ, ਚਤੁਰਾਈ ਨਾਲ ਕਈ ਤਰ੍ਹਾਂ ਦਾ ਉਪਦੇਸ਼ ਦਿੰਦਾ ਹੈ, ਪਰ ਇਸਦੇ ਮਨ ਵਿਚ ਧਨ ਸੰਚਿਤ ਕਰਨ ਦਾ ਲੋਭ-ਪਿਆਰ ਸਮਾਇਆ ਹੈ ਅਤੇ ਇਸਨੇ ਲੋਕਾਂ ਨੂੰ ਬਹੁਤੇ ਹੀ ਆਲ-ਜੰਜਾਲ ਵਿਚ ਫਸਾਇਆ ਹੋਇਆ ਹੈ:

(ੳ) ਪੰਡਿਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰੁ॥
ਅਨ ਕੋ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥
ਵਾਦ ਵਿਰੋਧ ਸਲਾਹਣੇ ਵਾਦੇ ਆਵਣੁ ਜਾਣੁ॥
(ਆਦਿ ਗ੍ਰੰਥ, ਪੰਨਾ 56)
(ਅ) ਮੂਰਖਿ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ।
(ਆਦਿ ਗ੍ਰੰਥ, ਪੰਨਾ 469)
(ੲ) ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ।
(ਆਦਿ ਗ੍ਰੰਥ, ਪੰਨਾ 10120

ਗੁਰੂ ਸਾਹਿਬ ਨੇ ਬਾਹਰਮੁਖੀ ਕਰਮਕਾਂਡਾਂ ਵਿਚ ਗ੍ਰਸਤ ਪੰਡਿਤਾਂ ਦੇ ਫੋਕਟ ਕਰਮਾਂ ਦੇ ਚਿੱਤਰ ਨੂੰ ਬੜੀ ਬੇਬਾਕੀ ਨਾਲ ਆਪਣੀ ਬਾਣੀ ਵਿਚ ਉਲੀਕਿਆ ਹੈ। ਉਹ ਬਿਨਾਂ ਲਗ ਲਪੇਟ ਤੋਂ ਸਾਫ ਅਤੇ ਸਪਸ਼ਟ ਸ਼ਬਦਾਂ ਵਿਚ ਆਪਣਾ ਤਰਕ ਪ੍ਰਸਤੁਤ ਕਰਦੇ ਹਨ:

ਪੜਿ ਪੁਸਤਕ ਸੰਧਿਆ ਬਾਦੰ। ਸਿਲ ਪੂਜਸਿ ਬਗੁਲ ਸਮਾਧੰ।
ਮੁਖਿ ਝੂਠ ਬਿਭੂਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ।
ਗਲਿ ਮਾਲਾ ਤਿਲਕ ਲਿਲਾਟੰ। ਦੁਇ ਧੋਤੀ ਬਸਤ੍ਰ ਕਪਾਟੰ।
ਜੇ ਜਾਣਸਿ ਬ੍ਰਹਮੰ ਕਰਮੰ। ਸਭ ਫੋਕਟ ਨਿਸਚਉ ਕਰਮੰ॥
(ਆਦਿ ਗ੍ਰੰਥ, ਪੰਨਾ 470)

ਆਪ ਦਾ ਕਥਨ ਹੈ ਕਿ ਪੰਡਿਤ ਧਰਮ-ਸ਼ਾਸਤਰਾਂ ਦਾ ਪਾਠ ਕਰਦਾ ਹੈ। ਸਵੇਰੇ, ਦੁਪਹਿਰੇ ਅਤੇ ਸ਼ਾਮ ਵੇਲੇ ਉਹ ਸੰਧਿਆ ਜਾਂ ਪੂਜਾ-ਪਾਠ ਕਰਦਿਆਂ ਵਾਦ-ਵਿਵਾਦ ਵਿਚ ਫਸਿਆ ਰਹਿੰਦਾ ਹੈ। ਪੱਥਰ ਦੀਆਂ ਮੂਰਤੀਆਂ ਦੀ ਪੂਜਾ, ਅਰਾਧਨਾ ਕਰਦਿਆਂ ਬਗਲੇ ਭਗਤ ਵਾਂਗ ਸਮਾਧੀ ਲਾਉਣ ਦਾ ਦਿਖਾਵਾ ਕਰਦਾ ਹੈ ਪਰ ਅਸਲ ਵਿਚ ਉਹਦਾ ਮਨ ਲਾਲਸਾਵਾਂ ਵਿਚ ਘਿਰਿਆ ਹੋਇਆ ਹੈ। ਅੰਦਰੋਂ ਉਹ ਝੂਠਾ ਹੈ, ਪਰ ਉਹਦਾ ਮੁਖੜਾ ਦਿਖਾਵੇ ਦੇ ਨਕਲੀ ਗਹਿਣਿਆਂ ਵਾਂਗ ਲਿਸ਼ਕਦਾ ਹੈ। ਉਹ ਤਿੰਨ ਵੇਲੇ 'ਤ੍ਰੈਪਾਲ' ਅਰਥਾਤ ਤਿੰਨ ਪੰਕਤੀਆਂ ਵਾਲੀ ਗਾਇਤਰੀ ਦਾ ਜਾਪ ਕਰਦਾ ਹੈ। ਗਲ ਵਿਚ ਮਾਲਾ, ਮੱਥੇ 'ਤੇ ਤਿਲਕ ਅਤੇ ਤੇੜ ਧੋਤੀ ਪਹਿਨ ਕੇ ਬਾਹਰਮੁਖੀ ਪਹਿਰਾਵੇ ਤੇ ਚਿੰਨ੍ਹਾਂ ਦੇ ਆਡੰਬਰ ਕਰਦਾ ਹੈ। ਉਹ ਇਨ੍ਹਾਂ ਨੂੰ ਬ੍ਰਹਮ ਕਰਮ ਸਮਝਦਾ ਹੈ। ਅਸਲ ਵਿਚ ਇਹ ਸਾਰੇ ਫੋਕਟ, ਨਿਰਾਰਥਕ ਅਤੇ ਦਿਖਾਵੇ ਦੇ ਕਰਮ ਹਨ। ਆਪ ਦਾ ਮਤ ਹੈ ਕਿ ਸੁਹਿਰਦ, ਸੁਚੱਜਾ ਤੇ ਸਦਭਾਵਨਾ ਰੱਖਣ ਵਾਲਾ ਮਨੁੱਖ ਬਣਨ ਲਈ ਅਜਿਹੇ ਆਡੰਬਰਾਂ ਦੀ ਲੋੜ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ਤਾ ਹੈ ਕਿ ਉਹਨਾਂ ਨੇ ਹਿੰਦੂ-ਮੁਸਲਮਾਨ, ਧਰਮ-ਸੰਸਥਾਵਾਂ ਉਪਰ ਕਾਬਜ਼ ਬ੍ਰਾਹਮਣਾਂ ਤੇ ਕਾਜ਼ੀਆਂ ਵੱਲੋਂ ਫੈਲਾਏ ਦੰਭ, ਪਾਖੰਡ ਅਤੇ ਭਰਮ-ਜਾਲ ਨੂੰ ਨਿਸ਼ੰਗ ਹੋ ਕੇ ਬਿਆਨਿਆ ਹੈ। ਬੇਸ਼ੱਕ ਹਿੰਦੂ ਤਤਕਾਲੀਨ ਮੁਸਲਿਮ ਹਾਕਮਾਂ ਨੂੰ ਮੈਲੀ ਇੱਛਾ ਵਾਲੇ 'ਮਲੇਛ' ਕਹਿੰਦੇ ਸਨ, ਪਰ ਉਹ ਰੋਜ਼ੀ-ਰੋਟੀ ਲਈ ਨੌਕਰੀ ਕਰਦਿਆਂ ਪੂਰੀ ਤਰ੍ਹਾ ਉਨ੍ਹਾਂ 'ਤੇ ਹੀ ਨਿਰਭਰ ਕਰਦੇ ਸਨ। ਗੁਰੂ ਜੀ ਨੇ ਵੇਲੇ ਦੇ ਮੌਕਾਪ੍ਰਸਤ, ਲਾਲਚੀ ਤੇ ਸਵਾਰਥੀ ਹਿੰਦੂਆਂ ਦੇ ਦੋਹਰੇ ਚਰਿੱਤਰ ਨੂੰ ਪੂਰੀ ਸ਼ਿੱਦਤ ਨਾਲ ਨੰਗਿਆਂ ਕੀਤਾ ਹੈ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
(ਆਦਿ ਗ੍ਰੰਥ, ਪੰਨਾ471)

ਮੁਸਲਮਾਨ ਹਾਕਮਾਂ ਦੇ ਹੁਕਮ ਮੁਤਾਬਕ ਹਿੰਦੂ ਮੁਲਾਜ਼ਮ ਗਊ ਤੇ ਬ੍ਰਾਹਮਣ ਤੇ ਕਰ ਅਥਵਾ ਮਸੂਲ ਲਾਉਂਦੇ ਸਨ ਜਦਕਿ ਦੂਜੇ ਪਾਸੇ ਬ੍ਰਾਹਮਣ ਪੂਜਾ ਕਰਨ ਵੇਲੇ ਗਊ ਦੇ ਗੋਬਰ ਨਾਲ ਚੌਂਕਾ ਲੇਪਦੇ ਸਨ। ਗੁਰੂ ਜੀ ਦਾ ਕਥਨ ਹੈ ਕਿ ਗਊ ਦੇ ਗੋਹੇ ਨਾਲ ਚੌਂਕਾ ਲਿਪਣ, ਧੋਤੀ ਪਾਉਣ, ਮੱਥੇ ਤੇ ਟਿੱਕਾ ਲਾਉਣ, ਹੱਥ ਵਿਚ ਮਾਲਾ ਫੜ ਕੇ ਸਵਾਂਗ ਰਚਾਉਣ ਨਾਲ ਮਨ ਦੀ ਮੈਲ ਨਹੀਂ ਉਤਰ ਸਕਦੀ। ਹਿੰਦੂ ਜਿਨ੍ਹਾਂ ਨੂੰ ਮਲੇਛ ਕਹਿੰਦਾ ਹੈ ਉਨ੍ਹਾਂ ਦੀ ਦਿੱਤੀ ਤਨਖਾਹ ਤੇ ਗੁਜ਼ਾਰਾਂ ਕਰਦਾ ਹੈ। ਅੰਦਰ ਵੜ ਕੇ ਹਿੰਦੂ ਧਰਮ ਅਨੁਸਾਰ ਪੂਜਾ ਕਰਨ ਅਤੇ ਬਾਹਰ ਨਿੱਜੀ ਹਿੱਤਾਂ ਦੀ ਪੂਰਤੀ ਖਾਤਰ ਆਪਣੇ ਹਾਕਮਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਧਰਮ-ਗ੍ਰੰਥਾਂ ਦੇ ਅਧਿਐਨ ਕਰਨ ਦੇ ਪਾਖੰਡ ਅਤੇ ਆਡੰਬਰ ਕਰਦਾ ਹੈ।

'ਨਾ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦੇਣ ਵਾਲੇ ਇਨਕਲਾਬੀ ਗੁਰੂ ਨੇ ਜਿੱਥੇ ਹਿੰਦੂ ਮੱਤ ਵਿਚ ਆਈਆਂ ਗਿਰਾਵਟਾਂ ਨੂੰ ਨਿਡਰ, ਨਿਧੜਕ ਤੇ ਨਿਸ਼ੰਗ ਹੋ ਕੇ ਉਲੀਕਿਆ, ਉਥੇ ਮੁਸਲਿਮ ਧਰਮ ਦੇ ਮੁੱਲਾਂ-ਮੌਲਾਣਿਆਂ ਅਤੇ ਕਾਜ਼ੀਆਂ ਦੀਆਂ ਉਣਤਾਈਆਂ ਤੇ ਕਮੀਆਂ-ਪੇਸ਼ੀਆਂ ਨੂੰ ਵੀ ਉਨੀ ਹੀ ਤਾਕਤ ਵਾਲੀ ਵਿਦਰੋਹੀ ਸੁਰ ਵਿਚ ਪ੍ਰਸਤੁਤ ਕੀਤਾ ਹੈ। ਆਪ ਬੁਰੀ ਨਜ਼ਰ ਜਾਂ ਵੈਰੀ ਤੋਂ ਬਚੇ ਰਹਿਣ ਲਈ ਕਾਗਜ਼ 'ਤੇ ਰੱਬ ਦੇ ਕਈ ਨਾਮ ਲਿਖ ਕੇ ਤਾਵੀਜ਼ ਦੇਣ ਵਾਲੇ ਮੁੱਲਾਂ ਨੂੰ ਲਾਹਨਤ ਪਾਉਂਦਿਆਂ ਆਖਦੇ ਹਨ:

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
(ਆਦਿ ਗ੍ਰੰਥ, ਪੰਨਾ 1169)

ਗੁਰੂ ਜੀ ਦਾ ਮੱਤ ਹੈ ਕਿ ਗਿਆਨ ਦੇ ਗੀਤ ਗਾਉਣ ਵਾਲਾ ਮੁੱਲਾਂ ਆਪ ਗਿਆਨ ਤੋਂ ਖਾਲੀ ਹੈ:

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਇ॥ ਫਕਰੁ ਕਰੇ ਹੋਰੁ ਜਾਤਿ ਗਵਾਇ॥
(ਆਦਿ ਗ੍ਰੰਥ, ਪੰਨਾ 1245)

ਸਮਕਾਲੀਨ ਮੁੱਲਾਂ-ਮੌਲਾਣਿਆਂ ਤੇ ਕਟਾਖਸ਼ ਕਰਦਿਆਂ ਕਹਿੰਦੇ ਹਨ ਕਿ ਮੁੱਲਾਂ ਭੁੱਖਾ ਹੋਵੇ ਤਾਂ ਘਰ ਨੂੰ ਹੀ ਮਸੀਤ ਬਣਾ ਲੈਂਦਾ ਹੈ। ਰੋਜ਼ੀ-ਰੋਟੀ ਦਾ ਪ੍ਰਬੰਧ ਨਾ ਹੋਇਆ ਤਾਂ ਕੰਨਾਂ ਵਿਚ ਮੁੰਦਰਾਂ ਪਾ ਕੇ ਫਕੀਰ ਬਣ ਗਿਆ, ਆਪਣੀ ਇੱਜ਼ਤ-ਆਬਰੂ ਗਵਾ ਕੇ ਮੰਗਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਜਨ-ਸਧਾਰਨ ਨੂੰ ਖ਼ਬਰਦਾਰ ਕਰਦੇ ਹਨ ਕਿ ਜਿਹੜਾ ਗੁਰੂ-ਪੀਰ ਬਣਕੇ ਘਰ-ਘਰ ਮੰਗਦਾ ਫਿਰਦਾ ਹੈ, ਉਸਦੇ ਪੈਰਾਂ ਨੂੰ ਕਦੀ ਵੀ ਨਾ ਛੋਹਣਾ। ਜੋ ਮਿਹਨਤ ਤੇ ਸੱਚੀ-ਸੁੱਚੀ ਕਿਰਤ ਕਰਕੇ ਖਾਂਦਾ ਹੈ ਅਤੇ ਆਪਣੀ ਕਮਾਈ ਵਿਚੋਂ ਕੁਝ ਦਿੰਦਾ ਹੈ, ਦਾਨ ਕਰਦਾ ਹੈ, ਉਹੀ ਠੀਕ ਰਸਤੇ ਨੂੰ ਪਛਾਣਦਾ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

### ਕਿਰਤ ਉਪਰ ਜ਼ੋਰ<br>ਜੋਗ ਪ੍ਰੰਪਰਾ ਦਾ ਖੰਡਨ:

ਜੋਗ ਜਾਂ ਯੋਗ ਤੋਂ ਭਾਵ ਜੋੜ ਜਾਂ ਮਿਲਾਪ ਤੋਂ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਪਤੰਜਲਿ ਰਿਖਿ ਦਾ ਦੱਸਿਆ ਅੱਠ ਅੰਗ ਰੂਪ ਯੋਗ ਸਾਧਨ, ਜੋ ਮੁਕਤੀ ਦਾ ਕਾਰਨ ਹੈ।'' (24)

ਗੁਰੂ ਨਾਨਕ ਦੇਵ ਜੀ ਨੇ ਆਪਣੀ ਤਰਕਸ਼ੀਲ, ਗਿਆਨ ਭਰਪੂਰ ਸਿੱਖਿਆਤਮਕ ਬਾਣੀ ਦੁਆਰਾ ਜਿੱਥੇ ਰੂੜ੍ਹੀਵਾਦੀ ਬ੍ਰਾਹਮਣੀ ਸੋਚ ਅਤੇ ਮੁੱਲਾਂ- ਮੌਲਾਣਿਆਂ ਦੀਆਂ ਕਮੀਆਂ, ਕਮਜ਼ੋਰੀਆਂ ਨੂੰ ਉਜਾਗਰ ਕਰਕੇ ਉਨ੍ਹਾਂ ਨੂੰ ਸੱਚ ਦਾ ਮਾਰਗ ਦਿਖਾਉਣ ਦਾ ਯਤਨ ਕੀਤਾ, ਉਥੇ ਜੋਗੀਆਂ ਦੇ ਬਾਹਰਮੁਖੀ ਭੇਖ, ਗ੍ਰਿਹ-ਤਿਆਗ ਤੇ ਜੋਗ-ਰੀਤੀਆਂ ਦੇ ਫਲਸਫੇ ਦਾ ਵੀ ਖੰਡਨ ਕੀਤਾ ਹੈ। ਆਪ ਦੀ ਪ੍ਰਸਿੱਧ ਰਚਨਾ 'ਸਿਧ ਗੋਸਟਿ' ਇਸਦਾ ਪ੍ਰਤੱਖ ਪ੍ਰਮਾਣ ਹੈ। ਆਪ ਜੋਗੀਆਂ ਨੂੰ ਸਮਝਾਉਂਦੇ ਹਨ ਕਿ ਮਨ ਵਿਚ ਉਠਦੀਆਂ ਲਾਲਸਾਵਾਂ, ਤ੍ਰਿਸ਼ਨਾਵਾਂ ਅਤੇ ਖਾਹਿਸ਼ਾਂ ਨੂੰ ਕਾਬੂ ਕਰਨਾ ਹੀ ਜੋਗ-ਪ੍ਰਾਪਤੀ ਹੈ। ਦੁਨੀਆਂ ਅਤੇ ਘਰ-ਗ੍ਰਹਿਸਤੀ ਦਾ ਤਿਆਗ ਕਰਕੇ ਜੰਗਲਾਂ, ਪਹਾੜਾਂ ਵਿਚ ਜਾਣ ਅਤੇ ਵਿਸ਼ੇਸ਼ ਪ੍ਰਕਾਰ ਦੇ ਭੇਸ ਧਾਰਨ ਕਰਨ ਨਾਲ ਸਰੀਰਕ ਤੇ ਜੀਵ-ਵਿਗਿਆਨਕ ਲੋੜਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਆਪ ਦਾ ਕਥਨ ਹੈ:

(ੳ) ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥
(ਆਦਿ ਗ੍ਰੰਥ, ਪੰਨਾ 1013)
(ਅ) ਤਗੁ ਨ ਇੰਦ੍ਰੀ ਤਗੁ ਨ ਨਾਰੀ॥
ਭਲਕੇ ਥੁਕ ਪਵੈ ਨਿਤ ਦਾੜੀ॥
(ਆਦਿ ਗ੍ਰੰਥ, ਪੰਨਾ 471)
(ੲ) ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥
(ਆਦਿ ਗ੍ਰੰਥ, ਪੰਨਾ 730)

ਆਪ ਦਾ ਕਥਨ ਹੈ ਕਿ ਗੋਦੜੀ ਪਹਿਨਣ, ਹੱਥ ਵਿਚ ਡੰਡਾ ਫੜਨ, ਸਰੀਰ ਤੇ ਸੁਆਹ ਮਲਣ, ਕੰਨਾਂ ਵਿਚ ਮੁੰਦਰਾਂ ਪਾਉਣ, ਸਿਰ ਮੁਨਾ ਲੈਣ ਅਤੇ ਨਾ ਹੀ ਸਿੰਗੀ ਵਜਾਉਣ ਨਾਲ ਜੋਗੀ ਬਣਿਆ ਜਾ ਸਕਦਾ ਹੈ, ਕੇਵਲ ਗੱਲਾਂ ਨਾਲ ਅਤੇ ਵਿਸ਼ੇਸ਼ ਪ੍ਰਕਾਰ ਦੇ ਭੇਖ ਧਾਰਨ, ਮੱਠਾਂ, ਮੜੀਆਂ, ਮਸਾਣਾਂ ਵਿਚ ਜਾ ਕੇ ਤਾੜੀ (ਸਮਾਧੀਆਂ) ਲਾਉਣ, ਦੇਸ-ਦੇਸਾਂਤਰਾਂ ਵਿਚ ਘੁੰਮਣ ਅਤੇ ਤੀਰਥ ਇਸ਼ਨਾਨ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੋ ਸਕਦੀ। ਦੁਨੀਆਂ ਵਿਚ ਰਹਿੰਦੇ, ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਕਰਦੇ ਹੋਏ, ਪਰ ਮੋਹ-ਮਾਇਆ ਤੋਂ ਨਿਰਲੇਪ ਰਹਿ ਕੇ ਲਾਲਸਾਵਾਂ ਤੇ ਕਾਬੂ ਪਾ ਕੇ, ਸਾਰਿਆਂ ਪ੍ਰਤੀ ਸਮਾਨ ਦ੍ਰਿਸ਼ਟੀਕੋਣ ਅਪਣਾ ਕੇ ਜੀਵਨ ਬਤੀਤ ਕਰਦਿਆਂ ਜੋਗ ਦੀ ਪ੍ਰਾਪਤੀ ਹੋ ਸਕਦੀ ਹੈ, ਅਰਥਾਤ ਨਿਰਵਾਣ ਪਦ ਪ੍ਰਾਪਤ ਹੋ ਸਕਦਾ ਹੈ।

### ਹਾਕਮਾਂ ਨੂੰ ਵੰਗਾਰ

ਮੱਧਕਾਲੀਨ ਰਾਜਨੀਤਿਕ, ਧਾਰਮਿਕ ਤੇ ਨਿਆਇਕ ਵਿਵਸਥਾ ਦੇ ਪਤਨ ਅਤੇ ਗਿਰਾਵਟ ਦੇ ਸੰਦਰਭ ਵਿਚ ਗੁਰੂ ਜੀ ਨੇ ਵੇਲੇ ਦੇ ਹਾਕਮਾਂ ਨੂੰ ਵੀ ਖਰੀਆਂ-ਖਰੀਆਂ ਸੁਣਾਈਆਂ ਹਨ। ਆਪ ਨੇ 'ਅੰਨ੍ਹੀ ਪੀਹੈ ਕੁੱਤਾ ਚੱਟੇ' ਦਾ ਕਿਰਦਾਰ ਨਿਭਾਉਂਦੇ ਰਾਜਿਆਂ, ਉਹਨਾਂ ਦੇ ਅਹਿਲਕਾਰਾਂ ਅਤੇ ਇਨਸਾਫ ਦੇਣ ਵਾਲੇ ਕਾਜ਼ੀਆਂ 'ਤੇ ਕਰਾਰੀ ਚੋਟ ਕਰਦਿਆਂ ਨਿਡਰ ਹੋ ਕੇ ਉਨ੍ਹਾਂ ਦੀ ਨਿਖੇਧੀ ਕੀਤੀ ਹੈ:

(ੳ) ਰਾਜੇ ਸੀਂਹ ਮੁਕਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ॥
(ਆਦਿ ਗ੍ਰੰਥ, ਪੰਨਾ 1288)
(ਅ) ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੇ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥
(ਆਦਿ ਗ੍ਰੰਥ, ਪੰਨਾ 951)

ਆਪ ਹੁਕਮਰਾਨਾਂ ਨੂੰ ਵੰਗਾਰਦੇ ਹੋਏ ਕਹਿੰਦੇ ਹਨ ਕਿ ਰਾਜੇ ਸ਼ੀਂਹ ਅਥਵਾ ਸ਼ੇਰ (ਜ਼ਾਲਮ) ਅਤੇ ਮੁਕਦਮ (ਅਹਿਲਕਾਰ) ਕੁੱਤੇ ਬਣੇ ਹੋਏ ਹਨ ਜੋ ਬੈਠੇ, ਸੁੱਤੇ ਅਮਨ-ਅਮਾਨ ਨਾਲ ਰਹਿੰਦੇ ਲੋਕਾਂ ਨੂੰ ਜਾ ਉਠਾਉਂਦੇ ਅਤੇ ਉਨ੍ਹਾਂ ਤੇ ਜ਼ੁਲਮ ਕਰਦੇ ਹਨ। ਨਿਆਂ ਕਰਨ ਬੈਠਾ ਕਾਜ਼ੀ ਤਸਬੀ ਫੇਰਦਾ ਹੋਇਆ ਖ਼ੁਦਾ ਦਾ ਨਾਮ ਉਚਾਰਦਿਆਂ ਵੱਢੀ ਲੈ ਕੇ ਸਾਇਲ ਦਾ ਹੱਕ ਮਾਰਦਾ ਹੈ। ਜੇਕਰ ਪੁੱਛੋ ਤਾਂ ਪੁਸਤਕਾਂ ਵਿਚੋਂ ਪੜ੍ਹ ਕੇ ਘਰ ਪੂਰਾ ਕਰ ਦਿੰਦਾ ਹੈ।

ਧਰਮ ਦੀ ਮਰਿਆਦਾ ਅਤੇ ਲਾਜ, ਸ਼ਰਮ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ ਹੈ। ਮੁਸਲਮਾਨ ਸ਼ਾਸਕ ਅਤੇ ਹਿੰਦੂ ਮੁਲਾਜ਼ਮ ਦੋਨੋਂ ਹੀ ਜਨਤਾ ਤੇ ਬੇਪਨਾਹ ਜ਼ੁਲਮ ਕਰ ਰਹੇ ਹਨ। ਨਮਾਜ਼ ਅਦਾ ਕਰਨ ਵਾਲੇ ਮੁਸਲਮਾਨ ਅਤੇ ਜਨੇਊ ਪਹਿਨ ਕੇ ਪੂਜਾ-ਅਰਚਨਾ ਕਰਨ ਵਾਲੇ ਬ੍ਰਾਹਮਣ ਘਿਉ-ਖਿਚੜੀ ਹੋ ਕੇ 'ਮਾਣਸ ਖਾਣੇ' ਬਣੇ ਹੋਏ ਹਨ;

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
(ਆਦਿ ਗ੍ਰੰਥ, ਪੰਨਾ 471)

ਹਿੰਦੂ ਅਤੇ ਮੁਸਲਮਾਨਾਂ ਦੇ ਆਚਰਣ ਤੇ ਪ੍ਰਕਾਸ਼ ਪਾਉਂਦਿਆਂ ਆਪ ਬਿਆਨ ਕਰਦੇ ਹਨ ਕਿ ਮਨੁੱਖਾਂ ਨੂੰ ਖਾ ਜਾਣ ਵਾਲੇ ਜ਼ਾਲਮ ਤੇ ਅੱਤਿਆਚਾਰੀ ਮੁਸਲਿਮ ਹਾਕਮ ਨਮਾਜ਼ਾਂ ਪੜ੍ਹਨ ਵਿਚ ਲੱਗੇ ਹੋਏ ਹਨ। ਅਜਿਹੇ ਖ਼ੂੰਖਾਰ ਜਾਬਰਾਂ ਦੇ ਖਾਣੇ ਲਈ ਲੋਕਾਂ ਦੇ ਗਲਾਂ ਉਤੇ ਛੁਰੀ ਚਲਾਉਣ ਵਾਲੇ ਹਿੰਦੂ ਮੁਲਾਜ਼ਮ ਗਲ ਵਿਚ ਜਨੇਊ ਪਾਈ ਫਿਰਦੇ ਹਨ। ਅਜਿਹੇ ਕਸਾਈ ਬਿਰਤੀ ਵਾਲੇ ਲੋਕਾਂ ਦੇ ਘਰ ਭੋਜਨ ਖਾਣ ਗਏ ਬ੍ਰਾਹਮਣ ਸੰਖ ਵਜਾਉਂਦੇ ਹਨ। ਚਾਰੇ ਪਾਸੇ ਝੂਠ ਦਾ ਪਾਸਾਰਾ ਹੈ, ਸ਼ਰਮ ਤੇ ਧਰਮ ਕਿਧਰੇ ਵੀ ਦਿਖਾਈ ਨਹੀਂ ਦਿੰਦੇ:

(ੳ) ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
(ਆਦਿ ਗ੍ਰੰਥ, ਪੰਨਾ 145)
(ਅ) ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੇ ਚਉਕਾ ਕਢੀ ਕਾਰ॥
ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥
ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥
ਸੁਚਿ ਹੋਵੈ ਤਾ ਸਚੁ ਪਾਈਐ॥
(ਆਦਿ ਗ੍ਰੰਥ, ਪੰਨਾ 471)

ਇਸ ਆਪਾਧਾਪੀ ਦੇ ਸਮੇਂ ਵਿਚ ਸੱਚ ਰੂਪੀ ਚੰਦਰਮਾ ਕੂੜ ਰੂਪੀ ਮੱਸਿਆ ਦੇ ਪਾਸਾਰੇ ਵਿਚ ਕਿਤੇ ਵੀ ਦਿਖਾਈ ਨਹੀਂ ਦਿੰਦਾ। ਪੰਡਿਤਾਂ ਦੇ ਕਿਰਦਾਰ ਨੂੰ ਉਲੀਕਦਿਆਂ ਅਤੇ ਉਨ੍ਹਾਂ ਦੀ ਲੋਭ-ਲਾਲਚ ਤੇ ਸ਼ੈਤਾਨੀਅਤ ਭਰੀ ਬਿਰਤੀ ਤੇ ਕਟਾਖਸ਼ ਕਰਦਿਆਂ ਗੁਰੂ ਜੀ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਮੱਥੇ ਟਿੱਕਾ, ਲੱਕ ਦੁਆਲੇ ਲੜ-ਟੁੰਗਵੀਂ ਧੋਤੀ ਬੰਨ੍ਹ ਕੇ ਉਹ ਬੇਰਹਿਮ ਕਸਾਈਆਂ ਵਾਂਗ ਸਾਰੇ ਸੰਸਾਰ ਉਤੇ ਛੁਰੀ ਚਲਾ ਰਹੇ ਹਨ। ਨੀਲੇ ਬਸਤਰ ਪਹਿਨ ਕੇ ਮੁਸਲਿਮ ਹਾਕਮਾਂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਹੋ ਕੇ, ਮਲੇਛ ਕਹੇ ਜਾਣ ਵਾਲੇ ਮੁਸਲਮਾਨਾਂ ਦੇ ਧਨ ਉਤੇ ਪਲਦੇ ਹੋਏ ਇਹ ਬ੍ਰਾਹਮਣ ਪੁਰਾਣਾਂ ਦੀ ਪੂਜਾ ਵੀ ਕਰੀ ਜਾਂਦੇ ਹਨ ਅਤੇ ਮੁਸਲਮਾਨਾਂ ਦੁਆਰਾ ਕਲਮਾ ਪੜ੍ਹ ਕੇ ਕੋਹਿਆ ਗਿਆ ਬੱਕਰਾ ਵੀ ਖਾਈ ਜਾਂਦੇ ਹਨ। ਜਦ ਮਾਸ ਰਿੰਨ੍ਹਦੇ ਹਨ ਤਾਂ ਚੌਂਕੇ ਦੁਆਲੇ ਲਕੀਰ ਕੱਢ ਦਿੰਦੇ ਹਨ ਤਾਂ ਕਿ ਚੌਂਕੇ ਅੰਦਰ ਕੋਈ ਆ ਨਾ ਸਕੇ। ਮਾਸ ਰਿੰਨ੍ਹਦੇ ਤੇ ਖਾਂਦੇ ਖ਼ੁਦ ਜੂਠੇ, ਝੂਠੇ ਤੇ ਭ੍ਰਿਸ਼ਟੇ ਹੋਏ ਹਨ ਪਰ ਦੂਸਰਿਆਂ ਨੂੰ ਚੌਂਕੇ 'ਤੇ ਆਉਣੋਂ ਰੋਕਦੇ ਹਨ ਤਾਂ ਕਿ ਮਾਸ ਭਿੱਟਿਆ ਨਾ ਜਾਵੇ ਅਤੇ ਖਾਣ ਦੇ ਅਯੋਗ ਨਾ ਹੋ ਜਾਵੇ। ਇਹ ਫਿੱਟੇ ਹੋਏ ਅਤੇ ਵਿਕਾਰਾਂ ਨਾਲ ਭਰੇ ਹੋਏ ਬ੍ਰਾਹਮਣ, ਜਿਨ੍ਹਾਂ ਦੇ ਕਰਮ ਵੀ ਖੋਟੇ ਹਨ ਅਤੇ ਮਨ ਦੇ ਸੰਕਲਪ ਵੀ ਜੂਠੇ ਹਨ, ਚੂਲੀਆਂ ਭਰ-ਭਰ ਕੇ ਸੁੱਚੇ ਬਣ ਕੇ ਦਿਖਾਉਂਦੇ ਹਨ। ਗੁਰੂ ਜੀ ਦਾ ਵਿਚਾਰ ਹੈ ਕਿ ਧੁਰ ਅੰਦਰੋਂ ਸੁੱਚੇ ਬਣ ਕੇ, ਅਰਥਾਤ ਵਿਚਾਰਾਂ ਦੀ ਸੁਚੱਤਾ ਤੇ ਪਵਿੱਤਰਤਾ ਗ੍ਰਹਿਣ ਕਰਕੇ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ।

ਆਪ ਦੀ ਬਾਣੀ ਵਿਚ ਸਮਕਾਲੀ ਹੁਕਮਰਾਨਾਂ ਦੇ ਜ਼ਾਲਮਾਨਾ ਕਿਰਦਾਰ ਦੇ ਨਾਲ-ਨਾਲ ਪਰਜਾ ਦੀ ਅਗਿਆਨਤਾ ਦਾ ਵੀ ਵਿਸਤ੍ਰਿਤ ਚਿੱਤਰ ਅੰਕਿਤ ਹੋਇਆ ਹੈ। ਕੇਵਲ ਹਾਕਮ ਹੀ ਭਟਕੇ ਹੋਏ ਆਦਰਸ਼ਹੀਣ ਨਹੀਂ ਹਨ, ਬਲਕਿ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ, (27) ਅਰਥਾਤ ਪਰਜਾ ਵੀ ਲੋਭੀ, ਅਗਿਆਨੀ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਮੁਰਦੇ ਸਮਾਨ ਹੋ ਚੁੱਕੀ ਹੈ।

ਗੁਰੂ ਜੀ ਨੇ ਦਿਖਾਵੇ ਅਤੇ ਅੰਧ-ਵਿਸ਼ਵਾਸ ਦੇ ਹਰ ਉਸ ਕਰਮ 'ਤੇ ਆਪਣਾ ਵਿਲੱਖਣ ਮੱਤ ਪ੍ਰਗਟਾਇਆ ਹੈ ਜਿਸਨੂੰ ਮਨੁੱਖ ਨੇ ਆਪਣੀ ਜ਼ਿੰਦਗੀ ਦਾ ਅਭਿੰਨ ਅੰਗ ਮੰਨਿਆ ਹੋਇਆ ਸੀ। ਆਪ ਨੇ ਪੰਡਿਤਾਈ ਅਤੇ ਸਦਾਚਾਰ ਵਿਚਲੇ ਅੰਤਰ ਨੂੰ ਦਰਸਾਉਣ ਲਈ ਧਾਰਮਿਕ ਪੁਸਤਕਾਂ ਦੇ ਨਿਰੰਤਰ ਪਾਠ ਦਾ ਵੀ ਖੰਡਨ ਕੀਤਾ ਹੈ। ਆਪ ਦਾ ਕਥਨ ਹੈ: ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (467)

ਗੁਰੂ ਜੀ ਦਾ ਸਪਸ਼ਟ ਫਰਮਾਨ ਹੈ ਕਿ 'ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ' ਨਾਲੋਂ ਵੱਧ ਸੱਚੇ-ਸੁੱਚੇ ਆਚਾਰ-ਵਿਹਾਰ, ਸਦਾਚਾਰ ਅਤੇ ਜੀਵਨ ਵਿਚ ਧਾਰਨ ਕੀਤੀਆਂ ਸੁੱਚੀਆਂ ਕਦਰਾਂ-ਕੀਮਤਾਂ ਨੇ ਹੀ ਕੰਮ ਆਉਣਾ ਹੈ।

ਗੁਰੂ ਸਾਹਿਬ ਨੇ 1526 ਈ. ਵਿਚ ਬਾਬਰ ਦੇ ਹੋਏ ਭਿਆਨਕ ਹਮਲੇ ਨੂੰ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ (29) ਅਤੇ 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ' ਕਹਿ ਕੇ ਨਿਹੱਥੇ ਭਾਰਤੀਆਂ ਉਪਰ ਹੋਏ ਜ਼ੁਲਮਾਂ ਦੀ ਦਾਸਤਾਂ ਦਾ ਦਰਦਨਾਕ ਚਿੱਤਰ ਅੰਕਿਤ ਕਰਦਿਆਂ ਆਪਣੀ ਬਾਣੀ ਦੁਆਰਾ ਭਾਰਤੀ ਔਰਤਾਂ ਦੀ ਹੋਈ ਨਿਰਾਦਰੀ ਦੀ ਪੀੜਾ ਨੂੰ ਜ਼ੁਬਾਨ ਦਿੱਤੀ ਹੈ। ਆਪ ਨੇ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ (30) ਅਤੇ 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ' ਕਹਿ ਕੇ 'ਪਰਮਾਤਮਾ' ਨੂੰ ਵੀ ਉਲਾਂਭਾ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ 'ਚ ਆਈ ਗਿਰਾਵਟ ਅਤੇ ਪਤਨ ਲਈ ਜਿੱਥੇ ਹਾਕਮਾਂ, ਅਹਿਲਕਾਰਾਂ ਅਤੇ ਭ੍ਰਿਸ਼ਟ ਪ੍ਰਸ਼ਾਸਨ ਨੂੰ ਦੋਸ਼ੀ ਮੰਨਿਆ, ਉਥੇ ਧਰਮ ਦੇ ਤਿੰਨ ਅਖੌਤੀ ਠੇਕੇਦਾਰਾਂ-ਕਾਜ਼ੀਆਂ, ਬ੍ਰਾਹਮਣਾਂ ਅਤੇ ਜੋਗੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਹੈ। ਉਹ ਨਿਡਰ, ਨਿਸ਼ੰਗ ਅਤੇ ਬੇਬਾਕ ਹੋ ਕੇ ਕਹਿੰਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਨਾਨਕ ਬਾਣੀ ਵਿਚ ਤਰਕਸ਼ੀਲ ਤੱਤ ਅਤੇ ਵਿਦਰੋਹੀ ਸੁਰ

**(ਸਫਾ 22 ਦੀ ਬਾਕੀ)**

ਜੋਗੀ ਜੁਗਤਿ ਨ ਜਾਣੈ ਅੰਧੁ।। ਤੀਨੋ ਉਜਾੜੇ ਕਾ ਬੰਧੁ।।
(ਆਦਿ ਗ੍ਰੰਥ, ਪੰਨਾ 662)

ਆਪ ਦਾ ਕਥਨ ਹੈ ਕਿ ਕਾਜ਼ੀ ਝੂਠ ਬੋਲ ਕੇ ਹਰਾਮ ਖਾਂਦੇ ਹਨ, ਬ੍ਰਾਹਮਣ ਜੀਵਾਂ ਨੂੰ ਮਾਰ, ਨਹਾ ਧੋ ਕੇ ਆਪਣੇ ਆਪ ਨੂੰ ਪਵਿੱਤਰ ਸਮਝਦੇ ਹਨ। ਜੋਗੀ ਅੰਨ੍ਹੇ ਹਨ, ਜੋਗ ਦੀ ਜੁਗਤ ਨਹੀਂ ਜਾਣਦੇ। ਇਹ ਤਿੰਨੋ ਹੀ ਸਮਾਜ ਨੂੰ ਉਜਾੜੇ ਵੱਲ ਲੈ ਕੇ ਜਾ ਰਹੇ ਹਨ। ਗੁਰੂ ਸਾਹਿਬ ਦਾ ਸਾਫ, ਸਰਲ ਅਤੇ ਸਪਸ਼ਟ ਮੱਤ ਹੈ ਕਿ ਜਿੰਨਾ ਚਿਰ ਸੱਚ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਨੂੰ ਜੀਵਨ ਵਿਚ ਅਪਣਾਇਆ ਨਹੀਂ ਜਾਂਦਾ ਅਤੇ ਕਹਿਣੀ ਤੇ ਕਰਨੀ ਵਿਚ ਸੁਮੇਲ ਨਹੀਂ, ਉਨਾ ਚਿਰ ਪ੍ਰਸਥਿਤੀਆਂ ਪਰਿਵਰਤਿਤ ਨਹੀਂ ਹੋ ਸਕਦੀਆਂ।

ਗੁਰੂ ਨਾਨਕ ਦੇਵ ਜੀ ਦਾ ਜਨ-ਕਲਿਆਣ ਹਿੱਤਕਾਰੀ ਫਲਸਫਾ ਸਰਬ ਸਾਂਝੀਵਾਲਤਾ ਅਤੇ ਵਿਸ਼ਵ ਭਾਈਚਾਰੇ ਵਿਚ ਏਕਤਾ ਦੀ ਸਥਾਪਤੀ ਲਈ ਇਕ ਵਿਚਾਰਨਯੋਗ ਮਾਡਲ ਹੈ। ਆਪ ਦਾ ਜੀਵਨ-ਦਰਸ਼ਨ ਅਣਉਚਿਤ, ਅਯੋਗ, ਅਸਾਵੀਂ, ਅਨਿਆਪੂਰਨ, ਅੱਤਿਆਚਾਰੀ, ਅੰਦੇਸ਼ਿਆਂ ਅਤੇ ਅੰਧ-ਵਿਸ਼ਵਾਸਾਂ ਭਰਪੂਰ ਸਮਾਜਿਕ ਵਿਵਸਥਾ ਨੂੰ ਪਰਿਵਰਤਿਤ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਆਪ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ 'ਪ੍ਰਭੂ-ਭਗਤੀ' ਵਾਂਗ ਹੀ ਪਵਿੱਤਰ ਸਮਝਦੇ ਸਨ। ਆਪ ਨੇ ਕਰਤਾਰਪੁਰ (ਪਾਕਿਸਤਾਨ) ਵਿਖੇ ਖੁਦ ਖੇਤੀ ਕਰਕੇ ਕਿਰਤ ਨੂੰ ਮਹਾਨਤਾ ਪ੍ਰਦਾਨ ਕੀਤੀ। ਆਪ ਨੇ ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ, ਅਰਥਾਤ ਪਰਾਇਆ ਦਰਦ ਵੰਡਾਉਣ ਦਾ ਆਦਰਸ਼ ਸਥਾਪਿਤ ਕੀਤਾ। ਇਹ ਭਾਵਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ।

ਪਰ ਆਧੁਨਿਕ ਜੁੱਗ ਦੀਆਂ ਪਦਾਰਥਕ ਰੁਚੀਆਂ ਅਧੀਨ ਅਸੀਂ ਆਪਣੇ ਮਹਾਨ ਸੰਤ-ਸਤਿਗੁਰੂਆਂ ਦੀ ਵਿਚਾਰਧਾਰਾ ਤੋਂ ਵਿਵਹਾਰਿਕ ਰੂਪ ਵਿਚ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਗੁਰੂ ਜੀ ਵੱਲੋਂ ਬਾਣੀ ਵਿਚ ਪ੍ਰਸਤੁਤ ਸਮਕਾਲੀਨ ਦ੍ਰਿਸ਼ਟਾਂਤ ਅਜੋਕੇ ਸਮੇਂ ਦੀਆਂ ਸਥਿਤੀਆਂ ਨਾਲ ਕਿੰਨਾ ਮੇਲ ਖਾਂਦੇ ਹਨ, ਇਸਨੂੰ ਵਾਚਦਿਆਂ ਮੱਧਕਾਲੀਨ ਅਤੇ ਵਰਤਮਾਨ ਹਾਲਾਤ ਵਿਚ ਕੋਈ ਬਹੁਤਾ ਅੰਤਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। 555 ਸਾਲ ਉਪਰੰਤ ਅੱਜ ਵੀ ਪਿੰਡਾਂ ਵਿਚ ਜਾਤ-ਆਧਾਰਿਤ ਸ਼ਮਸ਼ਾਨ ਭੂਮੀਆਂ ਕਾਇਮ ਹਨ ਅਤੇ ਖੁੰਬਾਂ ਵਾਂਗ ਉਗਦੇ ਧਾਰਮਿਕ ਸਥਾਨ ਹੋਂਦ ਵਿਚ ਆ ਰਹੇ ਹਨ। ਅੱਜ ਵੀ ਲੋਕ ਮਾਨਸਿਕਤਾ ਵਿਚ ਜਾਤਾਂ, ਗੋਤਾਂ, ਰੰਗਾਂ, ਨਸਲਾਂ, ਸ਼ਕਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਮੌਜੂਦ ਹਨ।

ਅਖੌਤੀ ਨਿਮਨ ਵਰਗ ਪ੍ਰਤੀ ਨਫਰਤ ਅੱਜ ਵੀ ਜਾਰੀ ਹੈ। ਔਰਤ ਦੀ ਸ਼ਰੇਆਮ ਨਿਰਾਦਰੀ ਅੱਜ ਵੀ ਹੋ ਰਹੀ ਹੈ ਅਤੇ ਕੁੱਖਾਂ ਵਿਚ ਧੀਆਂ ਅੱਜ ਵੀ ਕਤਲ ਹੁੰਦੀਆਂ ਹਨ। ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਨਸ਼ਾਖੋਰੀ, ਸੁਕਿਰਤ ਤੋਂ ਬੇਮੁੱਖਤਾ ਤੇ ਬੇਰੁਖੀ, ਬਦਇਖਲਾਕੀ, ਬੇਈਮਾਨੀ, ਬੇਕਾਇਦਗੀ, ਬੇਗੈਰਤੀ, ਬੇਤਰਸੀ, ਬੇਦਰਦੀ, ਬੇਪਰਤੀਤੀ, ਬੇਵਿਸ਼ਵਾਸੀ, ਬੇਪਰਵਾਹੀ, ਬੇਵਫਾਈ ਤੇ ਬੇਲਿਹਾਜ਼ੀ ਅਜੋਕੇ ਮਨੁੱਖ ਦੀ ਵਿਸ਼ੇਸ਼ਤਾ ਬਣ ਗਏ ਹਨ।

ਅੱਜ ਗੁਰੂ ਨਾਨਕ ਦੇਵ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹਾ ਹੈ। ਲੋਭ, ਲਾਲਚ, ਲਾਲਸਾ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਮਹਾਨ ਵਿਵਹਾਰਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਜਿਸ ਬ੍ਰਾਹਮਣਵਾਦੀ ਕਰਮਕਾਂਡ, ਵਰਣ-ਵੰਡ, ਆਡੰਬਰ ਤੇ ਪਾਖੰਡ ਦਾ ਆਪ ਨੇ ਖੰਡਨ ਕੀਤਾ, ਉਸਨੂੰ ਹੀ ਪੂਰੀ ਤਰ੍ਹਾਂ ਅਪਣਾ ਲਿਆ ਗਿਆ ਹੈ। ਗੁਰੂ ਜੀ ਅੰਧ-ਵਿਸ਼ਵਾਸਾਂ ਅਤੇ ਚਮਤਕਾਰਾਂ ਵਿਚ ਯਕੀਨ ਨਹੀਂ ਰੱਖਦੇ ਸਨ। ਉਹ ਤਰਕਸ਼ੀਲ ਮਹਾਂਮਾਨਵ ਸਨ, ਪਰ ਬਹੁਤ ਸਾਰੇ ਚਮਤਕਾਰ ਉਨ੍ਹਾਂ ਨਾਲ ਵੀ ਜੋੜ ਦਿੱਤੇ ਗਏ ਹਨ।


ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਤੇ ਮੁੱਢਲੀ ਰੁਚੀ ਪਰਾ-ਭੌਤਿਕ ਸਿਧਾਂਤ ਨਾਲੋਂ ਵੀ ਵੱਧ ਮਨੁੱਖ ਤੇ ਉਸਦੀ ਹੋਂਦ, ਹੋਣੀ, ਤਰਕਸ਼ੀਲ ਸੋਚ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਵਿਚ ਹੈ। ਇਹੀ ਆਪ ਜੀ ਦਾ ਮਾਨਵਵਾਦੀ ਸੰਦੇਸ਼ ਹੈ। ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਵਿਵਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰਨ ਦਾ ਯਤਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਸਿੱਧ ਹੋ ਸਕਦੇ ਹਨ।

### ਹਵਾਲੇ ਤੇ ਟਿੱਪਣੀਆਂ


1. ਆਦਿ ਗ੍ਰੰਥ, ਪੰਨਾ 62
2. ਉਹੀ, ਪੰਨਾ 1189
3. ਗੋਬਿੰਦ ਸਿੰਘ ਲਾਂਬਾ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 427, ਭਾਸ਼ਾ ਵਿਭਾਗ ਪਟਿਆਲਾ, 1971
4. ਉਧ੍ਰਿਤ, ਡਾ. ਸੀਤਾ ਰਾਮ ਬਾਹਰੀ, ਪੰਜਾਬੀ ਦੁਨੀਆ, ਪੰਨਾ 101, ਜਨਵਰੀ-ਫਰਵਰੀ 1970, ਭਾਸ਼ਾ ਵਿਭਾਗ ਪੰਜਾਬ।
5. ਡਾ. ਬਾਬਾ ਸਾਹਿਬ ਅੰਬੇਡਕਰ ਰਾਇਟਿੰਗਸ ਐਂਡ ਸਪੀਚਜ਼, ਬੰਬਈ 1989, ਵਾਲਿਊਮ 1, ਪੰਨਾ 43
6. ਗੋਬਿੰਦ ਸਿੰਘ ਲਾਂਬਾ, ਉਹੀ, ਪੰਨਾ 427
7. ਆਦਿ ਗ੍ਰੰਥ, ਪੰਨਾ 991
8. ਡਾ. ਸੀਤਾ ਰਾਮ ਬਾਹਰੀ, ਉਹੀ, ਪੰਨਾ 94
9. ਆਦਿ ਗ੍ਰੰਥ, ਪੰਨਾ 472
10. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 505
11. ਮਨੂੰ ਸਿਮ੍ਰਿਤੀ, 1/36, ਪੰਨਾ 14, ਭਾਸ਼ਾ ਵਿਭਾਗ, ਪੰਜਾਬ 1989
12. ਮਹਾਨ ਕੋਸ਼, ਪੰਨਾ 664, ਨੈਸ਼ਨਲ ਬੁਕ ਸ਼ਾਪ, ਦਿੱਲੀ, 1998
13. ਡਾ. ਟੀ. ਆਰ. ਸ਼ੰਗਾਰੀ, ਜਪੁਜੀ ਸਾਹਿਬ, ਪੰਨਾ 162, ਰ.ਸ.ਬ. 2009
14. ਉਧ੍ਰਿਤ, ਉਹੀ, ਪੰਨਾ 166
15. ਆਦਿ ਗ੍ਰੰਥ, ਪੰਨਾ 473
16. ਮਨੂੰ ਸਿਮ੍ਰਿਤੀ, 1/99, ਉਹੀ
17. ਉਹੀ, 1/100, ਉਹੀ
18. ਉਹੀ, 1/101, ਉਹੀ
19. ਡਾ. ਬਾਬਾ ਸਾਹਿਬ ਅੰਬੇਡਕਰ ਰਾਇਟਿੰਗਜ਼ ਐਂਡ ਸਪੀਚਜ਼, ਵਾਲਿਊਮ 17, ਭਾਗ 2
20. ਡਾ. ਕਰਨਜੀਤ ਸਿੰਘ, ਵਿਸਮਾਦ ਨਾਦੁ, ਪੰਨਾ 410, ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁ-ਧਿਆਣਾ, 1994
21. ਮਨੂੰ ਸਿਮ੍ਰਿਤੀ, 5/148, ਪੰਨਾ 108, ਉਹੀ
22. ਸ੍ਰੀਮਦ ਭਗਵਦਗੀਤਾ, 9/32, ਪੰਨਾ 140, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2049
23. ਆਦਿ ਗ੍ਰੰਥ, ਪੰਨਾ 473
24. ਡਾ. ਕਰਨਜੀਤ ਸਿੰਘ, ਉਹੀ, ਪੰਨਾ 410
25. ਉਹੀ, ਪੰਨਾ 473
26. ਮਹਾਨ ਕੋਸ਼, ਪੰਨਾ 1010
27. ਆਦਿ ਗ੍ਰੰਥ, ਪੰਨਾ 468
28. ਉਹੀ, ਪੰਨਾ 467
29. ਉਹੀ, ਪੰਨਾ 722-23
30. ਉਹੀ, ਪੰਨਾ 360


# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼


ਸ੍ਰੀ ਸੀ. ਐਲ਼. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ਼ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।




ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ਼. ਏ. ਚੁਣੇ, ਅਛੂਤਾਂ




ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ।

ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ।

ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾ-ਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ।

ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**- ਪ੍ਰੋ. ਗੁਰਨਾਮ ਸਿੰਘ, ਮੁਕਤਸਰ**

**ਧੰਨਵਾਦ ਸਹਿਤ ਸ. ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

# 26 ਨਵੰਬਰ ਲਈ ਭਾਰਤੀ ਸੰਵਿਧਾਨ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਕਿਸੇ ਦੇਸ਼ ਦਾ ਸੰਵਿਧਾਨ ਉਸ ਦੀ ਤਾਕਤ ਦਾ ਥੰਮ ਹੁੰਦਾ ਹੈ। ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਜੇਕਰ ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਅੰਤਰ-ਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐਮ ਐਨ ਰਾਓ ਨੇ 1934 ਵਿੱਚ ਦਿੱਤਾ ਸੀ ਜਿਸਨੂੰ ਕਾਂਗਰਸ ਨੇ 1935 ਵਿੱਚ ਸਵਿਕਾਰ ਕਰ ਲਿਆ। ਬਰਤਾਨੀਆ ਸਰਕਾਰ ਨੇ 1940 ਵਿੱਚ ਇੱਕ ਪ੍ਰਸਤਾਵ ਪੇਸ ਕੀਤਾ ਜਿਸਨੂੰ ਅਗਸਤ ਆਫਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਭਾਰਤ ਵਾਸੀਆਂ ਵਲੋਂ ਅਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਂਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਪ੍ਰਮੁੱਖ ਮੈਂਬਰ ਸ਼ਾਮਲ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਊਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੂਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਸਰਦਾਰ ਹੁਕਮ ਸਿੰਘ ਅਪ੍ਰੈਲ 1948 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਸੰਵਿਧਾਨ ਸਭਾ ਲਈ ਚੁਣੇ ਗਏ ਸਨ।ਚੁਣੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਉਸਨੇ ਸੰਵਿਧਾਨ ਦੇ ਅਨੁਛੇਦ ਜੋ ਅਨੁਸੂਚਿਤ ਜਾਤੀਆਂ ਦਾ ਹਵਾਲਾ ਦਿੰਦੇ ਹਨ ਵਿੱਚ ਸੋਧ ਕਰਨ ਲਈ ਇੱਕ ਮਤਾ ਪੇਸ਼ ਕੀਤਾ ਜਿਸ ਵਿੱਚ ਸ਼ਬਦ ਅਨੁਸੂਚਿਤ ਜਾਤੀਆਂ ਨੂੰ ਕਿਸੇ ਵੀ ਵਰਗ ਜਾਂ ਧਰਮ ਦੇ ਪੱਛੜੇ ਭਾਈਚਾਰੇ ਸ਼ਬਦਾਂ ਨਾਲ ਬਦਲਿਆ ਗਿਆ।ਉਹ ਸੰਵਿਧਾਨ ਵਿੱਚ ਸਿੱਖ ਅਨੁਸੂਚਿਤ ਜਾਤੀਆਂ ਨੂੰ ਹਿੰਦੂ ਅਨੁਸੂਚਿਤ ਜਾਤੀਆਂ ਦੇ ਹਿੱਸੇ ਵਜੋਂ ਸ਼ਾਮਲ ਕਰਨ ਅਤੇ ਭਾਈਚਾਰੇ ਨੂੰ ਇੱਕ ਵੱਖਰਾ ਧਾਰਮਿਕ ਦਰਜਾ ਨਾ ਦੇਣ ਦੇ ਵਿਰੁੱਧ ਸੀ।ਇੱਕ ਹੋਰ ਸਿੱਖ ਨੁਮਾਇੰਦੇ ਭੁਪਿੰਦਰ ਸਿੰਘ ਮਾਨ ਦੇ ਨਾਲਹੁਕਮ ਸਿੰਘ ਨੇ ਸੰਵਿਧਾਨ ਦੇ ਖਰੜੇ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ।ਉਨ੍ਹਾਂ ਕਿਹਾਕਿ ਘੱਟ ਗਿਣਤੀਆਂ ਅਤੇ ਸਿੱਖਾਂ ਨੂੰ ਅਣਗੌਲਿਆ ਕੀਤਾ ਗਿਆ ਹੈ ਅਤੇ ਇਸ ਵਿੱਚ ਸਿੱਖਾਂ ਦੀ ਵਖਰੀ ਪਹਿਚਾਣ ਅਤੇ ਅਧਿਕਾਰ ਸੁਰੱਖਿਅਤ ਨਹੀਂ ਹਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਰਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾ ਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਆਈ ਸੀ ਐਸ ਅਧਿਕਾਰੀ ਸਰ ਬੈਨੇਗਲ ਨਾਰਸਿੰਗ ਰਾਓ ਜੋਕਿ ਬੰਗਾਲ ਹਾਈ ਕੌਰਟ ਦੇ ਜੱਜ ਰਹੇ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਦੀ ਮੌਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭੱਗ 166 ਮੀਟਿੰਗਾਂ ਕੀਤੀਆਂ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ਼ ਕੀਤਾ ਗਿਆ। ਡਰਾਫਟ ਸਬੰਧੀ ਸੰਵਿਧਾਨ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ ਲੱਗਭੱਗ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਵੀ ਕਾਫੀ ਕੁੱਝ ਲਿਆ ਗਿਆ ਹੈਜਿਨ੍ਹਾਂ ਵਿੱਚ ਬ੍ਰਿਟ੍ਰਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਭਾਰਤੀ ਸੰਵਿਧਾਨ ਸਬੰਧੀ ਸਾਰੀ ਕਾਰਵਾਈ 26 ਨਵੰਬਰ 1949 ਨੂੰ ਮੁਕੰਮਲ ਹੋ ਗਈ ਅਤੇ ਸੰਵਿਧਾਨ ਸਭਾ ਨੇ ਸੰਵਿਧਾਨ ਨੂੰ ਸਵਿਕਾਰ ਕਰ ਲਿਆ ਸੀ। ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।ਭਾਰਤੀ ਸੰਵਿਧਾਨ ਅਸਲ ਵਿੱਚ ਅੰਗਰੇਜ਼ੀ ਵਿੱਚ ਲਿਖਿਆ ਗਿਆ ਸੀ ਅਤੇ ਅੰਗਰੇਜ਼ੀ ਤੋਂ ਇਲਾਵਾ ਹਿੰਦੀ ਵਿੱਚ ਵੀ ਹੈ ਜੋ 1950 ਵਿੱਚ ਸੰਵਿਧਾਨ ਸਭਾ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸਾਦ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਲੱਗਭੱਗ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਵਿੱਚ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੂਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8, 9, 60, 324, 366, 367, 379, 380, 388, 391, 392, 393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ ਸਨ। ਭਾਰਤੀ ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮ ਮਨੋਹਰ ਸਿਨਹਾ ਅਤੇ ਨੰਦ ਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਮੁਕੰਮਲ ਰੂਪ ਵਿੱਚ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸੰਵਿਧਾਨ ਵਿੱਚ ਲੋਕਾਂ ਦੀ ਬਿਹਤਰੀ ਲਈ ਬਹੁਤ ਸਾਰੇ ਨਿਯਮ ਬਣਾਏ ਹਨ। ਭਾਰਤ ਰਾਜਾਂ ਦਾ ਸੰਘ ਹੈ ਅਤੇ ਸਰਕਾਰ ਦੀ ਸੰਸਦੀ ਪ੍ਰਣਾਲੀ ਦੇ ਨਾਲ ਇੱਕ ਪ੍ਰਭੂਸੱਤਾ ਸਮਾਜਵਾਦੀ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਹੈ। ਭਾਰਤੀ ਸੰਵਿਧਾਨ ਸਰਕਾਰ ਦੇ ਸੰਸਦੀ ਰੂਪ ਦੀ ਵਿਵਸਥਾ ਕਰਦਾ ਹੈ ਜੋ ਕੁਝ ਇਕਸਾਰ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਢਾਂਚੇ ਵਿੱਚ ਸੰਘੀ ਹੈ। ਸੰਘ ਦੀ ਕਾਰਜਕਾਰਨੀ ਦਾ ਸੰਵਿਧਾਨਕ ਮੁਖੀ ਪ੍ਰਧਾਨ ਹੁੰਦਾ ਹੈ। ਸੰਵਿਧਾਨ ਦੇ ਅਨੁਛੇਦ 79 ਅਨੁਸਾਰ ਸੰਸਦ ਦੀ ਪ੍ਰੀਸ਼ਦ ਵਿੱਚ ਰਾਸ਼ਟਰਪਤੀ ਅਤੇ ਰਾਜ ਸਭਾ ਅਤੇ ਲੋਕ ਸਭਾ ਵਜੋਂ ਜਾਣੇ ਜਾਂਦੇ ਦੋ ਸਦਨ ਸ਼ਾਮਲ ਹੁੰਦੇ ਹਨ। ਸੰਵਿਧਾਨ ਦਾ ਅਨੁਛੇਦ 74 (1) ਉਪਬੰਧ ਕਰਦਾ ਹੈ ਕਿ ਰਾਸ਼ਟਰਪਤੀ ਦੀ ਸਹਾਇਤਾ ਅਤੇ ਸਲਾਹ ਦੇਣ ਲਈ ਪ੍ਰਧਾਨ ਮੰਤਰੀ ਦੇ ਨਾਲ ਹੀ ਇੱਕ ਪਰਿਸ਼ਦ ਹੋਵੇਗੀ। ਇਸ ਤਰ੍ਹਾਂ ਅਸਲ ਕਾਰਜਕਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਮੁਖੀ ਵਜੋਂ ਮੰਤਰੀ ਮੰਡਲ ਵਿੱਚ ਨਿਸ਼ਚਿਤ ਹੁੰਦੀ ਹੈ। ਹਰੇਕ ਰਾਜ ਵਿੱਚ ਇੱਕ ਵਿਧਾਨ ਸਭਾ ਹੈ। ਤੇਲੰਗਣਾ, ਉਤਰਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਆਦਿ ਕਈ ਰਾਜਾਂ ਵਿੱਚ ਇੱਕ ਉੱਪਰੀ ਸਦਨ ਹੈ ਜਿਸਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਹਰੇਕ ਰਾਜ ਦਾ ਇੱਕ ਰਾਜਪਾਲ ਹੋਵੇਗਾ ਅਤੇ ਰਾਜ ਦੀ ਕਾਰਜਕਾਰੀ ਸ਼ਕਤੀ ਉਸ ਕੋਲ ਹੋਵੇਗੀ। ਮੰਤਰੀ ਪਰਿਸ਼ਦ ਜਿਸਦਾ ਪ੍ਰਮੁੱਖ ਮੁੱਖ ਮੰਤਰੀ ਹੈ ਰਾਜਪਾਲ ਨੂੰ ਉਸਦੇ ਕਾਰਜਕਾਰੀ ਕੰਮਾਂ ਵਿੱਚ ਸਲਾਹ ਦਿੰਦੀ ਹੈ। ਰਾਜ ਦੀ ਮੰਤਰੀ ਪਰਿਸ਼ਦ ਸਮੂਹਕ ਤੌਰ ਤੇ ਰਾਜ ਦੀ ਵਿਧਾਨ ਸਭਾ ਦੇ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੀ7ਵੀਂ ਅਨੁਸੂਚੀ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ ਅਤੇ ਲੋਕਾਂ ਦੀ ਭਲਾਈ ਲਈ ਅਧਿਕਾਰ ਮਿਲੇ ਹਨ। ਭਾਰਤ ਦਾ ਸੰਵਿਧਾਨ ਵਿਆਪਕ ਅਤੇ ਲਿਖਤੀ ਹੈ, ਸੰਵਿਧਾਨ ਵਿੱਚ ਚੁਣੇ ਗਏ ਮੈਂਬਰਾਂ ਦੀ ਲੋਕਤੰਤਰੀ ਸਰਕਾਰ ਸ਼ਾਮਲ ਹੈ, ਸੰਵਿਧਾਨ ਲੋਕਾਂ ਨੂੰ ਰਹਿਣ-ਸਹਿਣ, ਵਿਚਾਰ ਪ੍ਰਗਟਾਉਣ, ਸਿੱਖਿਆ, ਯਾਤਰਾ, ਧਰਮ ਆਦਿ ਦੀ ਆਜ਼ਾਦੀ ਦਿੰਦਾ ਹੈ। ਭੂਟਾਨ ਜੋ ਕਿ ਭਾਰਤ ਦਾ ਗੁਆਂਢੀ ਦੇਸ਼ ਹੈ ਨੇ ਵੀ ਭਾਰਤੀ ਲੋਕਤੰਤਰੀ ਪ੍ਰਣਾਲੀ ਨੂੰ ਸਵੀਕਾਰ ਕਰ ਲਿਆ ਹੈ। ਆਰਟੀਕਲ 368 ਸੰਵਿਧਾਨਕ ਸੋਧਾਂ ਦੀ ਪ੍ਰਕਿਰਿਆ ਨੂੰ ਨਿਰਧਾਰਤ ਕਰਦਾ ਹੈ। ਸਾਲ 2000 ਵਿੱਚ ਸੰਵਿਧਾਨ ਦੀ ਜਾਂਚ ਪੜਤਾਲ ਕਰਨ ਲਈ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਕਮਿਸ਼ਨ ਨੇ 31 ਮਾਰਚ 2002 ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਹੈ ਹਾਲਾਂਕਿ ਇਸ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਸਰਕਾਰਾਂ ਨੇ ਸਵੀਕਾਰ ਨਹੀਂ ਕੀਤਾ। ਸੁਪਰੀਮ ਕੋਰਟ ਦੇ ਸੇਵਾ-ਮੁਕਤ ਜੱਜ ਹੰਸ ਰਾਜ ਖੰਨਾ ਨੇ ਆਪਣੀ ਕਿਤਾਬ "ਮੇਕਿੰਗ ਆਫ਼ ਇੰਡੀਆਜ਼ ਕੰਸਟੀਟਿਊਸ਼ਨ'' ਦੇ ਅੰਤ ਵਿੱਚ ਲਿਖਿਆ ਹੈਕਿ ਜੇਕਰ ਭਾਰਤੀ ਸੰਵਿਧਾਨ ਸਾਡੀ ਵਿਰਾਸਤ ਹੈ ਜੋ ਸਾਨੂੰ ਸੌਂਪਿਆ ਗਿਆ ਹੈ ਤਾਂ ਅਸੀਂ ਭਾਰਤ ਦੇ ਲੋਕ ਉਨ੍ਹਾਂ ਕਦਰਾਂ-ਕੀਮਤਾਂ ਦੇ ਟਰੱਸਟੀ ਅਤੇ ਰੱਖਿਅਕਾਂ ਤੋਂ ਘੱਟ ਨਹੀਂ ਹਾਂ ਜੋ ਇਸ ਦੀਆਂ ਵਿਵਸਥਾਵਾਂ ਦੇ ਅੰਦਰ ਧੜਕਦੀਆਂ ਹਨ।ਭਾਰਤੀ ਸੰਵਿਧਾਨ ਸਿਰਫ ਕਾਗਜ਼ ਨਹੀਂ ਹਨ ਇਹ ਜੀਵਨ ਜਿਊਣ ਦਾ ਤਰੀਕਾ ਹੈ ਅਤੇਇਸਦੇ ਰੱਖਿਅਕ ਕੇਵਲ ਲੋਕ ਹਨ। ਸੰਵਿਧਾਨ ਲਾਗੂ ਹੋਣ ਬਾਦ ਇਸ ਵਿੱਚ ਹੁਣ ਤੱਕ 106 ਵਾਰ ਸੋਧਾਂ ਕੀਤੀਆਂ ਗਈਆਂ। ਪਹਿਲੀ ਸੋਧ 18 ਜੂਨ 1951 ਨੂੰ ਕੀਤੀ ਗਈ ਸੀ ਅਤੇ ਹੁਣ ਤੱਕ ਆਖਰੀ 106ਵੀਂ ਸੋਧ 28 ਸਤੰਬਰ 2023 ਨੂੰ ਕੀਤੀ ਗਈ ਹੈ। ਸੰਵਿਧਾਨ ਵਿੱਚ ਸਭ ਤੋਂ ਵੱਧ ਸੋਧਾਂ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਦੌਰਾਨ ਹੀਕੀਤੀਆਂ ਗਈਆਂ ਹਨ। ਸਾਲ 2015 ਵਿੱਚ ਜਦੋਂ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਵੀ ਸੰਵਿਧਾਨ ਦਿਵਸ ਦੇ ਤੋਰ ਤੇ ਮਨਾਉਣ ਦੀ ਘੋਸ਼ਣਾ ਕੀਤੀ ਗਈ। ਭਾਰਤੀ ਸੰਵਿਧਾਨ ਅਤੇ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਦੇਣ ਲਈ 26 ਨਵੰਬਰ 2015 ਨੂੰ ਭਾਰਤੀ ਸੰਸਦ ਦਾ ਵਿਸ਼ੇਸ਼ ਸ਼ੈਸ਼ਨ ਹੋਇਆ ਅਤੇ ਸੰਸਦ ਭਵਨ ਤੇ ਵਿਸ਼ੇਸ਼ ਦੀਪਮਾਲਾ ਕੀਤੀ ਗਈ। ਖੇਡ ਵਿਭਾਗ ਨੇ "ਰਨ ਫਾਰ ਇਕੁਆਲਿਟੀ' ਦਾ ਆਯੋਜਨ ਕੀਤਾ ਸੀ। ਵਿਦੇਸ਼ ਮੰਤਰਾਲਿਆ ਨੇ ਸਮੂਹ ਵਿਦੇਸ਼ੀ ਭਾਰਤੀ ਸਕੂਲਾਂ ਨੂੰ ਵੀ ਸੰਵਿਧਾਨ ਦਿਵਸ ਮਨਾਉਣ ਦੀ ਹਦ-ਾਇਤ ਕੀਤੀ ਅਤੇ ਸਮੂਹ ਦੂਤਘਰਾਂ ਨੂੰ ਵੀ ਭਾਰਤੀ ਸੰਵਿਧਾਨ ਨੂੰ ਉਸ ਦੇਸ਼ ਦੀ ਸਥਾਨਕ ਭਾਸ਼ਾ ਵਿੱਚ ਅਨੁਵਾਦ ਕਰਨ ਅਤੇ ਇਸਨੂੰ ਵੱਖ ਵੱਖ ਅਕੈਡਮੀਆਂ, ਲਾਇਬ੍ਰੇਰੀਆਂ ਆਦਿ ਵਿੱਚ ਵੰਡਣ ਲਈ ਕਿਹਾ ਹੈ। ਭਾਰਤੀ ਸੰਵਿਧਾਨ ਦਾ ਅਰਬੀ ਵਿੱਚ ਅਨੁਵਾਦ ਮੁਕੰਮਲ ਹੋ ਗਿਆ ਹੈ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਇਹ ਕੰਮ ਤੇਜੀ ਨਾਲ ਚੱਲ ਰਿਹਾ ਹੈ। ਆਂਧਰਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ 27 ਨਵੰਬਰ 2019 ਨੂੰ ਵਿਸ਼ਾਖਾਪਟਨਮ ਦੇ ਬੀਚ ਰੋਡ ਤੇ 70ਵੇਂ ਸੰਵਿਧਾਨ ਦਿਵਸ ਦੇ ਮੌਕੇ ਤੇ "ਰਨ ਫਾਰ ਅੰਬੇਡਕਰ'' ਰੈਲੀ ਵਿੱਚ ਹਿੱਸਾ ਲਿਆ। ਸਾਲ 2023 ਵਿੱਚ ਸੰਵਿਧਾਨ ਦਿਵਸ ਮੌਕੇ ਮਣੀਪੁਰ ਸਰਕਾਰ ਨੇ ਧਿਕਾਰਤ ਤੌਰ ਤੇ ਭਾਰਤੀ ਸੰਵਿਧਾਨ ਦਾ ਦੋਭਾਸ਼ੀ ਸੰਸਕਰਣ ਮੇਈਟੀ ਭਾਸ਼ਾ ਜਿਸਨੂੰ ਅਧਿਕਾਰਤ ਤੌਰ ਤੇ ਮਨੀਪੁਰੀ ਕਿਹਾ ਜਾਂਦਾ ਹੈ ਅਤੇ ਅੰ-ਗਰੇਜ਼ੀ ਵਿੱਚ ਜਾਰੀ ਕੀਤਾ। ਇੰਫਾਲ ਵਿੱਚ ਮੁੱਖ ਮੰਤਰੀ ਸਕੱਤਰੇਤ ਵਿੱਚ ਸੰਵਿਧਾਨ ਦੀ 105ਵੀਂ ਸੰਸ਼ੋਧਨ ਤੱਕ ਦੀ ਸਮੱਗਰੀ ਰੱਖਣੀ ਇਸ ਦੇ ਇਤਿਹਾਸ ਵਿੱਚ ਆਪਣੀ ਕਿਸਮ ਦੀ ਪਹਿਲੀ ਵਾਰ ਪ੍ਰਕਾਸ਼ਨ ਬਣ ਗਈ ਹੈ। ਇਸ ਨੂੰ ਮਨੀਪੁਰ ਰਾਜ ਦੇ ਸਾਰੇ ਵਿਦਿਅਕ ਅਦ-ਾਰਿਆਂ, ਸਰਕਾਰੀ ਦਫ਼ਤਰਾਂ ਅਤੇ ਜਨਤਕ ਲਾਇਬ੍ਰੇਰੀਆਂ ਵਿੱਚ ਹਰ ਕਿਸੇ ਲਈ ਪਹੁੰ-ਚਯੋਗ ਬਣਾਇਆ ਗਿਆ ਹੈ। "ਨਿਆਂ, ਸਮ-ਾਜਿਕ, ਆਰਥਿਕ ਅਤੇ ਰਾਜਨੀਤਿਕ; ਵਿਚਾਰ, ਪ੍ਰਗਟਾਵੇ, ਵਿਸ਼ਵਾਸ, ਵਿਸ਼ਵਾਸ ਅਤੇ ਪੂਜਾ ਦੀ ਆਜ਼ਾਦੀ, ਰੁਤਬੇ ਅਤੇ ਮੌਕੇ ਦੀ ਸਮਾਨਤਾ ਅਤੇ ਉਹਨਾਂ ਵਿੱਚ ਸਾਰੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ ਨਾਗਰਿਕਾਂ ਦੀ ਸ਼ਾਨ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਹੈ। ਸੰਵਿਧਾਨ ਦਿਵਸ ਨੂੰ ਰਾਸ਼ਟਰੀ ਕਾਨੂੰਨ ਦਿਵਸ ਵੀ ਕਿਹਾ ਜਾਂਦਾ ਹੈ। ਸੰਵਿਧਾਨ ਦਿਵਸ ਤੇ ਸਿੱਖਿਆ ਅਤੇ ਸਾਖਰਤਾ ਵਿਭਾਗ ਦੇ ਨਿ-ਰਦੇਸ਼ਾਂ ਅਨੁਸਾਰ ਸਾਰੇ ਵਿਦਿਆਰਥੀਆਂ ਦੁਆਰਾ ਸਾਰੇ ਸਕੂਲਾਂ ਵਿੱਚ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ ਜਾਵੇਗੀ। ਇਸ ਤੋਂ ਇਲਾਵਾ ਸੰਵਿਧਾਨ ਦੇ ਵਿਸ਼ੇ ਤੇ ਆਨਲਾਈਨ ਅਤੇ ਆਫ਼ਲਾਈਨ ਦੋਵੇਂ ਤਰ੍ਹਾਂ ਦੇ ਕੁਇਜ਼ ਅਤੇ ਲੇਖ ਮੁਕਾਬਲੇ ਕਰਵਾਏ ਜਾਣਗੇ। ਹਰ ਸਕੂਲ ਵਿੱਚ ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਲੈਕਚਰ ਕਰਵਾਏ ਜਾਣਗੇ।

ਵਿਦੇਸ਼ ਮੰਤਰਾਲੇ ਨੇ ਸਾਰੇ ਵਿਦੇਸ਼ੀ ਭਾਰਤੀ ਸਕੂਲਾਂ ਨੂੰ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਉਣ ਦਾ ਨਿਰਦੇਸ਼ ਦਿੱਤਾ ਹੈ। ਭਾਰਤੀ ਸੰਵਿਧਾਨ ਨੇ ਸਾਡੇ ਦੇਸ਼ ਨੂੰ ਇੱਕ ਦਿਸ਼ਾ ਅਤੇ ਸਾਡੇ ਨੇਤਾਵਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਦਿੱਤਾ ਹੈ। ਰਾਸ਼ਟਰੀ ਸੰਵਿਧਾਨ ਦਿਵਸ ਭਾਰਤੀ ਸੰਵਿਧਾਨ ਦੇ ਸਨਮਾਨ ਦਾ ਪ੍ਰਤੀਕ ਹੈ। ਇਹ ਇੱਕ ਮਜ਼ਬੂਤ ??ਅਤੇ ਸ਼ਾਂਤੀਪੂਰਨ ਸਮਾਜ ਦਾ ਆਧਾਰ ਹੈ। ਰਾਸ਼ਟਰੀ ਸੰਵਿਧਾਨ ਦਿਵਸ ਸਾਨੂੰ ਇਸਦੀ ਮਹੱਤਤਾ ਨੂੰ ਯਾਦ ਕਰਾਉਣ ਅਤੇ ਇਸਦੀ ਹੋਂਦ ਦਾ ਜਸ਼ਨ ਮਨਾਉਣ ਦਾ ਇੱਕ ਤਰੀਕਾ ਹੈ।

ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਕਈ ਵਾਰ ਨਾਕਾਮੀਆਂ ਰਹਿੰਦੀਆਂ ਹਨ ਜਿਸ ਕਾਰਨ ਦੇਸ਼ ਦੇ ਕਈ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਕਈ ਵਾਰ ਸੰਵਿਧਾਨ ਦੀ ਦੁਰਵਰਤੋਂ ਅਤੇ ਇਸ ਵਿੱਚ ਨਜਾਇਜ਼ ਬਦਲਾਓ ਕਰਨ ਦੀਆਂ ਕੋਸ਼ਿਸ਼ਾਂ ਵਰਗੇ ਗੰਭੀਰ ਸਵਾਲ ਚਰਚਾ ਦਾ ਵਿਸ਼ਾ ਬਣ ਰਹੇ ਹਨ। ਸੰਵਿਧਾਨ ਦੀ ਮਹੱਤਤਾ ਕਾਇਮ ਰੱਖਣ ਲਈ ਨੀਤੀ ਨਿਰਮਾਤਾਵਾਂ ਅਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ।




'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


ਗਦਰ ਲਹਰਿ ਦੇ ਸ਼ਹੀਦਾਂ ਦੀ ਯਾਦ ਚ ਸ਼ਹੀਦੀ ਸਮਾਗਮ
ਸ਼ਹੀਦੋ ਕੀ ਚੀਤਾਓ ਪਰ ਲਗੇਂਗੇ ਹਰ ਬਰਸ ਮੇਲੇ ਵਤਨ ਪਰ ਮੀਟਨੇ ਵਾਲੋਂ ਕਾ ਯਹੀ ਨੀਸ਼ਾਨ ਹੋਗਾ
In the Memory of G. Rattan Singh
& Sub. Rattan Singh
Vishnu Ganesh Pingle
Kartar Singh Sarabha
Jagat Singh
Harnam Singh
Surain Singh
Surain Singh
Bakshish Singh
INVITATION
Seminar dedicated to Gadhar Party and Its struggle in the freedom fight in India from the clutches of British Empire is organized by the Indo-American Heritage Foundation, New York. The organization cordially invites you with family and friends to come and participate in this function to pay homage to these Freedom Fighters who laid down their lives for the country. The Seminar will be loaded with progressive views and opinions and for promotion of Punjabi Language. Parking is free. Hot tea with snacks and then the lunch will be served. Following speakers will address the audience.
Jaswinder Pal Singh
Kashmir Singh
Bakersfield CA
Prof. Pritam Singh
Oxford University, UK
Dr. Swaiman Singh
Resham Singh Resham
(Singer)
Jasvir singh Deol
MLA Alberta
Canada
ਆਦਰਯੋਗ ਦੋਸਤੋ, ਭੈਣੋ ਅਤੇ ਭਰਾਵੋ
ਹਿੰਦੋਸਤਾਨ ਦੀ ਆਜ਼ਾਦੀ ਦੇ ਮੋਢੀ ਪਰਵਾਨਿਆਂ (ਕੂਕਾ ਲਹਰਿ), ਗਦਰੀ ਬਾਬਿਆਂ, ਅਕਾਲੀ ਬੱਬਰਾਂ, ਗਦਰੀ ਲਹਿਰਾਂ ਅਤੇ ਪੰਜਾਬੀ ਭਾਸ਼ਾ ਨੂੰ ਸਮੱਰਪਿਤ ਸੈਮੀਨਾਰ ਕਰਵਾਇਆ ਜਾ ਰਿਹਾ ਹੈ।
ਟਰਾਈ ਸਟੇਟ ਦੀਆਂ ਅੱਡ-ਅੱਡ ਜੱਥੇਬੰਦੀਆਂ ਦੇ ਬੁਲਾਰੇ ਹਿੰਦੋਸਤਾਨ ਦੀ ਆਜ਼ਾਦੀ ਵਾਰੇ ਵਿਚਾਰ ਸਾਂਝੇ ਕਰਨਗੇ। ਪ੍ਰੋਗ੍ਰਾਮ ਪਰਿਵਾਰਕ ਹੋਵੇਗਾ ਜੋ ਵਿਸ਼ਾਲ ਏਕਤਾ ਦਾ ਅਤੇ ਵਿਸ਼ਾਲ ਪਲੇਟ ਫ਼ਾਰਮ ਦਾ ਪ੍ਰਤੀਕ ਹੋਵੇਗਾ।
ਸਥਾਨ: 100 ਲੇਕਵਿੱਲ ਰੋਡ ਨਿਊ ਹਾਈਡ ਪਾਰਕ, ਲਾਂਗ ਆਈਲੈਂਡ
100 Lakeville Road New Hyde Park, Long Island
ਕਾਰ ਪਾਰਕਿੰਗ: ਮੁਫ਼ਤ ਸੁਵਿੱਧਾ ਹੈ।
ਤਾਰੀਖ: 30-11-2024 ਸਨਿਚਰ ਵਾਰ ਨਵੰਬਰ ਤੀਹ, ਵੀਹ ਸੌ ਚੌਵੀਂ
ਸਮਾਂ: ਸਵੇਰੇ 11.00 ਤੋਂ ਸ਼ਾਮੀ 5.00 ਵਜੇ ਤਕ
ਸਵੇਰੇ: ਚਾਹ ਦਾ ਲੰਗਰ ਹੋਵੇਗਾ। ਉਪਰੰਤ ਦੁਪਹਿਰ: ਪਰਸ਼ਾਦੇ ਦਾ ਲੰਗਰ ਵਰਤੇਗਾ।
ਖਾਸ: ਇਤਿਹਾਸਕ ਕਿਤਾਬਾਂ ਦਾ ਸਟਾਲ ਹੋਵੇਗਾ। ਕਿਤਾਬਾਂ ਪੜ੍ਹੋ ਅਤੇ ਮਾਣਮੱਤੇ ਇਤਿਹਾਸ ਤੋਂ ਜਾਣੂ ਹੋ ਕੇ ਲਾਭ ਪ੍ਰਾਪਤ ਕਰੋ।
ਆਪਣੇ ਪਰਿਵਾਰ ਅਤੇ ਦੋਸਤਾਂ ਸਮੇਤ ਸਮੇਂ ਸਿਰ ਹੁੰਮ-ਹੁੰਮਾਂ ਕੇ ਪਹੁੰਚੋ ਤੇ ਸੁਹਿਰਦ ਬੁਲਾਰਿਆਂ, ਕਵੀਸ਼ਰਾਂ ਅਤੇ ਨਾਮਵਾਰ ਗਾਇਕਾਂ ਨੂੰ ਸੁਣਕੇ ਅੱਣਖੀ ਵਿਰਸੇ ਨੂੰ ਸਮੱਰਪਿਤ ਹੋਵੋ।
ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫਾਉਂਡੇਸ਼ਨ ਨਿਊਯਾਰਕ।
ਵੱਧ ਜਾਣਕਾਰੀ ਲਈ ਫ਼ੋਨ ਕਰੋ: ਮਨਮੋਹਨ ਪੁਰੀ 1-347-753-5940 ਸਵਰਨ ਸਿੰਘ ਸਲੈਚ 1-917-224-3645 ਉਂਕਾਰ ਸਿੰਘ ਝਮੇਲੀ 1-347-476-1604

# ਦੋ ਗ਼ਜ਼ਲਾਂ

ਤੇਰੀਆਂ ਮੱਝਾਂ ਗਾਵਾਂ ਜੀਵਨ।
ਵਿਹੜੇ ਵਿਚਲੀਆਂ ਛਾਵਾਂ ਜੀਵਨ।
ਆਉਣ ਪ੍ਰਾਹੁਣੇ ਖ਼ੁਸ਼ੀਆਂ ਹੋਵਣ,
ਤੇਰੇ ਘਰ ਦੀਆ ਰਾਵ੍ਹਾਂ ਜੀਵਨ।
ਖ਼ੁਸ਼ਹਾਲੀ, ਹਰਿਆਲੀ ਦੇਵਣ,
ਧੁੱਪਾਂ ਜੀਵਨ ਛਾਵਾਂ ਜੀਵਨ।
ਰਖਵਾਲੀ ਸ਼ੋਭਾ ਪਾਉਂਦੀ ਹੈ,
ਜੁਗ-ਜੁਗ ਘਰ ਵਿਚ ਮਾਵਾਂ ਜੀਵਨ।
ਜਿੱਥੇ ਖ਼ੂਨ ਸ਼ਹੀਦਾਂ ਦਾ ਹੈ,
ਉਹ ਵਡਮੁੱਲੀਆਂ ਥਾਵਾਂ ਜੀਵਨ।
ਚੈਨ ਸਕੂਲ ਆਨੰਦ ਤ੍ਰਿਪਤੀ,
ਠੰਡੀਆਂ ਠਾਰ ਹਵਾਵਾਂ ਜੀਵਨ।
ਨਿਰਮਾਣ ਜਿੰਨ੍ਹਾਂ ਦਾ ਪ੍ਰਯੋਜਨ ਹੈ,
ਕਿਰਤ ਦੀਆਂ ਉਹ ਬਾਵ੍ਹਾਂ ਜੀਵਨ।
ਦਿਲ ਪਰਚਾਵਾ, ਨੀਂਦ ਸੁਹਾਣੀ,
ਦਾਦੂ ਕੋਲ ਕਥਾਵਾਂ ਜੀਵਨ।
ਸੰਸਾਰ ਜਿੰਨ੍ਹਾਂ ਅਰਪਣ ਕੀਤਾ।
ਪਲਕਾਂ ਵਿੱਚ ਨਿਗਾਵ੍ਹਾਂ ਜੀਵਨ।
ਪਰਿਵਰਤਨ ਦੇ ਨਿਯਮ ਬਣਾਵਟ,
ਰੁੱਤਾਂ ਜੀਣ ਖ਼ਿਜ਼ਾਵਾਂ ਜੀਵਨ।
ਸੂਈ ਮੂਈ ਵਿੱਚ ਨਜ਼ਾਕਤ,
ਬਾਲਮ ਖ਼ੂਬ ਅਦਾਵਾ ਜੀਵਨ।

ਹੋਸ਼ ਗਏ ਜੋਸ਼ ਗਏ ਤੇ ਉਡ ਗਈਆਂ ਫੁਲਕਾਰੀਆਂ,
ਅੰਬਰ ਵਾਲਾ ਤਾਰਾ-ਤਾਰਾ ਛੂਹ ਕੇ ਟੁੱਟੀਆਂ ਯਾਰੀਆਂ।
ਭੁੱਲ ਭੁਲੇਖੇ ਛੂਹ ਨਾ ਬੈਠੀਂ ਸਾੜ ਲਵੇਂਗਾ ਉਂਗਲੀਆਂ,
ਦੂਰੋਂ-ਦੂਰੋਂ ਚੰਗੀਆਂ ਲੱਗਣ ਭਖਦੀਆਂ ਚਿੰਗਾਰੀਆਂ।
ਵਿੱਚ ਉਮੰਗਾਂ ਵਿੱਚ ਤਰੰਗਾਂ ਸੰਗਾਂ ਵਾਲੇ ਮੇਲੇ,
ਸੱਤਰੰਗੀ ਪੀਂਘ 'ਚ ਰੰਗੀਆਂ ਚੁੰਨੀਆਂ ਲੱਲਾਰੀਆਂ।
ਵਰਨਾ ਸਾਰੇ ਸ਼ਹਿਰ 'ਚ ਲੋਕੀਂ ਏਕੇ ਵਿਚ ਮਜ਼ਬੂਤ ਰਹੇ,
ਸੋਚੀ ਸਮਝੀ ਚਾਲ 'ਚ ਉਹਨ੍ਹਾਂ ਕੀਤੀਆਂ ਗੱਦਾਰੀਆਂ।
ਪੰਛੀਆਂ ਨੇ ਸਮਝ ਲਿਆ ਏ ਹੱਕ-ਵਫ਼ਾ ਦੇ ਕੀ ਮਹਿਣੇਂ,
ਚੋਗੇ ਵਾਲੇ ਲਾਲਚ ਵਿੱਚ ਵਿਛਾਏ ਜਾਲ ਸ਼ਿਕਾਰੀਆਂ।
ਜਾਗ੍ਰਤੀ ਨੇ ਖੋਹ ਲਈਆਂ ਨੇ ਹੱਕਾਂ ਦੀ ਕਸਵੱਟੀ ਵਿਚ,
ਬੇਈਮਾਨੀ ਤੇ ਰਿਸ਼ਵਤ ਵਿਚ ਕੀਤੀਆਂ ਸਰਦਾਰੀਆਂ।
ਅੰਕੜਿਆਂ ਤੇ ਫਾਈਲਾਂ ਅੰਦਰ ਹੋਈ ਖ਼ੂਬ ਤਰੱਕੀ,
ਬੇਰੁਜ਼ਗਾਰੀਆਂ, ਲਾਚਾਰੀਆ, ਤੰਗੀਆਂ, ਬੇਕਾਰੀਆਂ।
ਬੱਚਿਆਂ ਦੇ ਮਸਤਕ ਅੰਦਰ ਸ਼ਬਦਾਂ ਵਾਲੇ ਕੋਸ਼ ਨਹੀਂ,
ਪੋਥੀਆਂ ਦੇ ਨਾਲ ਬੇਸ਼ਕ ਭਰ ਲਈਆਂ ਅਲਮਾਰੀਆਂ।
ਆਧੁਨਿਕਤਾ ਨੇ ਬੇਸ਼ਕ ਲੋੜੋਂ ਵੱਧ ਤਰਕੀ ਕੀਤੀ ਹੈ,
ਸ਼ਿਸ਼ਟਾਚਾਰਕ ਕਿਰਿਆ ਨਾਲੋਂ ਵੱਧ ਬਣੀਆਂ ਨੇ ਆਰੀਆਂ।



ਵੇਖ ਸਿਆਸੀ ਲੋਕਾਂ ਸਾਰਾ ਸਾਗਰ ਖੋਹ ਲਿਆ ਏ,
ਖੇਵਨਹਾਰੇ, ਚੱਪੂ, ਬੇੜੀ, ਭੰਵਰ, ਕਿਨਾਰੇ, ਤਾਰੀਆਂ।
ਸ਼ਹਿਰ 'ਚ ਤੇਰੇ ਥਾਂ-ਥਾਂ ਉਤੇ ਦੁਸ਼ਮਣ ਉਗ ਖਲੋਣੇਂ,
ਕਿਉਂ ਪਾਈਆਂ ਈਂ ਬਾਲਮ ਦੇ ਨਾਲ ਏਨੀਆਂ ਪੱਕੀਆਂ ਯਾਰੀਆਂ।

**ਬਲਵਿੰਦਰ ਬਾਲਮ ਗੁਰਦਾਸਪੁਰ,**
**91-98156-25409**

# ਬਾਬਾ ਨਾਨਕ

ਕਲਯੁੱਗ ਕਾਲੀ ਬੱਦਲੀ ਅੰਦਰ ਕੀਤੇ ਦੂਰ ਹਨ੍ਹੇਰੇ
ਜਿੱਧਰ ਵੀ ਮੈਂ ਦੇਖਾਂ, ਬਾਬਾ ਨਾਨਕ ਦਿੱਸੇ ਚੁਫ਼ੇਰੇ

ਜ਼ੱਰੇ ਜ਼ੱਰੇ ਕਣ ਕਣ ਤੱਕਿਆ, ਹਰ ਪੱਤੇ ਹਰ ਡਾਲੀ
ਚਹੁੰ ਚੱਕਾਂ ਵਿਚ ਵੱਜਦੀ ਸਦੀ ਦੇਖੀ ਧੁੰਨ ਮਤਵਾਲੀ
ਨੂਰੀ ਮੁੱਖ ਤੇ ਚਾਨਣ ਰਿਸ਼ਮਾਂ, ਡੁੱਲ੍ਹ ਡੁੱਲ੍ਹ ਪੈਣ ਸਵੇਰੇ
ਜਿੱਧਰ ਵੀ ਮੈਂ ਦੇਖਾਂ ....

ਹੱਕ ਸੱਚ ਦਾ ਹੋਕਾ ਦੇਵੇ, ਸ ਦੇ ਘਰ ਦੀ ਬਾਣੀ
ਧੁਰ ਦਰਗਾਹ ਦੀ ਰਮਜ ਮਾਰਦੀ ਸ ਦੀ ਅਜਬ ਕਹਾਣੀ
ਰੱਬ ਨਾਨਕ ਦੇ ਰੂਪ'ਚ ਆਇਆ ਸੱਚਮੁੱਚ ਪਾਉਣ ਲਈ ਫੇਰੇ
ਜਿੱਧਰ ਵੀ ਮੈਂ ਦੇਖਾਂ ....

ਸਿਫ਼ਤਾਂ ਵਿੱਚ ਨਾ ਮਹਿਮਾ ਆਵੇ, ਵੰਡਦਾ ਜਾਏ ਸੌਗਾਤਾਂ
ਦਰ ਹਦੇ ਤੇ ਸਜਦਾ ਕਰਦੀਆਂ ਅਰਸ਼ ਫਰਸ਼ ਦੀਆਂ ਦਾਤਾਂ
ਦੀਦ ਹਦੀ ਕਰ ਟੁੱਟ ਜਾਂਦੇ ਨੇ, ਜਮ੍ਹਾਂ ਦੁੱਖਾਂ ਦੇ ਘੇਰੇ
ਜਿੱਧਰ ਵੀ ਮੈਂ ਦੇਖਾਂ ....
ਨਿਰੰਕਾਰ ਦੀ ਜੋਤ ਅਲਾਹੀ ,
ਚੁੰਬਰਾ ਸੀਸ ਨਿਭਾਈਏ
ਨਾਨਕ ਨੂਰ ਅਕਾਲ ਪੁਰਖ ਦੇ, ਤੋਂ
ਬਲਿਹਾਰੇ ਜਾਈਏ
ਤੂੰ ਹੀ ਤੂੰ ਹੀ ਰਾਗ ਅਲਾਪੇ,
ਨਾ ਤੇਰੇ ਨਾ ਮੇਰੇ
ਜਿੱਧਰ ਵੀ ਮੈਂ ਦੇਖਾਂ ....




**- ਕੁਲਦੀਪ ਚੁੰਬਰ**

# ਤ੍ਰਿਲੋਕ ਢਿੱਲੋਂ ਦੀ ਪੁਸਤਕ 'ਤਰੀ ਵਾਲੇ ਕਰੇਲੇ' ਵਿਅੰਗ ਦੀ ਤਿੱਖੀ ਚੋਭ



**ਉਜਾਗਰ ਸਿੰਘ**
**91-94178 13072**

ਤ੍ਰਿਲੋਕ ਢਿੱਲੋਂ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਹੁਣ ਤੱਕ 8 ਕਵਿਤਾ, ਨਾਟਕ ਅਤੇ ਵਾਰਤਕ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾਂ ਪੁਸਤਕਾਂ ਵਿੱਚ ਦੋ ਸੰਪਾਦਿਤ ਕਾਵਿ ਸੰਗ੍ਰਹਿ ਵੀ ਸ਼ਾਮਲ ਹਨ। 'ਤਰੀ ਵਾਲੇ ਕਰੇਲੇ' ਉਸਦਾ 9ਵਾਂ ਹਾਸ ਵਿਅੰਗ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਵੱਖ-ਵੱਖ ਵਿਸ਼ਿਆਂ 'ਤੇ 19 ਲੇਖ ਹਨ। ਇਨ੍ਹਾਂ ਲੇਖਾਂ ਵਿੱਚ ਲੇਖਕ ਨੇ ਬਹੁ ਗਿਣਤੀ ਲੋਕਾਂ ਦੀ ਫਿਤਰਤ ਦੀ ਤਸਵੀਰ ਤਿੱਖੀਆਂ ਚੋਭਾਂ ਲਾ ਕੇ ਖਿੱਚ ਦਿੱਤੀ ਹੈ। ਇਸ ਤੋਂ ਇਲਾਵਾ 12 ਕਾਵਿ ਛੁਰਲੀਆਂ ਹਨ, ਜਿਨ੍ਹਾਂ ਦੀ ਚੋਭ ਲੇਖਾਂ ਨਾਲੋਂ ਜ਼ਿਆਦਾ ਤਿੱਖੀ ਹੈ। ਲੇਖ ਪੜ੍ਹਨ ਲਈ ਦਿਲਚਸਪੀ ਬਰਕਰਾਰ ਰਹਿੰਦੀ ਹੈ। ਇਹ ਸਾਰੇ ਲੇਖ ਅਤੇ ਕਾਵਿ ਛੁਰਲੀਆਂ ਮਨੁੱਖੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ। ਕੁਝ ਇਨਸਾਨਾ ਵਿੱਚ ਸਮਾਜਿਕ ਬ੍ਰਿਤੀ ਨੂੰ ਸਮਝਣ ਅਤੇ ਉਸ ਦੀਆਂ ਪ੍ਰਤੀਕ੍ਰਿਆਵਾਂ ਲੋਕਾਂ ਤੱਕ ਪਹੁੰਚਾਉਣ ਦੀ ਸਮਰੱਥਾ ਹੁੰਦੀ ਹੈ। ਲੇਖਕ ਵਿੱਚ ਵੀ ਇਹ ਪ੍ਰਵਿਰਤੀ ਬਾਕਮਾਲ ਹੈ, ਜਿਹੜਾ ਲੋਕਾਈ ਦੇ ਮਨਾਂ ਨੂੰ ਹਾਸ ਵਿਅੰਗ ਰਾਹੀਂ ਮਾਨਸਿਕ ਖ਼ੁਰਾਕ ਦਿੰਦਾ ਰਹਿੰਦਾ ਹੈ। ਹਾਸਾ ਠੱਠਾ ਵੀ ਮਾਨਸਿਕ ਖ਼ੁਰਾਕ ਦਾ ਹਿੱਸਾ ਹੁੰਦੇ ਹਨ। ਸਮਾਜਿਕ ਗੰਭੀਰ ਮਸਲਿਆਂ ਨੂੰ ਹਾਸ ਵਿਅੰਗ ਰਾਹੀਂ ਲੋਕਾਂ ਦੀ ਕਚਹਿਰੀ ਵਿੱਚ ਰੱਖਿਆ ਹੈ। ਸਮਾਜਿਕ ਤਾਣੇ ਬਾਣੇ ਵਿੱਚ ਬਹੁਤ ਸਾਰੀਆਂ ਘਾਟਾਂ/ਵਿਸੰਗਤੀਆਂ ਹਨ, ਜਿਨ੍ਹਾਂ ਬਾਰੇ ਲੇਖਕ ਨੇ ਦਰਸਾਇਆ ਹੈ ਕਿ ਖ਼ੁਸ਼ਾਮਦੀ ਲੋਕ ਇਨ੍ਹਾਂ ਘਾਟਾਂ/ਵਿਸੰਗਤੀਆਂ ਦਾ ਆਪਣੀ ਤਕਨੀਕ ਨਾਲ ਲਾਭ ਉਠਾਉਂਦੇ ਹਨ। ਚਾਪਲੂਸ ਲੋਕ ਢੀਠ ਕਿਸਮ ਦੇ ਹੁੰਦੇ ਹਨ, ਇਨ੍ਹਾਂ ਲੋਕਾਂ ਬਾਰੇ ਵੀ ਬਾਰੀਕੀ ਨਾਲ ਜਾਣਕਾਰੀ ਦਿੱਤੀ ਹੈ। ਲੋਕ ਕਹਿੰਦੇ ਕੁਝ ਅਤੇ ਅਮਲੀ ਰੂਪ ਵਿੱਚ ਕੁਝ ਹੋਰ ਕਰਦੇ ਹਨ। ਭਾਵ ਉਹ ਮਖੌਟੇ ਪਾ ਕੇ ਦੋਗਲੇ ਕਿਰਦਾਰ ਨਿਭਾਉਂਦੇ ਹਨ। ਅਸਲ ਵਿੱਚ ਅਜਿਹੇ ਲੋਕਾਂ ਦਾ ਕੋਈ ਕਿਰਦਾਰ ਹੀ ਨਹੀਂ ਹੁੰਦਾ। ਤ੍ਰਿਲੋਕ ਢਿੱਲੋਂ ਨੇ ਇਸ ਲੇਖ ਸੰਗ੍ਰਹਿ ਵਿੱਚ ਦੱਸਿਆ ਹੈ ਕਿ ਅਜਿਹੇ ਲੋਕ ਆਪਣੇ ਕੰਮ ਕੱਢਣ ਲਈ ਚਮਚਾਗਿਰੀ/ਖ਼ੁਸ਼ਾਮਦੀ ਦਾ ਸਹਾਰਾ ਲੈਂਦੇ ਹਨ। ਭਾਵ ਉਹ ਸਹੀ ਕੰਮ ਨਹੀਂ ਕਰਦੇ ਜਾਂ ਇਉਂ ਕਹਿ ਲਵੋ ਕਿ ਉਨ੍ਹਾਂ ਦੀ ਸਹੀ ਕੰਮ ਕਰਨ ਤੇ ਸੱਚ ਦੇ ਮਾਰਗ ਤੇ ਪਹਿਰਾ ਦੇਣ ਦੀ ਫਿਤਰਤ ਤੇ ਯੋਗਤਾ ਨਹੀਂ ਹੁੰਦੀ, ਫਿਰ ਉਹ ਅਜਿਹੀਆਂ ਕਰਤੂਤਾਂ ਕਰਕੇ ਆਪਣਾ ਮਕਸਦ ਪੂਰਾ ਕਰ ਲੈਂਦੇ ਹਨ। ਤ੍ਰਿਲੋਕ ਢਿੱਲੋਂ ਅਨੁਸਾਰ ਚਮਚਾਗਿਰੀ/ਖ਼ੁਸ਼ਾਮਦੀ ਕਰਨ ਅਤੇ ਕਰਵਾਉਣ ਵਾਲੇ ਦੋਵੇਂ ਹੀ ਨੈਤਿਕਤਾ ਤੋਂ ਕੋਰੇ ਹੁੰਦੇ ਹਨ। ਖ਼ੁਦਗਰਜ਼ੀ ਇਨ੍ਹਾਂ ਲੋਕਾਂ ਵਿੱਚ ਭਾਰੂ ਹੁੰਦੀ ਹੈ। ਇਨ੍ਹਾਂ ਲੇਖਾਂ ਤੇ ਛੁਰਲੀਆਂ ਵਿੱਚ ਮੁੱਖ ਤੌਰ 'ਤੇ ਲੇਖਕ ਨੇ ਸਿਆਸਤਦਾਨਾਂ ਅਤੇ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਨੂੰ ਲਿਆ ਹੈ। ਵੈਸੇ ਸਮਾਜ ਦੇ ਹਰ ਵਰਗ ਵਿੱਚ ਅਜਿਹੇ ਕਿਰਦਾਰਾਂ ਦੀ ਭਰਮਾਰ ਹੁੰਦੀ ਹੈ। ਤਰੀ ਵਾਲੇ ਕਰੇਲਿਆਂ ਦਾ ਅਰਥ ਹੀ ਇਹੋ ਹੈ ਕਿ ਜਿਹੜੀ ਗੱਲ ਹੋ ਹੀ ਨਹੀਂ ਸਕਦੀ ਉਹੀ ਗੱਲਾਂ ਦਾ ਕੜਾਹ ਬਣਾਕੇ ਸਿਆਸਤਦਾਨ ਤੇ ਹੋਰ ਲੋਕ ਪ੍ਰੋਸਦੇ ਹਨ। ਦਫ਼ਤਰਾਂ ਵਿੱਚ ਮੌਕੇ ਦੇ ਅਧਿਕਾਰੀ ਚਾਪਲੂਸ ਕਰਮਚਾਰੀਆਂ ਦੀਆਂ ਰਿਪੋਰਟਾਂ ਠੀਕ ਕਰਕੇ ਅਤੇ ਯੋਗ ਮੁਲਾਜ਼ਮਾ ਨੂੰ ਅਣਡਿਠ ਕਰਕੇ ਤਰੱਕੀਆਂ ਦੇ ਦਿੰਦੇ ਹਨ। ਵੈਸੇ ਸਮਾਜ ਦੇ ਹਰ ਖੇਤਰ ਵਿੱਚ ਤਰੀ ਵਾਲੇ ਕਰੇਲੇ ਭਾਵ ਚਮਚਾਗਿਰੀ/ਖ਼ੁਸ਼ਾਮਦੀ ਕਰਕੇ ਕੰਮ ਕਢਵਾਏ ਜਾਂਦੇ ਹਨ। ਤ੍ਰਿਲੋਕ ਢਿੱਲੋਂ ਨੇ ਹਰ ਖੇਤਰ ਦੇ ਲੋਕਾਂ ਦੇ ਕਿਰਦਾਰਾਂ ਦਾ ਪਰਦਾ ਫਾਸ਼ ਕੀਤਾ ਹੈ। ਤ੍ਰਿਲੋਕ ਢਿੱਲੋਂ ਕਿਉਂਕਿ ਸਾਰੀ ਉਮਰ ਬੈਂਕ ਦੀ ਨੌਕਰੀ ਕਰਦਾ ਰਿਹਾ ਹੈ ਅਤੇ ਨੌਕਰੀ ਦੌਰਾਨ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਬਿਰਤੀਆਂ ਵਾਲੇ ਲੋਕਾਂ ਨਾਲ ਵਾਹ ਪੈਂਦਾ ਰਿਹਾ ਹੈ। ਇਸ ਲਈ ਉਸਨੇ ਆਪਣੇ ਇਸ ਤਜ਼ਰਬੇ ਦੇ ਆਧਾਰ 'ਤੇ ਅਜਿਹੇ ਚਮਚਾਗਿਰੀ/ਖ਼ੁਸ਼ਾਮਦੀ ਲੋਕਾਂ ਦੀਆਂ ਰੁਚੀਆਂ ਦਾ ਪਰਦਾ ਫਾਸ਼ ਕੀਤਾ ਹੈ। ਅਜਿਹੇ ਲੋਕ ਕਿਹੜੇ ਢੰਗ ਵਰਤਕੇ ਆਪਣੇ ਫਾਇਦੇ ਕੱਢਦੇ ਹਨ, ਉਨ੍ਹਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਹੈ। 'ਬੂਰ ਦੇ ਲੱਡੂ' ਭਾਵ ਵਿਆਹ ਦੀ ਸੰਸਥਾ ਬਾਰੇ ਵਿਅੰਗ ਕਰਦਿਆਂ ਛੜੇ ਅਤੇ ਵਿਆਹੇ ਲੋਕਾਂ ਦੀ ਖ਼ੁਹਾਇਸ਼ਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਰਤੇ ਜਾਂਦੇ ਹੱਥ ਕੰਡਿਆਂ ਦੀਆਂ ਚੋਭਾਂ ਦੇ ਖ਼ੁਸ਼ਨੁਮਾ/ਦਰਦਨੁਮਾ ਪ੍ਰਭਾਵ ਦਰਸਾਏ ਹਨ। ਇਸ ਲੇਖ ਵਿੱਚ ਤ੍ਰਿਲੋਕ ਢਿੱਲੋਂ ਇਸਤਰੀ ਜਾਤੀ ਨਾਲ ਥੋੜ੍ਹੀ ਜ਼ਿਆਦਤੀ ਕਰ ਗਿਆ ਲੱਗਦਾ ਹੈ। ਮਰਦ ਵੀ ਕਿਸੇ ਗੱਲੋਂ ਘੱਟ ਨਹੀਂ ਹੁੰਦੇ, ਉਹ ਵੀ ਔਰਤ ਉਪਰ ਆਪਣੀ ਤੜੀ ਰੱਖਦੇ ਹਨ। ਲੇਖਕ ਅਨੁਸਾਰ ਘਰ ਵਿੱਚ ਸ਼ਾਂਤਮਈ ਮਾਹੌਲ ਸਿਰਜਣ ਵਿੱਚ ਸਿਰਫ ਤੇ ਸਿਰਫ ਔਰਤ ਹੀ ਹੁੰਦੀ ਹੈ। ਤਰੀ ਵਾਲੇ ਕਰੇਲੇ ਹਰ ਖੇਤਰ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਂਦੇ ਹਨ। ਆਲਸੀ, ਘੋਰੀ, ਦਲਿਦਰੀ, ਘੌਲ਼ੀ, ਲੇਖਕਾਂ, ਕਵੀਆਂ ਦੀਆਂ ਇਨ੍ਹਾਂ ਗੱਲਾਂ ਨੂੰ ਵੀ ਆੜੇ ਹੱਥੀਂ ਲੈਂਦਿਆਂ ਕਟਾਕਸ਼ ਕੀਤੇ ਹਨ। ਤੱਤਾ ਪਾਣੀ ਬਨਾਮ ਚਾਹ ਵਿੱਚ ਵੀ ਕੰਮ ਕਢਾਉਣ ਲਈ ਬਿਨਾਂ ਲੋੜ ਤੋਂ ਹੀ ਚਾਹ ਪਿਲਾਈ ਜਾਂਦੀ ਹੈ। ਏਸੇ ਤਰ੍ਹਾਂ 'ਬੋਲਚਾਲ ਦਾ ਹੁਨਰ ਬਨਾਮ ਭੌਂਕਣ ਕਲਾ' ਹੈ, ਜਿਸ ਰਾਹੀਂ ਲੋਕ ਆਪਣਾ ਮਕਸਦ ਪੂਰਾ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ। ਕਾਵਿ ਛੁਰਲੀ ਚੌਥੀ ਵਿੱਚ ਪਾਲਤੂ ਕੁੱਤਾ ਲਿਆਉਣ ਲਈ ਕਹਿਣ ਤੇ ਪਤਨੀ ਪਤੀ 'ਤੇ ਵਿਅੰਗ ਕਸਦੀ ਕਹਿੰਦੀ ਹੈ:




ਪਤਨੀ ਬੋਲੀ! ਰਹਿਣ ਦਿਓ, ਕਿਉਂ ਮੈਨੂੰ
ਜੇ ਬਿਪਤਾ ਪਾਂਦੇ,
ਇੱਕ ਹੀ ਬਥੇਰਾ! ਮੈਥੋਂ ਦੋ ਦੋ ਨਹੀਂ
ਸਾਂਭੇ ਜਾਂਦੇ।

ਨੀਂਹ ਪੱਥਰਾਂ' ਸੰਬੰਧੀ ਲਿਖਦਿਆਂ ਲੇਖਕ ਨੇ ਦੱਸਿਆ ਹੈ ਕਿ ਚੋਣਾਂ ਤੋਂ ਪਹਿਲਾਂ ਰੱਖੇ ਨੀਂਹ ਪੱਥਰ ਲੋਕਾਂ ਨੂੰ ਚਿੜ੍ਹਾਉਂਦੇ ਰਹਿੰਦੇ ਹਨ। ਏਸੇ ਤਰ੍ਹਾਂ 'ਲੋਕ ਕੀ ਆਖਣਗੇ' ਲੇਖ ਵਿੱਚ ਫੋਕੀ ਟੌਹਰ ਦੀਆਂ ਟਾਹਰਾਂ ਦੇ ਪਾਜ ਉਘਾੜੇ ਹਨ। ਜਿਉਂਦਿਆਂ ਪੁੱਛਦੇ ਨਹੀਂ ਮਰਿਆਂ 'ਤੇ ਵੱਡਾ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ। ਸ਼ਰਧਾਂਜ਼ਲੀਆਂ ਢੌਂਗ ਬਣ ਗਈਆਂ ਹਨ। ਕਰੋਨਾ ਦੇ ਕੀੜੇ ਦੀਆਂ ਪਾਬੰਦੀਆਂ ਨੇ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ, ਉਥੇ ਮਰੀਜ਼ਾਂ ਨਾਲ ਜ਼ੋਰ ਜ਼ਬਰਦਸਤੀ ਦੀਆਂ ਘਟਨਾਵਾਂ ਨੇ ਲੋਕਾਈ ਦੀ ਬਸ ਕਰਵਾ ਦਿੱਤੀ। ਬਿਨਾ ਵਜਾਹ ਹੀ ਐਕਸ਼ਨ ਲਏ ਗਏ, ਜਾਨ ਬਚਾਉਣ ਦੇ ਲਾਲੇ ਪੈ ਗਏ। ਮੋਬਾਈਲ ਤੇ ਸ਼ੋਸ਼ਲ ਮੀਡੀਆ ਨੇ ਕਵੀਆਂ ਦੀ ਇੱਜ਼ਤ ਰੱਖ ਲਈ। ਕਾਵਿ ਪੁਸਤਕਾਂ ਦੀ ਛਪਾਈ ਤੇ ਘੁੰਡ ਚੁਕਾਈ ਦੇ ਨਾਮ 'ਤੇ ਕਵੀਆਂ ਦੀ ਝੰਡ ਲਾਹ ਦਿੱਤੀ। ਵਿਆਹਾਂ ਸ਼ਾਦੀਆਂ ਵਿੱਚ ਬਾਬਿਆਂ ਦੀ ਬੁੱਕਤ, ਬੁਢਾਪੇ ਦੀਆਂ ਸਮੱਸਿਆਵਾਂ, ਘਰਾਂ ਦਾ ਕਾਟੋ ਕਲੇਸ਼ ਮਾਡਲ ਸਕੂਲਾਂ ਦੇ ਡਰਾਮੇ, ਹੌਲੀਆਂ ਉਮਰਾਂ ਭਾਰੇ ਬਸਤਿਆਂ ਨੂੰ ਅਫ਼ਰੇਮਾ ਅਤੇ ਬਿਰਧ ਆਸ਼ਰਮਾਂ ਬਾਰੇ ਵੀ ਚਟਕਾਰੇ ਲਾਏ ਹਨ। ਗਾਹਕ ਸੇਵਾ ਲਈ ਅਹਿਮ ਨੁਕਤੇ' ਵਿੱਚ ਕੁਝ ਲੋਕ ਗਾਹਕਾਂ ਰੱਬ ਸਮਝਦੇ ਹਨ ਪ੍ਰੰਤੂ ਕੁਝ ਗੁਮਰਾਹ ਕਰਦੇ ਹਨ। 'ਸ਼ੱਕ ਦਾ ਭੂਤ' ਵਿੱਚ ਸਮਾਜਿਕ ਤਾਣੇ ਬਾਣੇ ਵਿੱਚ ਸ਼ੱਕ ਨਾਲ ਹੋ ਰਹੇ ਸਮਾਜਿਕ ਸੰਬੰਧਾਂ ਦੇ ਨੁਕਸਾਨ ਦਾ ਬ੍ਰਿਤਾਂਤ ਦਿੱਤਾ ਗਿਆ ਹੈ। ਸ਼ੱਕ ਵਿੱਚ ਕਈ ਅਣਸੁਖਾਵੀਆਂ ਗੱਲਾਂ ਵੀ ਹੋ ਜਾਂਦੀਆਂ ਹਨ। ਡੇਰਿਆਂ ਅਤੇ ਹੋਰ ਕਿਸਮ ਦੇ ਭਰਿਸ਼ਟਾਚਾਰ ਨੇ ਨਸ਼ਿਆਂ ਦੀ ਲੱਤ ਪਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਸਾਰੀਆਂ ਗੱਲਾਂ ਬਾਰੇ ਲੇਖਕ ਨੇ ਬਾਰੀਕੀ ਨਾਲ ਜਾਣਕਾਰੀ ਦੇ ਕੇ ਵਿਅੰਗ ਦੇ ਤੀਰ ਚਲਾਏ ਹਨ। 'ਚਸਕਾ ਮੋਬਾਈਲ ਦਾ' ਵਰਤਮਾਨ ਸਮਾਜਿਕ ਸੰਬੰਧਾਂ ਵਿੱਚ ਤਰੇੜਾਂ ਪਾ ਰਿਹਾ ਹੈ। ਮੋਬਾਈਲ ਸੰਬੰਧੀ ਕਵਿਤਾ ਰਾਹੀਂ ਇੱਕ ਉਦਾਹਰਣ ਦਿੱਤੀ ਹੈ:

ਮੋਬਾਈਲ ਕੁੱਤਾ ਤੇ ਜਨਾਨੀ, ਤਿੰਨੇ ਐਕਸੀਡੈਂਟ ਦੀ ਨਿਸ਼ਾਨੀ।

ਇਹ ਤੁਕ ਵਾਜਬ ਨਹੀਂ ਲਗਦੀ ਕਿਉਂਕਿ ਲੇਖਕ ਨੇ ਇਸਤਰੀ ਜਾਤੀ ਨਾਲ ਜ਼ਿਆਦਤੀ ਕੀਤੀ ਹੈ। ਇਸਤਰੀ ਤਾਂ ਸਿਰਜਣ ਦੀ ਪ੍ਰਤੀਕ ਹੈ।

ਲੇਖਕ ਨੇ ਲੇਖਾਂ ਦੇ ਸੰਗ੍ਰਹਿ ਨੂੰ 'ਤਰੀ ਵਾਲੇ ਕਰੇਲੇ ਹਾਸ ਵਿਅੰਗ ਸੰਗ੍ਰਹਿ' ਦਾ ਨਾਂ ਦਿੱਤਾ ਹੈ ਪ੍ਰੰਤੂ ਕਈ ਲੇਖ ਵਧੀਆ ਵਾਰਤਕ ਦਾ ਹੀ ਨਮੂਨਾ ਕਹੇ ਜਾ ਸਕਦੇ ਹਨ, ਉਨ੍ਹਾਂ ਵਿੱਚ ਹਾਸ ਵਿਅੰਗ ਨਾ ਮਾਤਰ ਹੀ ਹੈ। ਮੇਰੇ ਅਨੁਸਾਰ ਲੇਖਕ ਕਵਿਤਾ ਵਧੀਆ ਲਿਖ ਸਕਦਾ ਹੈ। ਭਵਿਖ ਵਿੱਚ ਤ੍ਰਿਲੋਕ ਢਿੱਲੋਂ ਤੋਂ ਤਿੱਖੇ ਵਿਅੰਗ ਵਾਲੀ ਪੁਸਤਕ ਦੀ ਉਮੀਦ ਕੀਤੀ ਜਾ ਸਕਦੀ ਹੈ।

99 ਪੰਨਿਆਂ, 250 ਰੁਪਏ ਕੀਮਤ ਵਾਲਾ ਹਾਸ ਵਿਅੰਗ ਸਗ੍ਰਹਿ ਟਰੂ ਸਪੈਰੋ ਪਬਲਿਸ਼ਰਜ ਨੇ ਪ੍ਰਕਾਸ਼ਤ ਕੀਤਾ ਹੈ।

# ਕਲਾ ਅਤੇ ਸਾਹਿਤ: ਵਿਦਿਆਰਥੀਆਂ ਲਈ ਇੱਕ ਵਿਕਲਪ ਨਾਲੋਂ ਇੱਕ ਜ਼ਰੂਰੀ

**ਵਿਜੇ ਗਰਗ**

ਕਲਾ ਅਤੇ ਸਾਹਿਤ ਨੂੰ ਗਲੇ ਲਗਾਉਣਾ ਉਹਨਾਂ ਦੀ ਮਾਨਸਿਕ ਤੰਦਰੁਸਤੀ ਵਿੱਚ ਇੱਕ ਨਿਵੇਸ਼ ਹੈ - ਉਹਨਾਂ ਦੇ ਭਵਿੱਖ ਦੇ ਜੀਵਨ ਲਈ ਇੱਕ ਅਨਮੋਲ ਸੰਪਤੀ ਕਈ ਦਹਾਕੇ ਪਹਿਲਾਂ, ਜਦੋਂ ਮੈਂ ਕਾਲਜ ਵਿੱਚ ਸਾਹਿਤ ਲੈਣ ਦੀ ਚੋਣ ਕੀਤੀ, ਇੱਕ ਸਮੇਂ ਜਦੋਂ ਮੇਰੇ ਬਹੁਤ ਸਾਰੇ ਸਾਥੀਆਂ ਨੇ ਵਿਗਿਆਨ ਨੂੰ ਚੁਣਿਆ, ਲੋਕਾਂ ਨੇ ਆਪਣੀਆਂ ਅੱਖਾਂ ਉੱਚੀਆਂ ਕੀਤੀਆਂ। ਇਹ ਮੱਧਮ ਦੀ ਚੋਣ ਮੰਨਿਆ ਜਾਂਦਾ ਸੀ, ਇੱਕ ਅਜਿਹਾ ਵਿਸ਼ਾ ਜਿਸਨੂੰ ਬਹੁਤੀ ਬੁੱਧੀ ਜਾਂ ਸਮਰਪਣ ਦੀ ਲੋੜ ਨਹੀਂ ਸੀ। ਇਹ ਉਹ ਥਾਂ ਸੀ ਜਿੱਥੇ ਪ੍ਰਮੁੱਖ ਖੇਤਰਾਂ ਵਿੱਚ ਸੀਟ ਸੁਰੱਖਿਅਤ ਨਾ ਕਰਨ ਵਾਲੇ ਵਿਦਿਆਰਥੀ ਆਖਰਕਾਰ ਸੈਟਲ ਹੋ ਗਏ। ਉਦੋਂ ਕਲਾ ਅਤੇ ਸਾਹਿਤ ਨੂੰ ਟਿਕਾਊ ਨਹੀਂ ਮੰਨਿਆ ਜਾਂਦਾ ਸੀ। ਨਾ ਹੀ ਹੁਣ ਮਾਪਿਆਂ ਵੱਲੋਂ ਇਸ ਨੂੰ ਬਹੁਤਾ ਵਜ਼ਨ ਦਿੱਤਾ ਜਾਂਦਾ ਹੈ। ਰਚਨਾਤਮਕ ਕੰਮਾਂ ਨੂੰ ਅਜੇ ਵੀ ਸ਼ੌਕ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ, ਅਤੇ ਜਦੋਂ ਬੱਚੇ ਉੱਚੇ ਗ੍ਰੇਡਾਂ ਤੱਕ ਪਹੁੰਚਦੇ ਹਨ ਜਾਂ ਕਾਲਜ ਵਿੱਚ ਦਾਖਲ ਹੁੰਦੇ ਹਨ ਤਾਂ ਉਹ ਪਾਸੇ ਹੋ ਜਾਂਦੇ ਹਨ। ਕਿਉਂ? ਕਿਉਂਕਿ ਕਲਾ ਟਿਕਾਊ ਨਹੀਂ ਹੈ। ਇਹ ਮੁਨਾਫ਼ੇ ਵਾਲਾ ਨਹੀਂ ਹੈ। ਇਹ ਵਿਗਿਆਨ, ਤਕਨਾਲੋਜੀ ਜਾਂ ਲੇਖਾਕਾਰੀ ਵਿੱਚ ਡਿਗਰੀ ਦੇ ਰੂਪ ਵਿੱਚ ਆਸਾਨੀ ਨਾਲ ਕਰੀਅਰ ਨਹੀਂ ਬਣਾਉਂਦਾ। ਉਸ ਵਿਵਾਦ ਵਿੱਚ ਅਜੇ ਵੀ ਕੁਝ ਸੱਚਾਈ ਹੋ ਸਕਦੀ ਹੈ ਜੋ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਤੋਂ ਦੂਰ ਕਰਨ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਭਵਿੱਖ ਦੀ ਦੌੜ ਗਰਮ ਹੋ ਜਾਂਦੀ ਹੈ। ਪਰ ਸਾਡੇ ਬੱਚਿਆਂ ਨੂੰ ਕਰੀਅਰ ਬਣਾਉਣ ਦੇ ਤਣਾਅ ਤੋਂ ਰਾਹਤ ਪ੍ਰਦਾਨ ਕਰਨ ਵਿੱਚ ਰਚਨਾਤਮਕ ਗਤੀਵਿਧੀਆਂ ਦੀ ਭੂਮਿਕਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਸਕਦਾ। ਅਜਿਹੇ ਸਮੇਂ ਵਿੱਚ ਜਦੋਂ ਉਹ ਉੱਚ ਸਿੱਖਿਆ ਦੀਆਂ ਚੁਣੌਤੀਆਂ ਨਾਲ ਜੂਝ ਰਹੇ ਹਨ, ਉਹਨਾਂ ਨੂੰ ਉਹਨਾਂ ਦੀਆਂ ਚਿੰਤਾਵਾਂ ਤੋਂ ਰਾਹਤ ਮਿਲਣ ਵਾਲੀ ਕਲਾਤਮਕ ਕੋਸ਼ਿਸ਼ਾਂ ਹਨ। ਇਹ ਅਕਸਰ ਇੱਕ ਸਕੈਚ ਦੀਆਂ ਲਾਈਨਾਂ ਜਾਂ ਕਵਿਤਾ ਦੀਆਂ ਆਇਤਾਂ ਵਿੱਚ ਹੁੰਦਾ ਹੈ ਕਿ ਬੱਚਿਆਂ ਨੂੰ ਸ਼ਬਦਾਂ ਤੋਂ ਪਰੇ ਇੱਕ ਆਵਾਜ਼ ਮਿਲਦੀ ਹੈ - ਉਹਨਾਂ ਦੇ ਅੰਦਰੂਨੀ ਵਿਚਾਰਾਂ ਅਤੇ ਭਾਵਨਾਵਾਂ ਦੀ ਇੱਕ ਚੁੱਪ ਪਰ ਸ਼ਕਤੀਸ਼ਾਲੀ ਰਿਲੀਜ਼। ਇੱਕ ਅਜਿਹੀ ਦੁਨੀਆਂ ਵਿੱਚ ਜੋ ਇਮਤਿਹਾਨਾਂ ਅਤੇ ਅੰਕਾਂ ਦੁਆਰਾ ਸਫਲਤਾ ਨੂੰ ਮਾਪਦਾ ਹੈ, ਇਹ ਗਤੀਵਿਧੀਆਂ ਇੱਕ ਪਨਾਹ ਪ੍ਰਦਾਨ ਕਰਦੀਆਂ ਹਨ, ਜਿੱਥੇ ਮਨ ਭਟਕਣ, ਖੋਜਣ ਅਤੇ ਸੀਮਾਵਾਂ ਦੇ ਬਿਨਾਂ ਸਿਰਜਣ ਲਈ ਸੁਤੰਤਰ ਹੁੰਦਾ ਹੈ। ਅਧਿਐਨਾਂ ਨੇ ਲਗਾਤਾਰ ਦਿਖਾਇਆ ਹੈ ਕਿ ਜਿਹੜੇ ਵਿਦਿਆਰਥੀ ਪੇਂਟਿੰਗ, ਲਿਖਣ, ਸੰਗੀਤ, ਡਾਂਸ ਜਾਂ ਥੀਏਟਰ ਵਿੱਚ ਸ਼ਾਮਲ ਹੁੰਦੇ ਹਨ, ਉਹਨਾਂ ਦੇ ਮੁਕਾਬਲੇ ਘੱਟ ਤਣਾਅ ਦੇ ਪੱਧਰ ਦਾ ਅਨੁਭਵ ਕਰਦੇ ਹਨ ਜੋ ਨਹੀਂ ਕਰਦੇ ਹਨ। ਇਹ ਗਤੀਵਿਧੀਆਂ ਸਖ਼ਤ ਸਮਾਂ-ਸਾਰਣੀਆਂ ਅਤੇ ਸਮਾਂ-ਸੀਮਾਵਾਂ ਦੇ ਪ੍ਰਤੀ-ਸੰਤੁਲਨ ਵਜੋਂ ਕੰਮ ਕਰਦੀਆਂ ਹਨ ਜੋ ਅਧਿਐਨ ਦੁਆਰਾ ਲਾਗੂ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਬੱਚਿਆਂ ਨੂੰ ਆਰਾਮ ਕਰਨ ਅਤੇ ਉਹਨਾਂ ਦੀਆਂ ਊਰਜਾਵਾਂ ਨੂੰ ਪੂਰੀ ਤਰ੍ਹਾਂ ਉਹਨਾਂ ਦੀ ਆਪਣੀ ਚੀਜ਼ ਵਿੱਚ ਤਬਦੀਲ ਕਰਨ ਦੀ ਇਜਾਜ਼ਤ ਮਿਲਦੀ ਹੈ। ਕਲਾ ਅਤੇ ਸਾਹਿਤ ਦੇ ਅਕਸਰ ਨਜ਼ਰਅੰਦਾਜ਼ ਕੀਤੇ ਗੁਣਾਂ ਵਿੱਚੋਂ ਇੱਕ ਭਾਵਨਾਤਮਕ ਬੁੱਧੀ ਦਾ ਵਿਕਾਸ ਹੈ। ਜਦੋਂ ਬੱਚੇ ਕਹਾਣੀਆਂ ਵਿੱਚ ਲੀਨ ਹੋ ਜਾਂਦੇ ਹਨ, ਤਾਂ ਉਹ ਆਪਣੀਆਂ ਅਤੇ ਦੂਜਿਆਂ ਦੀਆਂ ਜਟਿਲ ਭਾਵਨਾਵਾਂ ਨੂੰ ਸਮਝਣ ਲੱਗ ਪੈਂਦੇ ਹਨ। ਇੱਕ ਨਾਵਲ ਹਮਦਰਦੀ ਸਿਖਾ ਸਕਦਾ ਹੈ, ਜਦੋਂ ਕਿ ਸੰਗੀਤ ਦਾ ਇੱਕ ਟੁਕੜਾ ਉਹਨਾਂ ਭਾਵਨਾਵਾਂ ਨੂੰ ਪ੍ਰਤੀਬਿੰਬਤ ਕਰ ਸਕਦਾ ਹੈ ਜਿਸਨੂੰ ਉਹ ਬਿਆਨ ਕਰਨ ਲਈ ਸੰਘਰਸ਼ ਕਰਦੇ ਹਨ। ਇਹ ਪਲ ਸਵੈ-ਜਾਗਰੂਕਤਾ ਨੂੰ ਉਤਸ਼ਾਹਿਤ ਕਰਦੇ ਹਨ, ਜੋ ਅੱਜ ਦੇ ਤੇਜ਼-ਰਫ਼ਤਾਰ ਸੰਸਾਰ ਵਿੱਚ ਮਹੱਤਵਪੂਰਨ ਹੈ ਜਿੱਥੇ ਨੌਜਵਾਨ ਸਮਾਜਿਕ ਦਬਾਅ ਅਤੇ ਅਕਾਦਮਿਕ ਮੰਗਾਂ ਨਾਲ ਜੂਝ ਰਹੇ ਹਨ। ਇਹ ਰਚਨਾਤਮਕ ਕੰਮ ਸਿਰਫ਼ ਬੱਚਿਆਂ ਨੂੰ ਵਧੇਰੇ ਹਮਦਰਦ ਨਹੀਂ ਬਣਾਉਂਦੇ; ਉਹ ਉਹਨਾਂ ਨੂੰ ਉਹਨਾਂ ਦੇ ਅੰਦਰੂਨੀ ਸੰਸਾਰ ਤੋਂ ਜਾਣੂ ਹੋਣ ਲਈ ਵੀ ਸਿਖਾਉਂਦੇ ਹਨ - ਇੱਕ ਅਜਿਹਾ ਹੁਨਰ ਜੋ ਉਹਨਾਂ ਨੂੰ ਇੱਕ ਕਲਾਸਰੂਮ ਦੀਆਂ ਕੰਧਾਂ ਤੋਂ ਬਾਹਰ ਚੰਗੀ ਤਰ੍ਹਾਂ ਸੇਵਾ ਕਰੇਗਾ। ਉਨ੍ਹਾਂ ਪਲਾਂ ਵਿੱਚ ਜਦੋਂ ਉਹ ਦੱਬੇ ਹੋਏ ਮਹਿਸੂਸ ਕਰਦੇ ਹਨ, ਉਹ ਇੱਕ ਮਨਪਸੰਦ ਕਿਤਾਬ ਦੇ ਆਰਾਮ, ਡਰਾਇੰਗ ਦੀ ਖੁਸ਼ੀ, ਜਾਂ ਪੱਤਰਕਾਰੀ ਦੀ ਸ਼ਾਂਤੀ ਵੱਲ ਮੁੜ ਸਕਦੇ ਹਨ। ਇਹ ਇੱਕ ਨਿੱਜੀ ਰਸਮ ਬਣ ਜਾਂਦੀ ਹੈ, ਰੀਚਾਰਜ ਕਰਨ ਅਤੇ ਤਾਜ਼ਾ ਕਰਨ ਦਾ ਇੱਕ ਤਰੀਕਾ, ਜਿਵੇਂ ਕਿ ਕਹਾਣੀ ਦੇ ਪੰਨਿਆਂ ਜਾਂ ਕੈਨਵਸ ਦੇ ਰੰਗਾਂ ਵਿੱਚ ਤੂਫਾਨ ਤੋਂ ਪਨਾਹ ਲੱਭਣਾ। ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਜਿਵੇਂ ਕਿ ਡਾਂਸ, ਸੰਗੀਤ, ਲਲਿਤ ਕਲਾ ਅਤੇ ਰਚਨਾਤਮਕ ਲੇਖਣੀ ਸਿਰਫ਼ ਮਨੋਰੰਜਨ ਨਹੀਂ ਹਨ; ਉਹ ਕਰੂਸੀਬਲ ਹਨ ਜਿੱਥੇ ਜੀਵਨ ਦੇ ਹੁਨਰ ਜਾਅਲੀ ਹੁੰਦੇ ਹਨ। ਸਮੱਸਿਆ-ਹੱਲ, ਅਨੁਕੂਲਤਾ, ਅਤੇ ਨਵੀਨਤਾ - ਬਾਲਗਪਨ ਵਿੱਚ ਸਾਰੇ ਜ਼ਰੂਰੀ ਹੁਨਰ - ਇਹਨਾਂ ਕੰਮਾਂ ਵਿੱਚ ਆਪਣੀਆਂ ਜੜ੍ਹਾਂ ਲੱਭਦੇ ਹਨ। ਬੱਚੇ ਅਭਿਆਸ ਦੁਆਰਾ ਧੀਰਜ, ਅਸਫਲਤਾ ਦੁਆਰਾ ਲਚਕੀਲਾਪਣ, ਅਤੇ ਪ੍ਰਗਟਾਵੇ ਦੁਆਰਾ ਆਤਮ ਵਿਸ਼ਵਾਸ ਸਿੱਖਦੇ ਹਨ, ਇੱਕ ਮਜ਼ਬੂਤ ਬੁਨਿਆਦ ਬਣਾਉਂਦੇ ਹਨ ਜੋ ਜੀਵਨ ਦੀਆਂ ਅਟੱਲ ਚੁਣੌਤੀਆਂ ਵਿੱਚ ਉਹਨਾਂ ਦਾ ਸਮਰਥਨ ਕਰੇਗੀ। ਮਾਪਿਆਂ ਅਤੇ ਸਿੱਖਿਅਕਾਂ ਨੂੰ ਚਾਹੀਦਾ ਹੈਬੱਚੇ ਦੇ ਮਾਨਸਿਕ ਅਤੇ ਭਾਵਨਾਤਮਕ ਵਿਕਾਸ ਵਿੱਚ ਇਹਨਾਂ ਗਤੀਵਿਧੀਆਂ ਦੀ ਭੂਮਿਕਾ ਨੂੰ ਪਛਾਣੋ।

ਅਕਾਦਮਿਕ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਰੁਚੀਆਂ ਵਿਚਕਾਰ ਸੰਤੁਲਿਤ ਪਹੁੰਚ ਨੂੰ ਉਤਸ਼ਾਹਿਤ ਕਰਨ ਨਾਲ ਅਜਿਹੇ ਲਚਕੀਲੇ ਵਿਅਕਤੀ ਪੈਦਾ ਹੋ ਸਕਦੇ ਹਨ ਜੋ ਨਾ ਸਿਰਫ਼ ਉੱਚ ਪ੍ਰਾਪਤੀ ਵਾਲੇ ਹਨ, ਸਗੋਂ ਖੁਸ਼ਹਾਲ, ਸਿਹਤਮੰਦ ਇਨਸਾਨ ਵੀ ਹਨ। ਜਿਉਂ-ਜਿਉਂ ਜ਼ਿੰਦਗੀ ਦੇ ਦਬਾਅ ਵਧਦੇ ਜਾਂਦੇ ਹਨ, ਇਹ ਰਚਨਾਤਮਕ ਪ੍ਰਗਟਾਵੇ ਐਂਕਰਾਂ ਵਿੱਚ ਬਦਲ ਜਾਂਦੇ ਹਨ, ਤਣਾਅ ਦੇ ਸਮੇਂ ਵਿੱਚ ਸਾਨੂੰ ਆਧਾਰ ਬਣਾਉਂਦੇ ਹਨ ਅਤੇ ਉਸ ਖੁਸ਼ੀ ਨੂੰ ਦੁਬਾਰਾ ਜਗਾਉਂਦੇ ਹਨ ਜੋ ਅਸੀਂ ਵੱਡੇ ਹੋਣ ਦੀ ਜਲਦਬਾਜ਼ੀ ਵਿੱਚ ਇੱਕ ਪਾਸੇ ਰੱਖ ਦਿੱਤਾ ਹੈ।

# ਗੁਰੂ ਤੇਗ ਬਹਾਦਰ ਸਾਹਿਬ ਜੀ

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰ ਧਰੀਜੈ।। ਸਿਰ ਦੀਜੈ ਕਾਣਿ ਨ ਕੀਜੈ।। ਅੰਗ-1412

ਹੇ ਭਾਈ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਹੈ ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਵੇ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜ਼ੀ ਲਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿਚ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਕੁਰਬਾਨੀਆਂ ਦਰਜ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿਚ ਤਿਆਗ, ਸੇਵਾ, ਤਪ, ਸੰਜਮ ਅਤੇ ਬਹਾਦਰੀ ਦੀਆਂ ਅਨੇਕ ਮਿਸਾਲਾਂ ਮਿਲ ਸਕਦੀਆਂ ਹਨ, ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਸੰਦਰਭ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਤੋਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਫੌਜੀ ਤਾਕਤ ਦਾ ਖਤਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਉਣ ਵਾਲੇ ਟਕਰਾਅ ਲਈ ਕੌਮ ਨੂੰ ਤਿਆਰ ਕਰਨ ਲਈ ਆਪਣੀ ਅਦੁੱਤੀ ਸ਼ਹਾਦਤ ਦੀ ਮਿਸਾਲ ਪੈਦਾ ਕੀਤੀ। ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਕੁਰਬਾਨੀਆਂ ਦਾ ਚਾਅ ਅਤੇ ਜੋਸ਼ ਭਰਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿੱਡਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿੱਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਵਿਚ ਘੋੜ ਸਵਾਰੀ ਦੇ ਨਿਪੁੰਨ ਸਨ। ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਅਜਿਹੇ ਜੌਹਰ ਵਿਖਾਏ ਕਿ ਆਪ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ, ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾ ਬੁਕਾਲੇ' ਦਾ ਇਸ਼ਾਰਾ ਦਿੱਤਾ। ਇਸਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਆਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਹਾਕਮ ਔਰੰਗਜੇਬ ਨੇ ਗੈਰ-ਮੁਸਲਮਾਨਾਂ 'ਤੇ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜ਼ੇਬ ਤੇ ਸਤਾਏ ਹੋਏ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਹੇਠ ਆਏ ਤੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਜੀ ਨੇ ਦ੍ਰਿੜ੍ਹ ਕਰਵਾਇਆ ਕਿ 'ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ।' ਔਰੰਗਜੇਬ ਨੇ ਗੁਰੂ ਜੀ ਨੂੰ ਤਲਬ ਕਰ ਲਿਆ।

ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਤੇ ਲਾਲਚ ਦਿੱਤੇ ਗਏ।

ਫਿਰ ਡਰਾਵੇ ਅਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤੀ। ਗੁਰੂ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸਚੇ ਨੂੰ ਡੇਗ ਨਹੀਂ ਸਕਿਆ।

ਅੰਤ 24 ਨਵੰਬਰ 1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸੀਸ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸਸ਼ੋਭਿਤ ਹੈ। ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਜੀ ਦੇ ਸਰੀਰ ਨੂੰ ਟੁਕੜੇ ਟੁਕੜੇ ਕਰਕੇ ਸ਼ਹਿਰ ਵਿਚ ਥਾਂ-ਥਾਂ ਲਟਕਾ ਦਿੱਤਾ ਜਾਵੇ। ਔਰ-ਗਜੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਹ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਹੈ। ਲੋਕਾਂ ਵਿਚ ਇਹ ਜ਼ੁਲਮ ਵੇਖ ਕੇ ਭਗਦੜ ਮੱਚ ਗਈ। ਇਸੇ ਵਿਚ ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਰੰਗਰੇਟਾ ਜਗਜੀਵਨ ਸਿੰਘ) ਨੇ ਗੁਰੂ ਜੀ ਦੇ ਸੀਸ ਨੂੰ ਬੜੀ ਸ਼ਰਧਾ ਭਾਵਨਾ ਨਾਲ ਸਾਂਭ ਕੇ ਆਨੰਦਪੁਰ ਪਹੁੰਚਾਇਆ। ਉਥੇ ਸੀਸ ਦਾ ਸਸਕਾਰ ਕੀਤਾ ਗਿਆ, ਜਿੱਥੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲ਼ ਨਾਲ ਲਾ ਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ।

ਭਾਈ ਲੱਖੀ ਸ਼ਾਹ ਵਣਜਾਰ ਅਤੇ ਭਾਈ ਉਦੈ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣਾ ਘਰ ਜਲਾ ਕੇ ਕੀਤਾ ਤਾਂ ਜੋ ਸਰਕਾਰ ਨੂੰ ਖਬਰ ਨਾ ਹੋਵੇ। ਉਥੇ ਗੁਰਦੁਆਰਾ ਰਕਾਬਗੰਜ ਦਿੱਲੀ ਸੁਸ਼ੋਭਿਤ ਹੈ। ਮਾਰਚ 29, 1679 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦ ਦਸਵੇਂ ਗੁਰੂ ਵਜੋਂ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ 1706 ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਦਰਜ ਕੀਤੀ ਗਈ। ਉਹਨਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ 59 ਪਦੇ (15 ਰਾਗਾਂ ਵਿਚ) ਅਤੇ 57 ਸਲੋਕ ਦਰਜ ਹਨ ਕਿ ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵੱਸਦਾ ਹੈ।

ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ।

ਕਾਹੇ ਰੇ ਬਨ ਖੋਜਨ ਜਾਈ।। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ- ਹੇ ਭਾਈ! ਪ੍ਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪ੍ਰਮਾਤਮਾ ਸਭ ਵਿਚ ਵੱਸਣ ਵਾਲਾ ਹੈ। ਸਦਾ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ।

-ਅੰਗ 684



ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ।। ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ।।

ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਹੇ ਨਾਨਕ! ਆਖ- ਹੇ ਮਨ! ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ। ਸੁੱਖ ਭੀ ਤਦੇ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ। ਅੰਗ- 1428

ਮਨੁ ਆਇਆ ਮੈਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ।। ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉ ਨੇ ਨਾਮੁ।।

ਮਨ ਮਾਇਆ ਵਿਚ ਲੁਪਤ ਰਹਿੰਦਾ ਹੈ। ਮਨੁੱਖ ਨੂੰ ਉਸ ਪ੍ਰਭੂ ਦਾ ਨਾਮ ਭੁੱਲ ਗਿਆ ਹੈ। ਹੇ ਨਾਨਕ! ਪ੍ਰਭੂ ਦੀ ਭਗਤੀ ਤੋਂ ਬਿਨਾਂ ਇਹ ਜੀਵਨ ਕਿਸ ਕੰਮ ਦਾ ਹੈ। ਅੰਗ 1427-28

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ।। ਕਰਿ ਪਰਪੰਚੁ ਜਗਤ ਕਉ ਡਹਕੇ ਅਪਨੋ ਉਦਰੁ ਭਰੈ।

- ਅੰਗ 536

ਹੇ ਭਾਈ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪ੍ਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ।

# ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਸੰਬੰਧੀ ਨੀਅਤ ਤੇ ਨੀਤੀ ਬਦਲਣੀ ਪਵੇਗੀ



ਉਜਾਗਰ ਸਿੰਘ
91-94178 13072

ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਆਪਣੀ ਵੱਖਰੀ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਕਰਨ ਲਈ ਚੰਡੀਗੜ੍ਹ ਵਿੱਚ 10 ਏਕੜ ਜ਼ਮੀਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਪੰਜਾਬੀਆਂ ਨੂੰ ਮਨਜ਼ੂਰ ਨਹੀਂ। ਪੰਜਾਬ ਤੇ ਪੰਜਾਬੀਆਂ ਨਾਲ ਸਰਾਸਰ ਧੱਕਾ ਹੈ। ਪੰਜਾਬ ਪੁਨਰਵਾਸ ਐਕਟ ਅਨੁਸਾਰ ਸੰਸਦ ਦੀ ਪ੍ਰਵਾਨਗੀ ਤੋਂ ਬਿਨਾ ਕੇਂਦਰ ਇਹ ਫ਼ੈਸਲਾ ਕਰ ਹੀ ਨਹੀਂ ਸਕਦਾ। ਜਦੋਂ ਕੋਈ ਨਵਾਂ ਰਾਜ ਬਣਦਾ ਹੈ ਤਾਂ ਉਸਦੀ ਰਾਜਧਾਨੀ ਵੀ ਨਵੀਂ ਬਣਦੀ ਹੈ। ਚੰਡੀਗੜ੍ਹ ਤਾਂ ਸਾਂਝੇ ਪੰਜਾਬ ਦੇ 22 ਪਿੰਡ ਉਜਾੜਕੇ ਬਣਾਇਆ ਗਿਆ ਸੀ। ਇਸ ਲਈ ਚੰਡੀਗੜ੍ਹ ਪੰਜਾਬ ਦਾ ਹੈ। 1984 ਤੱਕ ਚੰਡੀਗੜ੍ਹ ਦਾ ਪ੍ਰਸ਼ਾਸ਼ਨਿਕ ਅਧਿਕਾਰੀ ਪੰਜਾਬ ਕੇਡਰ ਦਾ ਆਈ.ਏ.ਐਸ.ਅਧਿਕਾਰੀ ਚੀਫ਼ ਕਮਿਸ਼ਨਰ ਹੁੰਦਾ ਸੀ। 1984 ਵਿੱਚ ਜਦੋਂ ਪੰਜਾਬ ਵਿੱਚ 'ਦਾ ਪੰਜਾਬ ਡਿਸਟਰਬਡ ਏਰੀਆ ਐਕਟ' ਲਾਗੂ ਹੋਇਆ ਤਾਂ ਚੀਫ਼ ਕਮਿਸ਼ਨਰ ਦੀ ਥਾਂ ਚੰਡੀਗੜ੍ਹ ਦੀਆਂ ਪ੍ਰਸ਼ਾਸ਼ਨਿਕ ਸ਼ਕਤੀਆਂ ਰਾਜਪਾਲ ਪੰਜਾਬ ਨੂੰ ਦੇ ਦਿੱਤੀਆਂ ਤੇ ਉਸਨੂੰ ਚੰਡੀਗੜ੍ਹ ਦਾ ਐਡਮਨਿਸਿਟਰੇਟਰ ਵੀ ਬਣਾ ਦਿੱਤਾ ਤਾਂ ਜੋ ਚੰਡੀਗੜ੍ਹ ਨਾਲ ਤਾਲਮੇਲ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਹ ਸ਼ਕਤੀਆਂ ਰਾਜਪਾਲ ਨੂੰ ਪੰਜਾਬ ਦਾ ਰਾਜਪਾਲ ਹੋਣ ਕਰਕੇ ਦਿੱਤੀਆਂ ਗਈਆਂ ਸਨ। 'ਦਾ ਪੰਜਾਬ ਡਿਸਟਰਬਰਡ ਏਰੀਆ ਐਕਟ' ਪੰਜਾਬ ਵਿੱਚੋਂ 2008 ਅਤੇ ਚੰਡੀਗੜ੍ਹ ਵਿੱਚੋਂ 2012 ਵਿੱਚੋਂ ਹਟਾ ਦਿੱਤਾ ਗਿਆ। ਜਦੋਂ ਇਹ ਐਕਟ ਹੋਂਦ ਵਿੱਚ ਹੀ ਨਹੀਂ ਰਿਹਾ ਤਾਂ ਫਿਰ ਚੰਡੀਗੜ੍ਹ ਦੀਆਂ ਪ੍ਰਸ਼ਾਸ਼ਨਿਕ ਸ਼ਕਤੀਆਂ ਪੰਜਾਬ ਕੇਡਰ ਦੇ ਆਈ.ਏ.ਐਸ. ਅਧਿਕਾਰੀ ਨੂੰ ਚੀਫ਼ ਕਮਿਸ਼ਨਰ ਲਗਾ ਕੇ ਕੇਂਦਰ ਸਰਕਾਰ ਕਿਉਂ ਨਹੀਂ ਦੇ ਰਹੀ? ਗ਼ਪੰਜਾਬ ਨਾਲ ਸਰਾਸਰ ਧੱਕਾ ਹੈ। ਚੜ੍ਹਦੇ ਪੰਜਾਬ ਦੀ ਵੰਡ ਸਮੇਂ ਜਦੋਂ 1966 ਵਿੱਚ ਪੰਜਾਬੀ ਸੂਬਾ ਬਣਾਇਆ ਗਿਆ ਸੀ ਤਾਂ ਪੰਜਾਬ ਵਿੱਚੋਂ ਨਿਕਲਣ ਵਾਲੇ ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਸੀ ਤੇ ਨਾਲ ਹੀ ਚੰਡੀਗੜ੍ਹ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ। ਇਹ ਅਸਥਾਈ ਪ੍ਰਬੰਧ ਸੀ ਤੇ ਇਹ ਵੀ ਕਿਹਾ ਗਿਆ ਸੀ ਕਿ ਪੰਜਾਬ ਨੂੰ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀਆਂ ਦਾ ਮਸਲਾ ਹਲ ਕਰ ਲਿਆ ਜਾਵੇਗਾ। ਬਾਅਦ ਵਿੱਚ ਹਰਿਆਣਾ ਆਪਣੀ ਰਾਜਧਾਨੀ ਆਪਣੇ ਸੂਬੇ ਵਿੱਚ ਪੰਚਕੂਲਾ ਵਿਖੇ ਬਣਾ ਲਵੇਗਾ।

1966 ਵਿੱਚ 'ਪੰਜਾਬ ਪੁਨਰਵਾਸ ਐਕਟ' ਲਾਗੂ ਹੋਇਆ। 1970 ਵਿੱਚ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਅਤੇ ਹਰਿਆਣਾ ਨੂੰ ਫਾਜਿਲਕਾ ਦਾ ਹਿੰਦੀ ਬੋਲਦਾ ਇਲਾਕਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਦੇ ਨਾਲ ਹੀ ਪੰਜਾਬ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਲਈ 20 ਕਰੋੜ ਰੁਪਏ ਦੇਵੇਗਾ। ਜਦੋਂ 12 ਸਾਲ ਇਹ ਫ਼ੈਸਲਾ ਲਾਗੂ ਨਾ ਹੋਇਆ ਤਾਂ ਅਕਾਲੀ ਦਲ ਨੇ 1982 ਵਿੱਚ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕੇ ਲੈਣ ਲਈ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ। ਇਹ ਧਰਮ ਯੁੱਧ ਮੋਰਚਾ ਅਕਾਲੀ ਦਲ ਦੇ ਹੱਥੋਂ ਨਿਕਲਕੇ ਕਰੂਪ ਰੂਪ ਧਾਰ ਗਿਆ, ਜਿਸਦਾ ਇਵਜਾਨਾ ਪੰਜਾਬ/ ਪੰਜਾਬੀਆਂ/ਸਿੱਖਾਂ ਨੂੰ ਭੁਗਤਣਾ ਪਿਆ। 1985 ਵਿੱਚ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ, ਸਮਝੌਤੇ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਵਾਅਦਾ ਵੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਵਰਗ ਸਿਧਾਰ ਜਾਣ ਕਰਕੇ ਇਹ ਫ਼ੈਸਲਾ ਲਾਗੂ ਨਹੀਂ ਹੋ ਸਕਿਆ। 1997 ਵਿੱਚ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਰਾਜਪਾਲ ਨੇ ਆਪਣੇ ਭਾਸ਼ਣ ਵਿੱਚ ਚੰਡੀਗੜ੍ਹ ਜਲਦੀ ਪੰਜਾਬ ਨੂੰ ਦੇਣ ਲਈ ਕਿਹਾ। ਇਸ ਤੋਂ ਬਾਅਦ ਹਰਿਆਣਾ ਨੇ ਆਪਣੀ ਵਿਧਾਨ ਸਭਾ ਵਿੱਚ ਚੰਡੀਗੜ੍ਹ 'ਤੇ ਹਰਿਆਣਾ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ। ਇਸ ਰੇੜਕੇ ਦੌਰਾਨ 2021 ਵਿੱਚ ਹਰਿਆਣਾ ਦੇ ਤਤਕਾਲ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਲਈ ਵੱਖਰੀ ਵਿਧਾਨ ਸਭਾ ਚੰਡੀਗੜ੍ਹ ਵਿੱਚ ਬਣਾਉਣ ਲਈ ਜ਼ਮੀਨ ਦੇਣ ਵਾਸਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਦਿੱਤੀ। 1 ਅਪ੍ਰੈਲ 2022 ਨੂੰ ਪੰਜਾਬ ਨੇ ਵਿਧਾਨ ਸਭਾ ਵਿੱਚ ਚੰਡੀਗੜ੍ਹ ਪੰਜਾਬ ਨੂੰ ਤੁਰੰਤ ਦੇਣ ਦਾ ਮਤਾ ਪਾਸ ਕਰ ਦਿੱਤਾ। 5 ਅਪ੍ਰੈਲ 2022 ਨੂੰ ਹਰਿਆਣਾ ਵਿਧਾਨ ਸਭਾ ਨੇ ਆਪਣੇ ਹੱਕ ਦਾ ਮਤਾ ਪਾਸ ਕਰ ਦਿੱਤਾ। ਜੁਲਾਈ 2022 ਵਿੱਚ ਜੈਪੁਰ ਵਿਖੇ ਉਤਰੀ ਜੋਨਲ ਕੌਂਸਲ ਦੀ ਮੀਟਿੰਗ ਵਿੱਚ ਮਨੋਹਰ ਲਾਲ ਖੱਟਰ ਨੇ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦੀ ਆਪਣੀ ਮੰਗ ਦੁਹਰਾ ਦਿੱਤੀ। ਅਮਿਤ ਸ਼ਾਹ ਨੇ ਤੁਰੰਤ ਜ਼ਮੀਨ ਦੇਣ ਦਾ ਐਲਾਨ ਕਰ ਦਿੱਤਾ। ਇੱਕ ਸਾਲ ਬਾਅਦ ਜੁਲਾਈ 2023 ਵਿੱਚ ਚੰਡੀਗੜ੍ਹ ਪ੍ਰਸ਼ਾਸ਼ਨ ਜ਼ਮੀਨ ਦੇਣ ਲਈ ਸਹਿਮਤ ਹੋ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਮਾਮਲੇ ਵਿੱਚ ਸੰਜੀਦਗੀ ਨਹੀਂ ਵਿਖਾਈ ਸਗੋਂ ਆਪਣੀ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹੇ। ਹਾਲਾਂ ਕਿ ਅਕਾਲੀ ਦਲ , ਬੀ.ਜੇ.ਪੀ.ਅਤੇ ਕਾਂਗਰਸ ਪਾਰਟੀ ਦੀਆਂ ਇੱਕੋ ਸਮੇਂ ਪੰਜਾਬ, ਹਰਿਆਣਾ ਅਤੇ ਕੇਂਦਰ ਵਿੱਚ ਸਰਕਾਰਾਂ ਰਹੀਆਂ ਹਨ। ਕੋਈ ਫ਼ੈਸਲਾ ਤਾਂ ਕਰਵਾ ਸਕਦੀਆਂ ਸਨ।

ਮਈ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਵਿੱਚੋਂ ਕੁਲ ਪੋਲ ਹੋਈਆਂ ਵੋਟਾਂ ਵਿੱਚੋਂ 19 ਫ਼ੀ ਸਦੀ ਵੋਟਾਂ ਭਾਰਤੀ ਜਨਤਾ ਪਾਰਟੀ ਦੀ ਝੋਲੀ ਵਿੱਚ ਪੈਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਸਰਕਾਰ ਬਣਾਉਣ ਦੇ ਸਪਨੇ ਸਿਰਜਣ ਲੱਗ ਪਈ ਹੈ। ਸਰਕਾਰ ਬਣਾਉਣ ਦੇ ਸਪਨੇ ਲੈਣਾ ਕਿਸੇ ਵੀ ਸਿਆਸੀ ਪਾਰਟੀ ਦਾ ਜਮਹੂਰੀ ਹੱਕ ਹੁੰਦਾ ਹੈ, ਪ੍ਰੰਤੂ ਅਜਿਹੇ ਸਪਨੇ ਲੈਣ ਸਮੇਂ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਲਈ ਵੀ ਬਚਨਵੱਧ ਹੋਣਾ ਚਾਹੀਦਾ ਹੈ। ਪਰ ਉਹ ਪੰਜਾਬ/ਪੰਜਾਬੀਆਂ/ਸਿੱਖਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲਣ ਲਈ ਤਿਆਰ ਹੀ ਨਹੀਂ। ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਜ਼ਮੀਨ ਦੇਣ ਵਰਗੇ ਪੱਖਪਾਤੀ ਫ਼ੈਸਲਿਆਂ ਤੋਂ ਬਾਅਦ ਵੀ ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਦੀ ਸੋਚ ਰਹੀ ਹੈ ਤਾਂ ਮੰਗੇਰੀ ਲਾਲ ਦੇ ਸਪਨਿਆਂ ਤੋਂ ਵੱਧ ਕੁਝ ਵੀ ਨਹੀਂ ਹੈ। ਭਾਰਤੀ ਜਨਤਾ ਪਾਰਟੀ ਨਵੀਂਆਂ ਹੀ ਗੋਂਦਾਂ ਗੁੰਦ ਕੇ ਪੰਜਾਬ/ਪੰਜਾਬੀਆਂ/ਸਿੱਖਾਂ ਨੂੰ ਨੀਵਾਂ ਵਿਖਾਉਣ ਦੀ ਕੋਈ ਕਸਰ ਨਹੀਂ ਛੱਡ ਰਹੀ। ਭਾਰਤੀ ਜਨਤਾ ਪਾਰਟੀ ਦੇ ਕੁਝ ਲੀਡਰ ਪੰਜਾਬੀਆਂ/ਸਿੱਖਾਂ ਨੂੰ ਦੇਸ਼ ਵਿਰੋਧੀ ਕਹਿ ਦਿੰਦੇ ਹਨ। ਸਾਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਦੀ ਅਜੇ ਵੀ ਲੋੜ ਹੈ। ਕਿਸਾਨ ਅੰਦੋਲਨ ਦੌਰਾਨ ਗ਼ਲਤ ਇਲਜ਼ਾਮ ਕਿਸਾਨਾ 'ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਲਗਾਏ, ਕਦੇ ਉਨ੍ਹਾਂ ਨੂੰ ਅਤਵਾਦੀ, ਖਾਲਿਸਤਾਨੀ ਅਤੇ ਕਦੇ ਕੁਝ ਹੋਰ ਕਿਹਾ ਜਾਂਦਾ ਰਿਹਾ। ਐਕਟਰੈਸ ਕੰਗਣਾ ਰਣੌਤ ਅਕਸਰ ਪੰਜਾਬੀਆਂ/ਸਿੱਖਾਂ ਬਾਰੇ ਵਿਵਾਦਤ ਬਿਆਨ ਦਿੰਦੀ ਰਹਿੰਦੀ ਹੈ। ਕਦੇ ਉਸਨੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਵਾਲੀਆਂ ਇਸਤਰੀਆਂ ਬਾਰੇ ਮੰਦਾ ਬੋਲਦਿਆਂ ਕਿਹਾ ਕਿ ਇਹ ਔਰਤਾਂ 200 ਰੁਪਏ ਵਿੱਚ ਭਾੜੇ 'ਤੇ ਲਿਆਂਦੀਆਂ ਹੋਈਆਂ ਹਨ, ਕਦੇ ਪੰਜਾਬੀਆਂ/ਸਿੱਖਾਂ ਨੂੰ ਨਸ਼ਈ, ਖਾਲਿਸਤਾਨੀ ਅਤੇ ਕਦੀ ਐਮਰਜੈਂਸੀ ਫਿਲਮ ਵਿੱਚ। ਸ੍ਰੀ ਗੁਰੂ ਤੇਗ ਬਹਾਦਰ ਨੇ ਦਿੱਲੀ ਜਾ ਕੇ ਕਸ਼ਮੀਰੀ ਪੰਡਤਾਂ ਦੀ ਜਾਨ ਬਚਾਉਣ ਲਈ ਆਪਣੀ ਆਹੂਤੀ ਦਿੱਤੀ ਸੀ। ਉਦੋਂ ਕੋਈ ਹੋਰ ਹਿੰਦੂਆਂ ਦੀ ਰੱਖਿਆ ਲਈ ਕਿਉਂ ਨਹੀਂ ਆਇਆ? ਹਿੰਦੂ ਤਾਂ ਰਹਿੰਦੀ ਦੁਨੀਆਂ ਤੱਕ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਮੋੜ ਸਕਦੇ।

ਜਦੋਂ ਤੋਂ ਕੇਂਦਰ ਵਿੱਚ 2014 ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬਣੀ ਹੈ ਤਾਂ ਭਾਰਤੀ ਜਨਤਾ ਪਾਰਟੀ ਦੀ ਨੀਤੀ ਤੇ ਨੀਅਤ ਬਦਲ ਗਈ ਹੈ। ਭਾਰਤੀ ਜਨਤਾ ਪਾਰਟੀ 'ਤੇ ਇਲਜ਼ਾਮ ਲੱਗਦਾ ਹੈ, ਕਿਸੇ ਹੱਦ ਤੱਕ ਸਹੀ ਵੀ ਹੈ ਕਿ ਉਹ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਨਹੀਂ ਕਰਦੀ ਸਗੋਂ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਚਲ ਰਹੀ ਹੈ। 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਪਹਿਲੀ ਵਾਰ ਇਕੱਲਿਆਂ ਚੋਣਾਂ ਲੜੀਆਂ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ 117 ਵਿਧਾਨ ਸਭਾ ਦੀਆਂ ਸੀਟਾਂ ਵਿੱਚੋਂ 73 ਸੀਟਾਂ 'ਤੇ ਚੋਣ ਲੜੀ ਸੀ ਅਤੇ 6.60 ਫ਼ੀ ਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। 2024 ਦੀਆਂ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਨੇ 13 ਸੀਟਾਂ ਤੋਂ ਚੋਣ ਲੜੀ ਸੀ। ਆਯੋਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਕਰਕੇ ਮੋਦੀ ਲਹਿਰ ਹੋਣ ਕਰਕੇ ਭਾਰਤੀ ਜਨਤਾ ਪਾਰਟੀ 18.56 ਫ਼ੀ ਸਦੀ ਵੋਟਾਂ ਲੈ ਗਈ ਪ੍ਰੰਤੂ ਇੱਕ ਵੀ ਸੀਟ ਜਿੱਤ ਨਹੀਂ ਸਕੀ। ਪੰਜਾਬ ਵਿੱਚ ਘੱਟ ਗਿਣਤੀਆਂ ਤਾਂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੀਆਂ ਨੀਤੀਆਂ ਥੱਲੇ ਪਿਸ ਰਹੀਆਂ ਹਨ। ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਪਣੇ ਪੈਰ ਸਪਾਰਨਾ ਚਾਹੁੰਦੀ ਹੈ ਤਾਂ ਉਸਨੂੰ ਆਪਣੀ ਨੀਅਤ ਅਤੇ ਨੀਤੀ ਵਿੱਚ ਸੋਧ ਕਰਨੀ ਪਵੇਗੀ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਨੇ ਬਹੁਤ ਸਾਰੇ ਪੰਜਾਬੀਆਂ/ਸਿੱਖਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਕੇ ਲੋਕ ਸਭਾ ਦੀਆਂ ਟਿਕਟਾਂ ਵੀ ਦਿੱਤੀਆਂ ਅਤੇ ਕਈ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤ ਵੀ ਕੀਤਾ ਹੈ। ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਸੰਸਦੀ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਬਣਾਕੇ ਰੇਲਵੇ ਵਰਗਾ ਮਹੱਤਵਪੂਰਨ ਵਿਭਾਗ ਦਿੱਤਾ ਗਿਆ ਹੈ। ਪੰਜਾਬ ਦੀਆਂ ਚਾਰ ਉਪ ਚੋਣਾਂ ਵਿੱਚ ਵੀ ਚਾਰੇ ਸਿੱਖ ਉਮੀਦਵਾਰ ਬਣਾਏ ਹਨ, ਪ੍ਰੰਤੂ ਇਸ ਦੇ ਉਲਟ ਪੰਜਾਬੀਆਂ/ਸਿੱਖਾਂ ਬਾਰੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਬਿਆਨ ਦੇ ਰਹੇ ਹਨ। ਹੁਣ ਤੱਕ ਕੀਤੇ ਕੰਮਾਂ ਦਾ ਸਿਹਰਾ ਵੀ ਖ਼ਤਮ ਹੋ ਜਾਵੇਗਾ ਇਸ ਪ੍ਰਕਾਰ ਪਾਰਟੀ ਪੰਜਾਬੀਆਂ/ਸਿੱਖਾਂ ਦਾ ਵਿਸ਼ਵਾਸ਼ ਜਿੱਤ ਨਹੀਂ ਸਕਦੀ। ਭਾਰਤੀ ਜਨਤਾ ਪਾਰਟੀ ਨੂੰ ਦੋਗਲੀ ਨੀਤੀ ਤੋਂ ਖਹਿੜਾ ਛੁਡਾਉਣਾ ਪਵੇਗਾ।

# ਧਾਰਮਿਕ ਅਤੇ ਸਮਾਜ ਸੁਧਾਰਕ ਬੈਂਡ ਮਈ ਕਵਿਤਾ ਦਾ ਸਿਰਜਕ : ਕਵੀ ਦਲਬੀਰ ਸਿੰਘ ਰਿਆੜ

ਉਮਰ ਦੀਆਂ 67 ਬਹਾਰਾਂ ਮਾਣ ਚੁਕੇ ਪੰਥਕ ਕਵੀ, ਲੇਖਕ ਪ੍ਰਚਾਰਕ ਦਲਬੀਰ ਸਿੰਘ ਰਿਆੜ ਬਤੌਰ ਗਣਿਤ ਪ੍ਰਾਧਿਆਪਕ, ਸਰਕਾਰੀ ਕੰਨਿਆ ਸੀ।ਸੈ। ਸਕੂਲ ਆਬਾਦਪੁਰਾ, ਨਕੋਦਰ ਰੋਡ, ਜਾਲੰਧਰ, ਪੰਜਾਬ ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਪੰਜਾਬੀ ਸਾਹਿਤ ਦੀ ਝੋਲੀ ਵਿਚ ਉਹ ਧਾਰਮਿਕ ਅਤੇ ਸਮਾਜ ਸੁਧਾਰਕ ਕਵਿਤਾਵਾਂ ਦੀਆਂ ਪੰਜ ਪੁਸਤਕ ਪਾ ਚੁੱਕੇ ਹਨ।

ਉਹ ਸ਼੍ਰੋਮਣੀ ਗੁਰਸਿੱਖ ਕਵੀ ਸਭਾ ਦੇ ਪ੍ਰਧਾਨ, ਪੰਜਾਬੀ ਲਿਖਾਰੀ ਸਭਾ (ਰਜਿ।) ਜਾਲੰਧਰ ਦੇ ਚੇਅਰਮੈਨ, ਕੰਵਰ ਸਤਨਾਮ ਸਿੰਘ ਖ਼ਾਲਸਾ ਸਕੂਲ ਜਾਲੰਧਰ ਦੇ ਡਾਇਰੈਕਟਰ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਗੁਰਮਤਿ ਡਿਪਲੋਮਾ, ਭਾਸ਼ਾ ਵਿਭਾਗ ਪੰਜਾਬ ਅਤੇ ਹਰਿਆਣਾ ਉਰਦੂ ਅਕੈਡਮੀ ਤੋਂ ਉਰਦੂ ਡਿਪਲੋਮਾ ਆਦਿ ਪ੍ਰਾਪਤੀਆਂ ਦੇ ਬੰਦਨਵਾਰ ਸਜਾ ਚੁੱਕੇ ਹਨ।



ਪੰਥਕ ਕਵੀ ਦੇ ਤੌਰ ’ਤੇ ਉਹ ਦੇਸ਼ ਵਿਦੇਸ਼ ਵਿਚ ਲਗਭਗ ਪ੍ਰਸਿੱਧ ਧਾਰਮਿਕ ਸਥਾਨਾਂ ਵਿਖੇ ਅਪਣੀਆਂ ਕਵਿਤਾਵਾਂ ਦੇ ਜੌਹਰ ਵਿਖਾ ਚੁਕੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਸਿਧੇ ਤੌਰ ’ਤੇ ਦਿਲ ਦਿਮਾਗ ਵਿਚ ਉਤਰਦੀਆਂ ਹਨ। ਸਰਲ ਅਤੇ ਸਪਸ਼ਟ ਭਾਸ਼ਾ ਵਿਚ ਦ੍ਰਿਸ਼ ਚਿੱਤਰਣ ਦੀ ਠਾਠ ਅਲੱਗ ਹੀ ਹੁੰਦੀ ਹੈ। ਕਵਿਤਾ ਦਾ ਰੂਪ ਇਸ ਕੋਸ਼ਲਤਾ ਨਾਲ ਰਚਦੇ ਹਨ ਕਿ ਨਵ ਨਿਰਮਿਤ ਵਿਚਾਰ ਸਾਧਨਾ ਵਿਚ ਭਾਵ ਰੂਪ ਧਾਰਣ ਕਰ ਲੈਂਦੇ ਹਨ। ਪਰੰਪਰਾਵਾਂ ਵਿਚ ਰਹਿ ਕੇ ਨਵੇਂ ਮੋੜ, ਇਤਿਹਾਸਕ ਘਟਨਾਵਾਂ ਅਤੇ ਚਰਿਤਰਾਂ ਨੂੰ ਉਭਾਰਦੇ ਹਨ। ਕਵਿਤਾ ਵਿਚ ਰਿਧਮ ਲੈਅ ਝਰਨੇ ਦੀ ਰਵਾਨਗੀ ਵਾਗੂੰ ਅੰਤਰ ਨਿਹਿਤ ਹੁੰਦਾ ਹੈ। ਬਹੁਤ ਘੱਟ ਕਵੀ ਹਨ ਜੋ ਆਧਿਆਤਮਿਕ ਅਤੇ ਸਮਾਜ ਸੁਧਾਰਕ ਕਿਰਿਆਵਾਂ ਉਪਰ ਕਵਿਤਾ ਸਿਰਜਨ ਦਾ ਕਾਰਜ ਕਰਦੇ ਹਨ। ਸ਼ਬਦ ਹੀ ਕਵੀ ਦੀ ਸੰਪਦਾ ਹੈ। ਵਾਸਤਵ ਵਿਚ ਸੰਵੇਦਨਸ਼ੀਲਤਾ ਜੋ ਕਿ ਕਵੀ ਦੇ ਵਿਅਕਤੀਤਵ ਦਾ ਦੂਸਰਾ ਪਹਿਲੂ ਹੈ। ਉਸ ਦੀ ਹੋਂਦ ਦਾ ਗਤੀਸ਼ੀਲ ਅਤੇ ਪਰਿਵਰਤਨ ਸ਼ੀਲ ਅੰਗ ਹੁੰਦਾ ਹੈ। ਕਵੀ ਤਾਂ ਇਕ ਤੀਰਥ ਯਾਤਰੀ ਹੈ, ਸ਼ਬਦ ਜਿਸ ਦਾ ਪਥ ਪ੍ਰਦਰਸ਼ਕ ਹੈ। ਸ਼ਬਦ ਹੀ ਉਹ ਤੱਤ ਹੈ ਜਿਸ ਦੇ ਦੁਆਰਾ ਮਾਤਰ, ਜਿਸ ਦੇ ਦੁਆਰਾ ਹੀ ਕਵੀ ਦੀ ਹੋਂਦ ਹੈ।

ਰਿਆੜ ਨੇ ਇਹ ਕਵਿਤਾਵਾਂ, ਮਾਨਵ ਭਵਿੱਖ ਦੇ ਗੁਰੂਤਾ ਆਕਰਸ਼ਨ ਤੋਂ ਖਿੱਚ ਕੇ ਅਪਣੀ ਹੀ ਅੰਤਰ ਦ੍ਰਿਸ਼ਟੀ ਤੋਂ ਪ੍ਰੇਰਿਤ ਹੋ ਕੇ ਲਿਖੀਆਂ ਕਵਿਤਾਵਾਂ ਵਿਚ ਸੰਤਾਂ, ਮਹਾਂਪੁਰਸ਼ਾਂ ਦੀ ਵਾਸਤਵਿਤ ਸ਼ੈਲੀ ਵਿਚ ਸ਼ਰਧਾ ਪੂਰਵਕ ਸੰਦਰਭ ਨੂੰ ਮੁੱਖ ਰੱਖਿਆ ਗਿਆ ਹੈ ਜੋ ਮਾਨਵੀਏ ਪ੍ਰਤਿਸ਼ਠਾ ਦੇ ਪ੍ਰਤੀਕੂਲ ਹੈ। ਇਹ ਕਵਿਤਾਵਾਂ ਮਾਰਗ ਦਰਸ਼ਨ ਕਰਦੀਆਂ ਹੋਈਆਂ ਵਿਚਾਰਾਂ ਵਿਚ ਮਿੱਤਰਤਾ, ਦੇਸ਼ ਭਗਤੀ, ਪੈਦਾ ਕਰਦੀਆਂ ਹੋਈਆਂ ਅੰਧ ਵਿਸ਼ਵਾਸ਼ਾਂ ਨੂੰ ਨਜ਼ਰ ਅੰਦਾਜ਼ ਕਰਦੀਆਂ ਹਨ। ਹਨੇਰੇ ਵਿਚ ਪ੍ਰਕਾਸ਼ ਕਰਦੀਆਂ ਕਵਿਤਾਵਾਂ ਵਿਚਲੀ ਲੈਅ ਮੰਤਰ ਮੁਗਧਤਾ ਨੂੰ ਛੂਹਦੀਆਂ ਹਨ। ਅਪਣੀ ਵਿਰਾਸਤ ਨੂੰ ਸ਼ਾਨਦਾਰ ਢੰਗ ਨਾਲ ਬਣਾਏ ਰੱਖਣ ਦੀ ਦਲੀਲ ਅਪੀਲ ਉਜਾਗਰ ਕਰਦੀਆਂ ਹਨ।

ਉਹ ਵੈਦਿਕ, ਦੈਹਿਕ, ਭੌਤਿਕ ਅਤੇ ਅਧਿਆਤਮਿਕਤਾ ਦਾ ਸੁਭਾਵਿਕ ਤੌਰ ’ਤੇ ਪਰਾਏਦਾਰੀ ਹੈ। ਆਸ਼ਾਵਾਂ, ਚਿੰਤਾਵਾਂ, ਨਿਗਸ਼ਾਵਾ, ਅੰਧ ਵਿਸ਼ਵਾਸੀ ਕਿਰਿਆਵਾਂ ਦੇ ਉਪਰ ਉਸ ਦੀ ਅੱਖਰ ਜਨਨੀ ਨੇ ਵਾਸਤਵਿਕ ਲੱਛਣ ਪੇਸ਼ ਕੀਤੇ ਹਨ।

ਉਸ ਨੇ ਇਤਿਹਾਸਿਕ ਸ਼ਖ਼ਸੀਅਤਾਂ ਗੁਰੂ ਸਾਹਿਬਾਨਾਂ ਉਪਰ ਵੀ ਮਜ਼ਬੂਤ ਅਤੇ ਲੈਅਬੱਧ ਹਿਰਦੇ ਵੇਦਕ ਕਵਿਤਾਵਾਂ ਲਿਖ ਕੇ ਕਵੀ ਹੋਣ ਦਾ ਮਾਨ ਹਾਸਿਲ ਕੀਤਾ ਹੈ।

ਉਸ ਦੀਆਂ ਕਵਿਤਾਵਾਂ ਵਿਚ ਭਾਵਬੋਧ, ਮਾਨਵੀਏ ਸੋਚ, ਸਾਮਜਿਕ ਸਰੋਕਾਰ ਦੀ ਯਥਾਰਥ ਤਸਵੀਰ ਉਭਰਦੀ ਨਜ਼ਰ ਆਉਂਦੀ ਹੈ। ਉਸ ਨੇ ਬਿੰਬਾਂ, ਰੂਪਕਾਂ ਵਿਚ ਜਿੱਥੇ ਪਰੰਪਰਾਗਤ ਬੈਂਤ ਸ਼ੈਲੀ ਵਿਕਸਤ ਕੀਤੀ ਹੈ ਉਥੇ ਨਾਲ ਨਾਲ ਆਧੁਨਿਕਤਾ ਦੀ ਨਵੀਂ ਉਰਜਾ ਵੀ ਪ੍ਰਦਾਨ ਕੀਤੀ ਹੈ।

ਕਵਿਤਾਵਾਂ ਦੀ ਭਾਸ਼ਾ ਸ਼ੈਲੀ, ਉਚਾਰਣ ਉਸ ਦੇ ਨਿਵੇਕਲੇ, ਦਿਲਖਿੱਚਵੇਂ ਅੰਦਾਜ਼ ਵਿਚ ਪੂਰੇ ਪੂਰੇ ਉਤਰਦੇ ਹਨ। ਕੁਝ ਕਵਿਤਾਵਾਂ ਵਿਚ ਦਵੰਦਾਤਮਿਕ ਅੰਤਰ ਦ੍ਰਿਸ਼ਟੀ ਨੂੰ ਉਜਾਗਰ ਕਰਕੇ ਮੌਲਿਕ ਅਤੇ ਅਛੂਤੇ ਬਿੰਧ ਪ੍ਰਦਾਨ ਕੀਤੇ ਹਨ। ਬੇਤੁਕੇਪਣ ਦੀ ਦਸ਼ਾ, ਦਿਸ਼ਾ ਜਾਂ ਘਟਨਾਵਾਂ ਦਾ ਵਰਨਣ ਕੋਹਾਂ ਮੀਲ ਦੂਰ ਹੈ।

ਕਵਿਤਾਵਾਂ ਵਿਚ ਵੱਖ-ਵੱਖ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਕਵਿਤਾ ਵਿਚ ਛੰਦੋਮਈ, ਲੈਯਾਤ ਮਿਕਤਾ, ਮਰਮਸ਼ਪਰਸ਼ੀ ਛੂਹਣ ਲੂੰਅ ਕੰਡੇ ਖੜ੍ਹੇ ਕਰਨ ਦੀ ਸਮਰਥਾ ਰਖਦੀ ਹੈ। ਸਿਖਿਅਕ ਅਤੇ ਮੱਧ ਵਰਗ ਦੇ ਦਰਮਿਆਨ ਕਾਵਿ ਸ਼ਕਤੀ ਅਪਣੀ ਹੋਂਦ ਬਣਾਉਂਦੀ ਹੋਈ ਨਜ਼ਰ ਆਉਂਦੀ ਹੈ। ਦਰਅਸਲ ਰਿਆੜ ਦੀ ਕਵਿਤਾ ਵਿਚ ਛੰਦਬੰਦੀ ਦੇ ਰੁਕਣਾ ਵਿਚ ਰਵਾਨਗੀ ਅਤੇ ਬਹਿਰਾਂ ਦੀ ਪਰਪੱਕਤਾ ਵਿਚ ਅਹਿਸਾਸ ਦੀ ਸ਼ਿੱਦਤ ਟਣਕਦੀ ਨਜ਼ਰ ਆਉਂਦੀ ਹੈ। ਉਸ ਦੀਆਂ ਕਵਿਤਾਵਾਂ ਜਿਥੇ ਧਾਰਮਿਕ, ਸਮਾਜਿਕ ਕਿਰਿਆਵਾਂ ਰਾਹੀਂ ਮਨੁੱਖ ਵਿਚ ਸੰਵੇਦਨਾ ਦੀ ਤਰਲਤਾ ਪੈਦਾ ਕਰਦੀਆਂ ਉਥੇ ਮੌਲਿਕ ਕਲਿਆਣ ਦਾ ਰਸਤਾ ਵੀ ਦਸਦੀਆਂ ਹਨ।

ਸਟੇਜੀ ਕਵਿਤਾ ਦਾ ਸਭ ਤੋਂ ਵੱਡਾ ਮੌਲਿਕ ਗੁਣ ਹੈ ਕਿ ਕਵੀ ਅਪਣੀ ਕਵਿਤਾ ਵਿਚ ਕੋਈ ਵੀ ਕਹਾਣੀ ਨੁਮਾ ਪ੍ਰਸੰਗ ਜਦ ਪੇਸ਼ ਕਰਦਾ ਹੈ ਤਾਂ ਕਵਿਤਾ ਦੀ ਅਗਲੀ ਲਾਈਨ ਅਪਣੇ ਨਿੱਜੀ ਅੰਦਾਜ਼ ਵਿਚ ਜਦ ਲਮਗਾ ਕੇ ਬੋਲਦਾ ਹੈ ਤਾਂ ਸਰੋਤੇ ਦੂਸਰੀ ਲਾਈਨ ਦਾ ਕਾਫੀਆ ਰਦੀਫ਼ ਸਹਿਜ ਸੁਭਾਅ ਹੀ ਫੜ ਲੈਂਦੇ ਹਨ। ਇਸ ਵਿਚ ਕਵੀ ਤੇ ਸਰੋਤਿਆਂ ਦਾ ਨਿੱਘਾ ਦਿਮਾਗੀ ਤਾਲਮੇਲ ਇਕਾਗਰਤਾ ਵਿਚ ਵਹਿਣ ਲਗਦਾ ਹੈ। ਇਹ ਗੁਣ ਰਿਆੜ ਦੀ ਕਵਿਤਾ ਤੇ ਅੰਦਾਜ਼ ਵਿਚ ਹੈ। ਉਹ ਦੇਸ਼ ਵਿਦੇਸ਼ ਦੇ ਕਵੀ ਦਰਬਾਰਾਂ ਵਿਚ ਭਾਗ ਲੈਂਦਾ ਆ ਰਿਹਾ ਹੈ। ਕਈ ਮਾਨ ਸਨਮਾਨ ਹਾਸਿਲ ਕਰ ਚੁੱਕਾ ਹੈ।

ਬਹੁਤ ਘੱਟ ਸਟੇਜੀ ਕਵੀ ਨਜ਼ਰ ਆਉਂਦੇ ਹਨ ਪਰ ਰਿਆੜ ਨੇ ਸਟੇਜੀ ਕਵਿਤਾ ਨੂੰ ਬੈਂਤ ਵਿਧਾ ਦੇ ਜ਼ਰੀਏ ਪ੍ਰਾਚੀਨ ਪਰੰਪਰਾਵਾਂ ਨੂੰ ਜੀਵਤ ਰਖਣ ਦਾ ਉਪਰਾਲਾ ਜਾਰੀ ਰਖਿਆ ਹੋਇਆ ਹੈ। ਅਪਣੀ ਮਿਟੀ ਦੀ ਪਰੰਪਰਾ ਦਾ ਧਰਮ ਕਿੰਨਾ ਮਹਾਨ ਅਤੇ ਕਿੰਨਾ ਵੱਡਾ ਹੁੰਦਾ ਹੈ। ਉਸ ਨੇ ਪੰਜਾਬੀ ਬੈਂਤ ਵਿਧਾ ਦੀ ਪਰੰਪਰਾ ਵਾਲੀ ਮਿੱਟੀ ਦੀ ਖ਼ੁਸ਼ਬੂ ਨਾਲ ਪੰਜਾਬੀ ਸਾਹਿਤ ਦਾ ਗੁਲਸ਼ਨ ਮਾਲਾ ਮਾਲ ਕੀਤਾ ਹੋਇਆ ਹੈ।

ਰਿਆੜ ਨੇ ਕਿਹਾ ਕਿ ਨੌਜਵਾਨਾਂ ਦੇ ਨਾਮ ਸੰਦੇਸ਼ ਹੈ ਕਿ ਅਪਣੀਆਂ ਪਰੰਪਰਾਵਾਂ ਵਾਲੀਆਂ ਕਵਿਤਾਵਾਂ, ਵਿਧਾਵਾਂ ਦੀ ਜ਼ਮੀਨ ਨਾ ਛੱਡੋ। ਵਿਦੇਸ਼ੀ ਆਧੁਨਿਕ ਕਾਵਿ ਨਿਯਮਾਂ, ਵਿਧਾਵਾਂ ਛੜ ਕੇ ਅਪਣੀ ਪੰਜਾਬੀ ਮਾਂ ਬੋਲੀ ਵਿਚ ਪਰੰਪਰਾਗਤ ਵਿਧਾਵਾਂ ਨੂੰ ਅਪਣਾਇਆ ਜਾਏ। ਉਸ ਦਾ ਪਤਾ ਹੈ ਹਾਊਸ ਨੰਬਰ 9 ਗੁਰੂ ਰਾਮਦਾਸ ਕਾਲੋਨੀ ਮਿੱਠਾਪੁਰ, ਜਾਲੰਧਰ। ਉਸ ਦਾ ਕਨੇਡਾ ਦਾ ਪਤਾ ਹੈ, 41 ਐਵੀਨੀਊ ਐਡਮਿੰਟਨ। ਮੋ. ਨੰਬਰ ਹੈ 98763-77855

**– ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

## ਸਵ: ਪ੍ਰੇਮਪਾਲ ਦੀ ਯਾਦ ਵਿੱਚ ਲਗਾਇਆ ਖ਼ੂਨਦਾਨ ਕੈਂਪ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਰੀਆ ਸਮਾਜ ਅਤੇ ਡੀ।ਏ।ਵੀ।ਕਾਲਜ ਮੈਨੇਜਮੈਂਟ ਕਮੇਟੀ ਹੁਸ਼ਿਆਰਪੁਰ ਦੇ ਸਾਬਕਾ ਮੈਂਬਰ ਡਾ. ਪ੍ਰੇਮਪਾਲ ਕਪਿਲਾ ਦੀ ਯਾਦ ਵਿੱਚ ਉਨ੍ਹਾਂ ਦੇ ਸਪੁੱਤਰ ਦਿਨਕਰ ਕਪਿਲਾ ਵੱਲੋਂ ਡਾ. ਬੀ. ਆਰ. ਅੰਬੇਦਕਰ ਵੈਲਫੇਅਰ ਅਤੇ ਬਲੱਡ ਡੋਨਰਜ਼ ਕਲੱਬ ਕਡਿਆਣਾ ਦੇ ਸਹਿਯੋਗ ਨਾਲ ਸਿਵਲ ਹਸਪਤਾਲ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਨੌਜਵਾਨਾਂ ਨੇ ਪੂਰੇ ਉਤਸ਼ਾਹ ਨਾਲ ਖ਼ੂਨਦਾਨ ਕੀਤਾ ਅਤੇ ਹਰ ਤੰਦਰੁਸਤ ਵਿਅਕਤੀ ਨੂੰ ਖ਼ੂਨਦਾਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ, ਸਾਬਕਾ ਮੰਤਰੀ ਤੀਕਸ਼ਣ ਸੂਦ, ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਡਾ: ਰਮਨ ਘਈ ਅਤੇ ਮੁਲਾਜ਼ਮ ਆਗੂ ਪੰਜਾਬ ਕੁਲਵੰਤ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਰੱਖੜੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਆਏ ਮਹਿਮਾਨਾਂ ਨੇ ਕਿਹਾ ਕਿ ਆਪਣੇ ਬਜ਼ੁਰਗਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੀ ਯਾਦ ਵਿੱਚ ਸਮਾਜਿਕ ਕੰਮਾਂ ਵਿੱਚ ਯੋਗਦਾਨ ਪਾਉਣਾ ਪੁੰਨ ਦਾ ਕੰਮ ਹੈ ਅਤੇ ਦਿਨਕਰ ਨੇ ਆਪਣੇ ਪਿਤਾ ਦੀ ਯਾਦ ਨੂੰ ਤਾਜ਼ਾ ਰੱਖਣ ਦਾ ਇਹ ਉਪਰਾਲਾ ਕਰਕੇ ਇੱਕ ਪ੍ਰੇਰਨਾਦਾਇਕ ਕੰਮ ਕੀਤਾ ਹੈ। ਇਸ ਦੌਰਾਨ 35 ਦੇ ਕਰੀਬ ਖ਼ੂਨਦਾਨੀਆਂ ਨੇ ਖ਼ੂਨਦਾਨ ਕਰਕੇ ਮਨੁੱਖੀ ਸੇਵਾ ਵਿੱਚ ਯੋਗਦਾਨ ਪਾਇਆ। ਇਸ ਮੌਕੇ ਖ਼ੂਨਦਾਨੀਆਂ, ਮਹਿਮਾਨਾਂ ਅਤੇ ਬਲੱਡ ਬੈਂਕ ਦੀ ਟੀਮ ਦਾ ਧੰਨਵਾਦ ਕਰਦਿਆਂ ਦਿਨਕਰ ਕਪਿਲਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਪਿਤਾ ਦੀ ਯਾਦ ਵਿੱਚ ਲਗਾਇਆ ਗਿਆ, ਇਹ ਤੀਜਾ ਕੈਂਪ ਸੀ ਅਤੇ ਇਸ ਕੈਂਪ ਨੂੰ ਸਫਲ ਬਣਾਉਣ ਲਈ ਉਹ ਹਮੇਸ਼ਾ ਉਨ੍ਹਾਂ ਦੇ ਰਿਣੀ ਹਨ। ਉਕਤ ਸੰਸਥਾਵਾਂ ਲਈ ਖੁੱਲ੍ਹਾ ਯੋਗਦਾਨ ਪਾਉਂਦੇ ਰਹਿਣਗੇ। ਇਸ ਮੌਕੇ ਬਲੱਡ ਬੈਂਕ ਦੀ ਇੰਚਾਰਜ ਡਾ: ਗੁਰਿਕਾ ਚੋਪੜਾ ਨੇ ਖ਼ੂਨਦਾਨ ਕਰਨ ਦੇ ਲਾਭ ਅਤੇ ਖ਼ੂਨਦਾਨ ਕਰਨ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 65 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਤੰਦਰੁਸਤ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇੱਥੇ ਸਿਵਲ ਹਸਪਤਾਲ ਹੋਣ ਕਾਰਨ ਇੱਥੇ ਖ਼ੂਨ ਦੀ ਕਾਫੀ ਮੰਗ ਰਹਿੰਦੀ ਹੈ, ਇਸ ਲਈ ਇਹ ਕੈਂਪ ਕਾਫੀ ਸਹਾਈ ਸਿੱਧ ਹੁੰਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਖ਼ੂਨਦਾਨ ਕਰਨ ਅਤੇ ਹੋਰਨਾਂ ਨੂੰ ਵੀ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਡਿਪਟੀ ਮੇਅਰ ਰੰਜੀਤਾ ਚੌਧਰੀ, ਪ੍ਰਧਾਨ ਗੁਰਿੰਦਰ ਬਰਾੜ, ਅਸ਼ਵਨੀ ਛੋਟਾ, ਕੌਂਸਲਰ ਜਸਵੰਤ ਰਾਏ ਕਾਲਾ, ਬਿੰਦੂ ਸ਼ਰਮਾ, ਸੁਮਿਤ ਗੁਪਤਾ, ਯਸ਼ਪਾਲ ਸ਼ਰਮਾ, ਮਲਕੀਤ ਮਰਵਾਹਾ, ਚੰਦਨ ਪ੍ਰਕਾਸ਼, ਗੌਰਵ ਆਦੀਆ, ਮਨਜਿੰਦਰ ਸਿੰਘ ਸਿਆਣ, ਐਡਵੋਕੇਟ ਅਮਰਜੋਤ ਸੈਣੀ, ਹਰੀਸ਼ ਖੋਸਲਾ, ਡਾ। ਦੀਪਕ ਸ਼ਰਮਾ, ਰਾਜਕੁਮਾਰ, ਰਵੀ ਕੁਮਾਰ, ਬੂਟਾ ਸਿੰਘ, ਰਾਮ ਗਿੱਲ, ਗਾਇਕ ਲਾਡੀ, ਗੌਰਵ ਸ਼ਰਮਾ, ਸਚਿਨ ਸ਼ਰਮਾ, ਕੁਲਜੀਤ ਸਿੰਘ, ਐਡਵੋਕੇਟ ਵਿਕਾਸ ਸ਼ਰਮਾ, ਦੇਵਮ ਗੁਪਤਾ, ਵਿਕਰਮ ਪ੍ਰੋਹਿਤ, ਦੀਪਕ ਪੁਰੀ ਆਦਿ ਹਾਜ਼ਰ ਸਨ।

# ਮੰਡੀਆ 'ਚ ਝੋਨੇ ਦੀ ਚੁਕਾਈ ਨਾ ਹੋਣ ਕਾਰਨ ਮਜ਼ਦੂਰਾਂ ਦੀ ਵੱਡੇ ਪੱਧਰ ਤੇ ਹੋ ਰਹੀ ਹੈ ਖੱਜਲ ਖੁਆਰੀ ਤੇ ਆਰਥਿਕ ਸੋਸ਼ਣ

**ਸੰਗਰੂਰ, (ਦਲਜੀਤ ਕੌਰ)–** ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਅੱਜ ਪ੍ਰੈੱਸ ਬਿਆਨ ਜਾਰੀ ਕਰਦਿਆ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਦੱਸਿਆ ਕਿ ਇਸ ਵਾਰ ਝੋਨੇ ਦੇ ਸੀਜਨ ਚ ਮੰਡੀਆ 'ਚ ਮਜ਼ਦੂਰਾਂ ਦੀ ਬਹੁਤ ਜਿਆਦਾ ਸੋਸ਼ਣ ਤੇ ਖੱਜਲ ਖੁਆਰੀ ਹੋ ਰਹੀ ਹੈ, ਜਿਸ ਦੀ ਤਾਜਾ ਮਿਸਾਲ ਲਹਿਰਾਗਾਗਾ ਦੀ ਰਾਇਧਰਾਣਾ ਦੀ ਅਨਾਜ ਮੰਡੀ ਚ ਦੇਖੀ ਜਾ ਸਕਦੀ ਹੈ, ਜਿਥੇ ਕਿਸਾਨਾਂ ਦੀ ਵੱਡੇ ਪੱਧਰ ਤੇ ਬੇਕਦਰੀ ਹੈ ਥੇ ਹੀ ਮਜ਼ਦੂਰਾਂ ਤੇ ਪ੍ਰਵਾਸੀ ਮਜ਼ਦੂਰਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਮਜ਼ਦੂਰ ਪਿਛਲੇ ਕਈ ਮਹੀਨੇ ਤੋਂ ਲਗਾਤਾਰ ਮੰਡੀਆ 'ਚ ਕੰਮ ਦੀ ਉਡੀਕ ਚ ਬੈਠੇ ਹਨ, ਪਰ ਝੋਨੇ ਦੀ ਨਮੀ ਦਾ ਬਹਾਨਾ



ਲਾ ਕੇ ਪ੍ਰਸ਼ਾਸਨ ਨੇ ਲਿਫਟਿੰਗ ਰੋਕੀ ਹੋਈ ਹੈ। ਜਿਸ ਨਾਲ ਮਜ਼ਦੂਰਾਂ ਦੀ ਰੋਜ਼ੀ ਰੋਟੀ ਦਾ ਵੀ ਵਕਤ ਪਿਆ ਹੋਇਆ ਹੈ। ਪ੍ਰਵਾਸੀ ਮਜ਼ਦੂਰਾਂ ਦਾ ਹੱਦ ਤੋਂ ਜਿਆਦਾ ਬੁਰਾ ਹਾਲ ਹੈ। ਮੰਡੀਆ 'ਚ ਮਜ਼ਦੂਰਾਂ ਲਈ ਕੋਈ ਪਾਣੀ ਦਾ ਪ੍ਰਬੰਧ ਨਹੀਂ ਹੈ। ਸੋ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕੀ ਮੁੱਖ ਮੰਤਰੀ ਦੇ ਜ਼ਿਲ੍ਹੇ ਅੰਦਰ ਤਿੰਨ ਕੈਬਨਿਟ ਮੰਤਰੀਆ ਦੇ ਹੋਣ ਦੇ ਬਾਵਜੂਦ ਮਜ਼ਦੂਰਾਂ ਦੀ ਹੋ ਰਹੀ ਬੇਕਦਰੀ ਤੁਰੰਤ ਬੰਦ ਕਰਵਾਈ ਜਾਵੇ। ਉਨ੍ਹਾਂ ਕਿਹਾ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਜਲਦੀ ਹੀ ਮਜ਼ਦੂਰਾਂ ਨੂੰ ਲਾਮਬੰਦੀ ਕਰਕੇ ਸੰਘਰਸ਼ ਕੀਤਾ ਜਾਵੇਗਾ।

## ਢੋਲਣਵਾਲ ਦੀ ਨਵੀਂ ਪੰਚਾਇਤ ਨੇ ਅੱਖਾਂ ਦਾ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਢੋਲਣਵਾਲ ਦੀ ਨਵੀਂ ਬਣੀ ਪੰਚਾਇਤ ਵੱਲੋਂ ਸਮਾਜ ਸੇਵੀ ਕਾਰਜਾਂ ਦੀ ਸ਼ੁਰੂਆਤ ਕਰਦਿਆਂ



ਸਰਕਾਰੀ ਐਲੀਮੈਂਟਰੀ ਸਕੂਲ ਢੋਲਣਵਾਲ ਵਿੱਚ ਅੱਖਾਂ ਦਾ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਹੁਸ਼ਿਆਰਪੁਰ ਅਤੇ ਸਾਬਕਾ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਪਿੰਡ ਢੋਲਣਵਾਲ ਦੇ ਆਸ-ਪਾਸ ਦੇ ਸਾਰੇ ਪਿੰਡਾਂ ਦੇ ਲੋਕਾਂ ਨੇ ਇਸ ਮੁਫਤ ਮੈਡੀਕਲ ਚੈਕਅੱਪ ਕੈਂਪ ਦਾ ਲਾਭ ਉਠਾਇਆ ਅਤੇ ਆਪਣੀਆਂ ਅੱਖਾਂ ਦੀਆਂ ਬਿਮਾਰੀਆਂ ਦੀ ਜਾਂਚ ਕਰਵਾਈ। ਹਲਕਾ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਵੱਲੋਂ ਪਿੰਡ ਢੋਲਣਵਾਲ ਦੇ ਸਰਕਾਰੀ ਐਲੀਮੈਂਟਰੀ ਸਕੂਲ ਨੂੰ ਗ੍ਰਾਂਟ ਦੇ ਕੇ ਸਕੂਲ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ, ਜਿਸ ਦੇ ਮੁਕੰਮਲ ਹੋਣ ਤੋਂ ਬਾਅਦ ਅੱਜ ਹਲਕਾ ਵਿਧਾਇਕ ਵੱਲੋਂ ਪਿੰਡ ਢੋਲਣਵਾਲ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਵੀ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਸਮੇਂ 'ਆਪ' ਹੁਸ਼ਿਆਰਪੁਰ ਦੇ ਲੀਗਲ ਸੈੱਲ ਦੇ ਮੁਖੀ ਪਵਨ ਸ਼ਰਮਾ, ਐਡਵੋਕੇਟ ਅਮਰਜੋਤ ਸੈਣੀ, ਤੇਜਿੰਦਰ ਅਰਸ਼ੀ ਅਤੇ ਮਨਜੀਤ ਸਿੰਘ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ। ਇਸ ਸਮੇਂ ਪਿੰਡ ਵਾਸੀਆਂ ਨੇ ਹਲਕਾ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦਾ ਧੰਨਵਾਦ ਕੀਤਾ। ਇਸ ਦੌਰਾਨ ਹਲਕਾ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਸਿੱਖਿਆ ਅਤੇ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਸਮੇਂ ਸਰਪੰਚ ਸੁਰਜੀਤ ਸਿੰਘ ਧਾਮੀ, ਅਮਨਦੀਪ ਸਿੰਘ, ਦਿਲਬਾਗ ਸਿੰਘ, ਪਰਮਿੰਦਰ ਸਿੰਘ, ਸੁਖਵਿੰਦਰ ਸਿੰਘ, ਲੱਕੀ, ਜਗਦੀਪ ਸਿੰਘ, ਅਮਰਜੀਤ ਸਿੰਘ, ਅਵਤਾਰ ਕੌਰ, ਮਨਪ੍ਰੀਤ ਕੌਰ, ਜੋਗਿੰਦਰ ਸਿੰਘ, ਧਰਮ ਕੌਰ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

## ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ "ਮਾਈ ਭਾਰਤ ਆਊਟਰੀਚ" ਦਾ ਆਯੋਜਨ ਕੀਤਾ ਗਿਆ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਐਨ. ਐਸ. ਐਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ. ਵਿਪਨ, ਡਾ. ਨਿਰਮਲਜੀਤ ਕੌਰ ਦੇ ਯਤਨਾਂ ਸਦਕਾ 'ਮਾਈ ਭਾਰਤ ਆਊਟਰੀਚ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਰਾਸ਼ਟਰੀ ਪੱਧਰ 'ਤੇ ਚੱਲ ਰਹੇ ਮੁੱਖ ਕਾਰਜਾ ਜਿਵੇਂ "ਵਨ ਨੇਸ਼ਨ ਵਨ ਇਲੈਕਸ਼ਨ" 'ਔਰਤ ਸ਼ਸ਼ਕਤੀਕਰਨ'ਆਦਿ ਦੇ ਵਿਭਿੰਨ ਪਹਿਲੂਆਂ ਦੇ ਬਾਰੇ ਜਾਗਰੂਕਤਾ ਵਧਾਉਣ ਦੇ ਨਾਲ-ਨਾਲ ਰਾਸ਼ਟਰ ਦੇ ਨਿਰਮਾਣ ਵਿੱਚ ਨੌਜਵਾਨਾਂ ਨੂੰ ਭਾਗੀਦਾਰੀ ਲਈ ਪ੍ਰੇਰਿਤ ਕਰਨਾ ਹੈ। ਇਸ ਪ੍ਰੋਗਰਾਮ ਵਿਚ ਪ੍ਰੀ. ਆਰ. ਡੀ ਕੈਂਪ ਪ੍ਰਤੀਭਾਗੀ ਗੁਰਪ੍ਰੀਤ ਸਿੰਘ ਵੱਲੋਂ ਜਾਣਕਾਰੀ ਭਰਪੂਰ ਪਾਵਰ ਪੁਆਇੰਟ ਮਾਧਿਅਮ ਰਾਹੀਂ ਕੇਂਦਰ ਸਰਕਾਰ ਵਲੋਂ ਚਲਾਏ ਜਾ ਰਹੇ ਸਰਕਾਰੀ ਆਊਟਰੀਚ ਪ੍ਰੋਗਰਾਮਾਂ ਦੇ ਮਨੋਰਥਾਂ, ਰਣਨੀਤੀਆਂ ਅਤੇ ਇਸਦੇ ਮਹੱਤਵ ਬਾਰੇ ਵਿਦਿਆਰਥੀਆਂ ਨੂੰ ਜਾਣ ਕਰਵਾਇਆ ਗਿਆ। ਜਿਸ ਵਿਚ ਸਮਾਜ - ਹਿੱਤਕ-ਾਰੀ ਅਤੇ ਰਾਸ਼ਟਰ ਦੇ ਨਿਰਮਾਣ ਵਿਚ ਨੌਜਵਾਨਾਂ ਦੀ ਭੂਮਿਕਾ ਬਾਰੇ ਜਾਣਕਾਰੀ ਪ੍ਰਦਾਨ ਕਰਦਿਆਂ ਵੱਧ ਤੋਂ




ਵੱਧ ਵਿਦਿਆਰਥੀਆਂ ਨੂੰ 'ਮਾਈ ਭਾਰਤ ਪੋਰਟਲ' ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸੀਨੀਅਰ ਵਲੰਟੀਅਰ ਮਨਜਿੰਦਰ ਕੌਰ ਨੇ ਪ੍ਰੀ. ਆਰ. ਡੀ ਪ੍ਰਤੀਭਾਗੀ ਗੁਰਪ੍ਰੀਤ ਸਿੰਘ ਦੀ ਸ਼ਲਾਘਾ ਕਰਦਿਆਂ ਸਭ ਦਾ ਧੰਨਵਾਦ ਕੀਤਾ।

# ਜਿਥੇ ਬਾਬਾ ਪੈਰੁ ਧਰਿ (ਕਾਵਿ ਸੰਗ੍ਰਹਿ)

ਗੁਰਮੀਤ ਕੱਲਰਮਾਜਰੀ
91-94178-65377

### ਬਾਬੇ ਦੇ ਨਾਲ਼ ਨਾਲ਼

ਬਾਬੇ ਨੇ
ਮਜੀਠ ਰੰਗ 'ਚ
ਰੰਗਿਆ ਆਪਣਾ ਆਪ
ਗਲ਼ 'ਚ ਮਾਲ਼ਾ
ਪੈਰੀਂ ਖੜਾਵਾਂ ਮੋਢੇ ਕੰਬਲੀ
ਚੱਲ ਪਿਆ ਸੋਧਣ, ਧਰਤ ਲੋਕਾਈ।

ਮਰਦਾਨੇ ਨੇ ਬਾਬੇ ਦੇ ਚਰਨ ਛੂਹ
ਰਬਾਬ ਉਠਾਅ,
ਰੁੱਖ ਵੱਲ ਤੱਕਿਆ
ਟਹਿਣੀ ਤੇ ਬੈਠੇ ਪੰਛੀਆਂ ਨੂੰ ਕਿਹਾ
ਆਓ ਚਲੀਏ...ਨਾਲ਼ ਨਾਲ਼...

ਪਹਿਲੇ ਕਦਮ ਨਾਲ਼...
ਖੜਾਂਵ ਬੋਲੀ...
ਟਹਿਣੀ ਤੇ ਲਟਕੇ ਆਲ੍ਹਣੇ ਨੂੰ ਆਖੋ-
ਨਿੱਕੇ ਨਿੱਕੇ ਬੋਟਾਂ ਦੇ ਨਾਲ਼
ਉਹ ਵੀ ਹੋ ਜਾਏ ਸਾਡੇ ਨਾਲ਼

ਖੜਾਂਵ ਨੇ ਧਰਤੀ ਨੂੰ ਛੁਹਿਆ
ਅਗਲੇ ਕਦਮ ਦੀ ਮਿੱਟੀ ਬੋਲੀ
ਜੰਗਲ-ਬੇਲੇ, ਪਹਾੜ ਨੂੰ ਪੁੱਛਿਆ,
ਸੋਧਣ ਦੇ ਲਈ
ਧਰਤ ਲੋਕਾਈ
ਤੁਸੀਂ ਵੀ ਹੋਵੋ ਨਾਲ਼ ਨਾਲ਼
ਮੈਂ ਵੀ ਰਵ੍ਹਾਂਗੀ ਨਾਲ਼ ਨਾਲ਼।

ਸੁੱਤੇ ਹੋਏ ਪਹਾੜ ਨੂੰ ਆਖੋ
ਪੈਰਾਂ 'ਚ ਵਗਦੇ ਦਰਿਆ ਨੂੰ ਪੁੱਛੋ...
ਨਦੀਆਂ ਦੀ ਤੇਜ਼ ਰਫ਼ਤਾਰ ਨੂੰ ਪਰਖੋ
ਲੰਮ ਸਲੰਮੇ ਦੇਵਦਾਰ ਨੂੰ
ਅੰਬਰ ਵਿੱਚੋਂ ਅਵਾਜ਼ ਲਗਾਓ
ਤਿੱਖੀਆਂ ਤਿੱਖੀਆਂ, ਨਿੱਕੀਆਂ ਨਿੱਕੀਆਂ
ਪੱਤੀਆਂ ਦੇ ਨਾਲ਼
ਉਹ ਵੀ ਚੱਲਣ ਬਾਬੇ ਨਾਲ਼

ਪੱਤਿਆਂ ਨੇ ਹਰਿਆਵਲ ਨੂੰ
ਪੁੱਛਿਆ
ਅਕਾਸ਼ 'ਚ ਉਡਦੇ ਪੰਛੀ ਤੱਕੇ
ਖੰਭਾਂ ਦੀ ਪਰਵਾਜ਼ ਨੂੰ ਬੋਲੇ
ਤਰਵਰ ਬੋਲਿਆ ਹੌਲ਼ੀ ਹੌਲ਼ੀ
ਇੱਥੇ ਰਹਿ ਕੇ ਮੈਂ ਕੀ ਕਰਨੈ
ਚਲੋ ਫਿਰ ਚਲੀਏ ਬਾਬੇ ਨਾਲ

ਸਤਲੁਜ ਨੇ ਕੰਢਿਆਂ ਵੱਲ ਤੱਕਿਆ...
ਬਿਆਸ ਨੇ ਵਹਿੰਦੇ
ਪਾਣੀ ਨੂੰ ਪੁਛਿਆ
ਵੇਈਂ ਦੀ ਕਾਲ਼ੀ ਮਿੱਟੀ ਬੋਲੀ

ਮੈਂ ਵੀ ਇਥੇ ਕੀ ਕਰਨਾ ਹੈ
ਮੈਂ ਵੀ ਚਲਾਂਗੀ,
ਬਾਬੇ ਨਾਲ਼

### ਪ੍ਰਵੇਸ਼- 1

ਬਾਬਾ
ਤੇਰੇ ਪ੍ਰਵੇਸ਼ ਕਰਨ ਤੋਂ ਪਹਿਲਾਂ
ਮੈਂ ਪਾਣੀ ਸਾਂ...
ਵੇਈਂ ਨਦੀ 'ਚ ਵਗਦਾ ਪਾਣੀ...
ਵਹਿ ਰਿਹਾ ਸਾਂ
ਆਪਣੀ ਮੌਜ ਵਿੱਚ...
ਕਿੰਨੀਆਂ ਹੀ ਮਛਲੀਆਂ ਤੈਰਦੀਆਂ ਸਨ
ਮੇਰੇ ਅੰਦਰ...
ਮੇਰੇ ਕੰਢਿਆਂ 'ਤੇ ਉੱਗਿਆ ਹਰਾ ਭਰਾ ਘਾਹ
ਆਪਣੀ ਮਿੱਟੀ ਸਮੇਤ
ਕਰਦਾ ਸੀ ਮੇਰੀ ਰਖਵਾਲੀ...

ਮੇਰੇ ਕੰਢੇ ਤੇ ਉੱਗੇ ਰੁੱਖਾਂ ਦੀਆਂ ਟਹਿਣੀਆਂ
ਤੇ ਬੈਠੇ ਪੰਛੀ
ਗਾਉਂਦੇ ਸਨ ਅਗੰਮੀ ਗੀਤ
ਉਹਨਾਂ ਦੇ ਖੰਭਾਂ ਦੇ ਰੰਗਾਂ 'ਚ
ਗੂੰਜਦਾ ਸੀ ਨੂਰਾਨੀ ਸੰਗੀਤ

ਬਾਬਾ!
ਤੇਰਾ ਪ੍ਰਵੇਸ਼
ਤੇਰੀ ਛੂਹ ਅਨੰਤ ਅਨੰਦ ਸੀ,
ਜੀ ਉੱਠਿਆ ਮੇਰਾ ਰੋਮ ਰੋਮ
ਪਲਟ ਦਿਤੀ ਮੇਰੀ ਦੇਹ
ਪ੍ਰਵੇਸ਼ ਕਰਨ ਤੋਂ ਪਹਿਲਾਂ ਤੂੰ ਨਾਨਕ ਸੈਂ
ਮੈਂ ਨਿਰੋਲ ਪਾਣੀ ਸਾਂ
ਬੂੰਦ ਬੂੰਦ
ਨਦੀ 'ਚ ਵਹਿੰਦਾ ਹੋਇਆ

ਪ੍ਰਵੇਸ਼ ਕਰਨ ਤੋਂ ਬਾਅਦ
ਬਾਬਾ ਮੈਂ ਅੰਮ੍ਰਿਤ ਹੋ ਗਿਆ
ਪਵਿੱਤਰ ਹੋ ਗਿਆ
ਬਾਬਾ! ਤੂੰ ਨਾਨਕ ਤੋਂ ਬਣ ਗਿਆ
ਜਗਤ ਗੁਰੂ
ਬਾਬਾ ਤੂੰ ਬਣ ਗਿਆ
ਪਰਮੇਸ਼ਰ ਦਾ ਦੂਤ
ਬ੍ਰਹਿਮੰਡ ਤੋਂ ਪਰ੍ਹੇ
ਬਾਬਾ ਤੂੰ
ਬ੍ਰਹਮ ਹੋ ਗਿਆ।

### ਪ੍ਰਵੇਸ਼-2

ਬਾਬਾ! ਮੇਰੀ ਬੂੰਦ ਬੂੰਦ ਅੰਦਰ
ਸਤਲੁਜ ਬਿਆਸ ਸਮੇਤ
ਸਮਾਅ ਗਿਆ ਹੈ ਅਨੰਤ
ਨਦੀਆਂ ਦਾ ਪ੍ਰਵਾਹ
ਕਿੰਨੇ ਹੀ ਜੰਗਲ ਬੇਲਿਆਂ
ਕੱਚੇ ਰਾਹਾਂ 'ਚ
ਤੱਕੇ ਤੇਰੀਆਂ
ਪੈੜਾਂ ਦੇ ਨਿਸ਼ਾਨ

ਪੱਥਰਾਂ ਦੀ ਕਾਇਆ ਅੰਦਰ
ਤੱਕੀਆਂ ਤੇਰੇ ਹੱਥਾਂ ਦੀਆਂ ਰੇਖਾਵਾਂ
ਬੋਧੀਆਂ ਲਾਮਿਆਂ ਦੀ ਬੰਦਗੀ 'ਚ ਹੁੰਦੀ ਵੇਖੀ
ਅਰਦਾਸ
ਝੁਕਦੇ ਵੇਖੇ ਤਿੱਬਤ ਦੇ ਪਹਾੜ
ਲੇਹ ਲਦਾਖ ਦੀਆਂ ਚੋਟੀਆਂ

ਨਿਰਉੱਤਰ ਹੁੰਦੇ ਕਿੱਲ੍ਹਿਆਂ ਵਾਂਗ ਢਹਿੰਦੇ
ਸਿੱਧ ਜਤੀ ਜੋਗੀ
ਕਰਾਮਾਤਾਂ ਦੀ ਮਿੱਟੀ 'ਚ ਫਨਾਹ ਹੁੰਦੇ ਦੇਖੇ
ਤੇਰੀ ਛੂਹ ਨਾਲ
ਫੁੱਲਾਂ ਦੀਆਂ ਆਬਾਦੀਆਂ 'ਚ
ਝਰਨਿਆਂ ਦੀ ਫੁਹਾਰ 'ਚ
ਗੁਫ਼ਾਵਾਂ 'ਚ ਅਸੰਖ ਵਰ੍ਹਿਆਂ ਤੋਂ
ਨਿਹਾਰਿਆ ਪਹਾੜਾਂ ਦੀ ਗੋਦ ਵਿਚ ਤੱਕਿਆ
ਮੁਸਕਰਾਉਂਦਾ
ਤੇਰੇ ਚਿਹਰੇ ਦਾ ਨੂਰ

### ਪ੍ਰਵੇਸ਼-3

ਲੋਕਾਈ ਲਈ
ਬਾਬਾ ਅਲੋਪ ਹੋ ਗਿਆ
ਵੇਈਂ ਨਦੀ 'ਚ
ਸਮਾਅ ਗਿਆ ਜਲ਼ ਵਿਚ
ਤਿੰਨ ਦਿਨਾਂ ਬਾਅਦ ਪਰਤ
ਆਇਆ ਬਾਬਾ
ਸ਼ਾਂਤ ਅਡੋਲ ਬ੍ਰਹਮ 'ਚ ਲੀਨ
ਵੇਈਂ ਦੇ ਦੋਵਾਂ ਕੰਢਿਆਂ ਨੂੰ ਬੋਲਿਆ
ਰੁੱਖਾਂ ਨੂੰ ਸੁਣਾਈ ਪਰਮੇਸ਼ਰ ਦੀ ਬਾਣੀ
ਪੰਛੀਆਂ ਦੀਆਂ ਅਵਾਜ਼ਾਂ 'ਚ
ਘੁਲ ਮਿਲ ਗਈ ਬਾਬੇ ਦੀ ਅਵਾਜ਼
ਦੂਰ ਬ੍ਰਹਿਮੰਡ 'ਚ ਪਸਰ ਗਈ
ਚਾਨਣ ਦੀ ਲੀਕ
ਸਹਿਜੇ ਸਹਿਜੇ ਸਿਮਟਣ ਲੱਗਾ
ਕੂੜ ਦਾ ਪਾਸਾਰ

ਅੰਧਕਾਰ ਖਤਮ ਹੋਇਆ
ਵੇਈਂ 'ਚੋਂ ਬਾਹਰ ਆ
ਸਹਿਜ ਹੀ ਬਾਬਾ ਬੋਲਿਆ
'ਨਾ ਕੋ ਹਿੰਦੂ ਨਾ ਮੁਸਲਮਾਨ'
ਟੁੱਟ ਗਿਆ ਕਾਜ਼ੀ ਮੁਲਾਣਿਆਂ ਦਾ ਭਰਮ
ਬੁਝਣ ਲੱਗੀ ਰਈਅਤ ਦੀ ਅੰਧੀ ਲੋਅ
ਚੜ੍ਹ ਗਿਆ ਪ੍ਰਮੇਸ਼ਰ ਦਾ ਰੰਗ
ਬਾਬੇ ਦਾ ਰੰਗ

### ਪ੍ਰਵੇਸ਼-4

ਵੇਈਂ ਨਦੀ 'ਚ ਤੇਰੇ ਪ੍ਰਵੇਸ਼ ਨੂੰ ਬਾਬਾ
ਸਦੀਆਂ ਗੁਜ਼ਰ ਗਈਆਂ...
ਅੰਮ੍ਰਿਤ ਤੋਂ ਬਦਲ ਕੇ
ਮੈਂ ਮੁੜ ਪਾਣੀ ਹੋ ਗਿਆ...
ਮੁੜ ਗੰਧਲ਼ਾ ਪਾਣੀ

ਮੋਈਆਂ ਮਛਲੀਆਂ ਦੇ
ਰੁਦਨ 'ਚ ਗੁਆਚ ਗਏ
ਘੋਗੇ ਅਤੇ ਸਿੱਪੀਆਂ
ਚਮਕਦੇ ਨੇ ਮੇਰੀ ਦੇਹ ਅੰਦਰ
ਰੇਤ ਦੇ ਕਣ
ਸੁੱਕ ਗਿਆ ਹੈ
ਕਰੂੰਬਲਾਂ ਸਮੇਤ ਹਰਾ ਹਰਾ ਘਾਹ
ਕੰਢਿਆਂ 'ਚ ਸਿਮਟੀ ਉਦਾਸ ਮਿੱਟੀ
ਬਾਂਝ ਹੋ ਗਈ ਹੈ
ਮੇਰੇ ਕੰਢਿਆਂ 'ਚ ਵਹਿੰਦਾ ਪਾਣੀ
ਪਥਰਾਟ 'ਚ ਬਦਲ ਗਿਐ...

ਹੁਣ ਮੈਂ ਪਵਿੱਤਰ
ਵੇਈਂ ਨਦੀ ਨਹੀਂ...
ਕੁਝ ਹੋਰ ਹਾਂ ਬਾਬਾ
ਮੈਂ ਉਡੀਕਦੀ ਹਾਂ
ਮੁੜ ਪ੍ਰਵੇਸ਼ ਕਰ, ਮੇਰੀ ਦੇਹ ਅੰਦਰ
ਫਿਰ ਤੋਂ
ਜੀ ਉੱਠਣ ਮਛਲੀਆਂ
ਵਹਿਣ ਲੱਗ ਜਾਣ ਅਨੰਤ ਤਰੰਗਾਂ
ਸੰਗੀਤ 'ਚ ਬਦਲ ਜਾਏ
ਮੇਰੀ ਦੇਹ ਦਾ
ਬੂੰਦ ਬੂੰਦ
ਕਤਰਾ ਕਤਰਾ ਪਾਣੀ

### ਨਾਮ ਦਾ ਦਰਿਆ

ਬਾਬਾ ਮੁੱਠੀ 'ਚ 20 ਰੁਪਏ ਲੈ ਕੇ
ਹੱਟੀ ਖੋਲ੍ਹਣ ਦੀ ਥਾਵੇਂ ਚੱਲ ਪਿਆ
ਕਰਨ ਖਰਾ ਸੌਦਾ

ਤਲਾਅ ਕਿਨਾਰੇ ਬਹਿ ਰਿਹਾਅ
ਲੱਗਾ ਨਾਮ ਜਪਣ

ਗੁੱਸੇ ਨਾਲ ਪਿਤਾ ਦਾ
ਚਿਹਰਾ ਕੰਬਿਆ
ਹੱਥਾਂ ਦੀਆਂ ਰੇਖਾਵਾਂ
ਗੁੱਸੇ ਦੇ ਤੁਫ਼ਾਨ 'ਚ ਮਿਟਣ ਲੱਗੀਆਂ
ਪਿਤਾ ਦੇ ਗੁੱਸੇ ਨਾਲ਼
ਭਾਰੀ ਹੋਣ ਲੱਗੇ ਕਦਮ

ਬੇਬੇ ਨਾਨਕੀ
ਕਾਹਲੇ ਕਦਮੀ ਪਿਤਾ ਦੇ ਮਗਰ ਤੁਰੀ
ਬਾਬਾ
ਪਿਤਾ ਦੀਆਂ ਅੱਖਾਂ 'ਚ ਜਵਾਲਾਮੁਖੀ ਵੇਖ
ਖੜੋਅ ਗਿਆ

ਸੱਜੇ ਹੱਥ ਨਾਲ ਖੱਬੇ
ਖੱਬੇ ਹੱਥ ਨਾਲ ਸੱਜੇ
ਬਾਬੇ ਨੂੰ ਨਸੀਬ ਹੋਏ ਪਿਤਾ ਦੇ
ਥੱਪੜ
ਬਾਬੇ ਦੀਆਂ ਅੱਖਾਂ ਨਮ ਹੋਈਆਂ
ਤਲਾਅ 'ਚ ਡਿੱਗੇ ਹੰਝੂ
ਤਲਾਅ ਮਾਨੋ ਦਰਿਆ ਬਣ ਗਿਆ
ਕਿਨਾਰੇ 'ਚ ਵੱਗਣ ਲੱਗਾ
ਬਣਨ ਲੱਗਾ ਠਾਹਰ
ਜਲ-ਜੀਵਾਂ ਦੀ


ਸਦੀਆਂ ਗੁਜ਼ਰ ਗਈਆਂ
ਅੱਜ ਵੀ ਵਗਦਾ ਹੈ
ਵਹਿੰਦਾ ਹੈ
ਬਾਬੇ ਦੇ ਹੰਝੂਆਂ 'ਚ ਲਿਪਟਿਆ
ਨਾਮ ਦਾ ਦਰਿਆ

### ਦੌਲਤ

ਤਲਾਅ ਕਿਨਾਰੇ
ਬਾਬੇ ਦੀ ਅੱਖ ਦੇ ਹੰਝੂਆਂ ਦੀ ਖ਼ਬਰ
ਰਾਇ ਬੁਲਾਰ ਨੇ ਸੁਣੀ
ਸ਼ਰਧਾ ਦੇ ਸਮੁੰਦਰ 'ਚ
ਲਹਿਰਾਂ ਉੱਠਣ ਲੱਗੀਆਂ
ਅੱਖੀਆਂ 'ਚੋਂ ਨੀਰ ਵਗਣ ਲੱਗਾ

ਪਿਤਾ ਆਖਿਆ

ਵੀਹ ਸਿੱਕੇ ਉਜਾੜ ਦਿੱਤੇ
ਕਿਵੇਂ ਸਹਿਣ ਕਰਾਂ?
ਆਹ ਪਕੜ ਆਪਣਾ ਨੁਕਸਾਨ
ਰਾਇ ਬੁਲਾਰ ਬੋਲਿਆ
ਦੌਲਤ ਦੇ ਪ੍ਰਛਾਵੇਂ 'ਚ
ਨਜ਼ਰ ਨਹੀਂ ਆਇਆ
ਨਿਰਾਕਾਰ ਪ੍ਰਮੇਸ਼ਰ ਬਾਬਾ
ਤੈਨੂੰ ਦੁਨੀਆਂ ਦੀ
ਦੌਲਤ ਨਜ਼ਰ ਆਉਂਦੀਂ
ਪਰ ਦੌਲਤ ਦਾ ਦਰਿਆ
ਨਾਨਕ ਦੇ ਹੱਥਾਂ 'ਚੋਂ ਵਹਿੰਦਾ
ਲਹਿਰੋ-ਲਹਿਰ ਹੁੰਦਾ
ਨਜ਼ਰ ਆਉਂਦਾ
ਮੈਨੂੰ




### ਮਹਿਲ

ਬਾਬਾ ਜਦੋਂ ਉਦਾਸੀਆਂ ਤੋਂ ਪਰਤਿਆ...

ਮਿੱਟੀ ਅਪਣੀ ਖੁਸ਼ਬੂ ਸਮੇਤ
ਅਕਾਸ਼ ਵੱਲ ਤੱਕਦੀ...ਹੌਲ਼ੀ ਹੌਲ਼ੀ ਉੱਸਰਨ ਲੱਗੀ
ਨਿੱਕੇ ਨਿੱਕੇ ਹੱਥਾਂ
ਕੋਮਲ ਕੋਮਲ ਅੱਖਾਂ 'ਚ
ਅੱਖਰ ਵਸਾਉਣ ਲਗੀ-
ਆਪਣੀ ਹੀ ਦੇਹ 'ਚੋਂ, ਆਪਣੇ ਹੀ ਮਹਿਲ 'ਚੋਂ
ਅਵਾਜ਼ਾਂ ਮਾਰਨ ਲੱਗੀ...
ਘਾਹ ਦੇ

ਤ੍ਰੇਲ਼ ਤੁਪਕਿਆਂ ਨੇ
ਬਾਬੇ ਨੂੰ ਕਿਹਾ
ਅਸੀ ਇਕੱਲੇ ਹਾਂ ਬਾਬਾ!
ਕੋਈ ਤੱਕਣ ਵਾਲਾ ਨਹੀਂ...ਸਾਡੀ ਨੁਹਾਰ...
ਕੋਈ ਵੇਖਣ ਵਾਲਾ ਨਹੀਂ...
ਕੋਈ ਨਹੀਂ ਜੌਹਰੀ...ਸਾਡਾ ਕਦਰਦਾਨ...

ਰੁੱਖਾਂ ਨੇ ਅੰਗੜਾਈ ਲਈ...
ਪੱਤੀਆਂ ਮੁਸਕਰਾਉਣ ਲੱਗ ਪਈਆਂ

ਜੜ੍ਹਾਂ ਮਿੱਟੀ 'ਚ ਫੈਲਣ ਲੱਗੀਆਂ..
ਹਰਿਆਵਲ... ਰੁੱਖਾਂ ਦੇ ਪੱਤਿਆਂ 'ਚ
ਕਰਨ ਲਈ ਨਿਵਾਸ..

ਪੰਛੀਆਂ ਦੇ ਖੰਭਾਂ 'ਚ ਪਰਤਣ ਲੱਗੀ
ਪ੍ਰਵਾਜ਼
ਉੜਾਨ 'ਚ ਚੰਨ ਤਾਰੇ
ਸਮਾਉਣ ਲੱਗੇ
ਕੂੰਜਾਂ ਦੇ ਖੰਭ

ਅਵਾਜ਼ਾਂ 'ਚ ਬਦਲ ਗਏ..
ਅਵਾਜ਼ਾਂ 'ਚ ਸੰਗੀਤ ਪਰਤ ਆਇਆ...
ਸੰਗੀਤ ਗੀਤਾਂ 'ਚ
ਬੋਲਣ ਲੱਗਾ
ਗੀਤ ਚਹਿਕਣ ਲੱਗ ਪਏ...
ਪੰਛੀ ਗੀਤ ਬਣ
ਗਏ

ਬਾਬਾ ਜਦੋਂ ਉਦਾਸੀਆਂ ਤੋਂ ਪਰਤਿਆ

### ਰੁੱਖ ਦਾ ਸਫ਼ਰ

ਇੱਕ ਦਿਨ
ਮਿੱਟੀ 'ਚ ਮਿੱਟੀ ਹੋਇਆ
ਇੱਕ ਬੁੱਢਾ ਰੁੱਖ-
ਆਪਣੀ ਮਿੱਟੀ 'ਚੋਂ ਬੋਲਿਆ

ਵਰ੍ਹੇ ਗੁਜ਼ਰ ਗਏ -
ਪਤਾ ਨਹੀ ਕਿੰਨੇ ਦਿਨ ਤਿੱਥ ਤਿਉਹਾਰ
ਇਸ ਮਿੱਟੀ 'ਚ ਮਿਲ਼ ਗਏ...
ਕਿੰਨੀਆਂ ਹਵਾਵਾਂ ਨੇ
ਪਰਖਿਆ ਆਪਣਾ ਆਪ
ਕਿੰਨੇ ਤੁਫ਼ਾਨ ਆਪਣੀ ਤੇਜ਼ ਰਫਤਾਰ ਸਮੇਤ ਮੇਰੇ
ਅੰਦਰ
ਵਿਲੀਨ ਹੋ ਗਏ...
ਪਤਾ ਨਹੀਂ ਸੂਰਜ ਦੀ ਧੁੱਪ,
ਕਿੱਥੇ ਕਿੱਥੇ ਕਰਦੀ ਹੈ
ਮੇਰੀ ਦੇਹ 'ਚ ਨਿਵਾਸ

ਸੁਣਿਐ-
ਬਾਬੇ ਨੇ ਏਧਰ ਆਉਣਾ ਹੈ
ਵਣ ਜੰਗਲ ਨੂੰ ਤਾਰਨ
ਕਿਉਂ ਨਾ ਕੁੱਝ ਬਣਿਆ ਜਾਵੇ
ਬਦਲ ਲਿਆ ਜਾਵੇ
ਆਪਣਾ ਆਪ

ਰੁੱਖ ਨੇ ਆਪਣੇ ਪੱਤਿਆਂ 'ਚ ਰੁਮਕਦੀ
ਪੌਣ ਨੂੰ ਜਗਾਇਆ

ਹੇ ਪੌਣ!
ਇਸ ਤਰਾਂ ਵਗ ਕਿ ਮੇਰੀ
ਦੇਹ ਪਾਕ ਹੋ ਜਾਵੇ-
ਉਸਨੇ ਸੂਰਜ ਦੀਆਂ ਕਿਰਨਾਂ ਨੂੰ ਬੁਲਾਇਆ
ਇਸ ਤਰਾਂ ਕਰੋ ਮੇਰੀ ਦੇਹ 'ਚ ਪ੍ਰਕਾਸ਼
ਸਾਰਾ ਜੱਗ, ਚਾਨਣ ਨਾਲ਼ ਭਰ ਜਾਵੇ
ਉਸ ਨੇ ਜਲ ਦੀਆਂ ਬੂੰਦਾਂ ਨੂੰ ਚੁੰਮਿਆ
ਉਹ ਭਾਈ! ਮੇਰੀ ਦੇਹ ਦੇ ਅੰਗ ਅੰਗ 'ਚ
ਕਰੋ ਪ੍ਰਵਾਸ

ਮੈਂ ਬਾਬੇ ਦੇ ਪੈਰਾਂ ਹੇਠ
ਅਨੋਖਾ ਰੂਪ ਧਾਰ,
ਪਾਤਲ਼ੀਆਂ 'ਚ ਵੱਸਣਾ ਹੈ
ਮੈਂ ਤਾਂ ਬਣਨਾ ਹੈ ਬਾਬੇ
ਦੇ ਚਰਨਾਂ ਦੀਆਂ
ਖੜਾਵਾਂ
ਮੈਂ ਉਹਦੇ ਕਦਮਾਂ ਨੂੰ ਚੁੰਮਣਾ ਹੈ
ਮੈਂ ਬਾਬੇ ਦੇ ਨਾਲ਼ ਸਫ਼ਰ ਤੇ ਟੁਰਨਾ ਹੈ

### ਫੁੱਟਪਾਥ

ਬਾਬਾ! ਮੈਂ ਤੇਰੇ
ਦਰ ਅੱਗੇ...
ਮਿੱਟੀ ਰੰਗੇ, ਰੰਗ 'ਚ ਲਿਪਟਿਆ
ਸੌਂ ਰਿਹਾ ਹਾਂ, ਸਦੀਆਂ ਤੋਂ

ਰਾਤ ਦੇ ਹਨੇਰੇ 'ਚ ਮੇਰੇ ਸਾਥੀ ਹੁੰਦੇ ਹਨ
ਹੱਥ 'ਚ ਸੋਟੀ, ਖਿੱਲਰੇ ਵਾਲ਼
ਤੇੜ ਲੰਗੋਟੀ- ਅੱਖਾਂ 'ਚ ਬੇਵਸੀ ਦਾ ਸਮੁੰਦਰ...
ਘਸੀ ਪਿਟੀ ਚਾਦਰ 'ਚ ਲਿਪਟੇ...ਕੁਝ
ਅਨਾਥ...ਕੁਝ ਬੀਮਾਰ
ਰਾਤ ਭਰ ਮੇਰੀ ਛਾਤੀ ਤੇ ਸੌਂ ਕੇ, ਮੁਕਾਉਂਦੇ ਹਨ-
ਜ਼ਿੰਦਗੀ ਦਾ ਸਫਰ...

ਕੋਈ ਨਹੀਂ ਇਹਨਾਂ ਦਾ ਮੇਰੇ ਵਾਂਗ...
ਨਾ ਮੁਲਕ, ਨਾ ਦੇਸ਼...
ਨਾ ਵੋਟ, ਨਾ ਬੈਂਕ...
ਨਾ ਰੱਬ, ਨਾ ਰਹੀਮ...
ਨਾ ਹਵਾ, ਨਾ ਪਾਣੀ...
ਨਾ ਧਰਤ, ਨਾ ਅਕਾਸ਼
ਬਸ, ਹੱਥਾਂ 'ਚ ਚੰਦ ਸਿੱਕੇ,
ਦਾਨ ਹੈ...ਇਹਨਾਂ ਦੀ ਵਿਰਾਸਤ...
ਇਹਨਾਂ ਦੀ ਸਿਆਸਤ ਇਹਨਾਂ ਦੀ ਇਬਾਦਤ
ਮੈਂ ਫੁੱਟਪਾਥ ਬੋਲਦਾ ਹਾਂ ਬਾਬਾ
ਤੇਰੇ ਦਰ ਅੱਗੇ...?

### ਹਲ਼

ਪੰਛੀਆਂ ਤੇ ਪੱਤਿਆਂ ਤੋਂ ਵਿਦਾ ਹੋ ਕੇ-
ਵਰ੍ਹਿਆਂ ਤੋਂ
ਹਵਾ-ਪਾਣੀ ਤੇ ਸੂਰਜ ਦੀ ਚਮਕ ਨੂੰ
ਆਪਣੇ ਸੀਨੇ 'ਚ ਛੁਪਾ
ਇੱਕ ਰੁੱਖ ਬਾਬੇ ਕੋਲ ਆਇਆ
ਬਾਬਾ!
ਨਦੀ ਕਿਨਾਰੇ ਰੁੱਖੜਾ ਹਾਂ
ਪਤਾ ਨਹੀਂ ਕਦੋਂ ਉੱਖੜ ਜਾਵਾਂ
ਜੜ੍ਹਾਂ ਸਮੇਤ
ਢਹਿ ਢੇਰੀ ਹੋ ਜਾਵਾਂ
ਪਾਣੀ 'ਚ ਪਾਣੀ, ਮਿੱਟੀ 'ਚ ਮਿੱਟੀ
ਹੋ ਜਾਵਾਂ...
ਮੈਂ ਤੇਰੇ ਹੱਥਾਂ ਦੀਆਂ ਲਕੀਰਾਂ 'ਚ,
ਹਲ਼ ਦਾ ਮੁੰਨਾ ਬਣ ਕੇ,
ਤੇਰੇ ਹੱਥ ਦੀ ਛੂਹ ਨਾਲ਼ ਜ਼ਰਾ ਜ਼ਰਾ ਹੋ ਕੇ
ਮਿੱਟੀ 'ਚ ਵੱਸਣਾ ਹੈ,
ਤੇਰੇ ਬਲ਼ਦਾਂ ਦੀ ਪੰਜਾਲ਼ੀ ਬਣ
ਤੇਰੇ ਚਿਹਰੇ ਵੱਲ ਤੱਕਦੇ ਤੱਕਦੇ
ਆਖਰੀ ਉਮਰ ਤੱਕ
ਹੌਲ਼ੀ ਹੌਲ਼ੀ ਰਸਣਾ ਹੈ

# ਸਹਿਜ

ਪੂਰੀ ਜ਼ਿੰਦਗੀ ਸਹਿਜ ਦੀ ਤਲਾਸ਼ ਦੇ ਸੰਘਰਸ਼ ਵਿੱਚ ਹੀ ਲੰਘ ਜਾਂਦੀ ਹੈ। ਅਧਿਆਤਮਵਾਦ ਨੇ ਸਹਿਜ ਦੀ ਪਰਿਭਾਸ਼ਾ, ਸੁੱਖ ਦੁੱਖ ਵਿੱਚ ਸਮਾਨ ਰਹਿਣ ਨੂੰ ਦਿੱਤੀ ਹੈ ਜੋ ਪ੍ਰਭੂ ਪਰਮਾਤਮਾ ਦੇ ਭਜਨ ਸਿਮਰਨ ਵਿੱਚ ਰਹਿ ਕੇ ਪਰਮਾਤਮਾ ਦੀ ਪ੍ਰਾਪਤੀ ਨਾਲ ਸਥਾਈ ਸਹਿਜ ਪਾਇਆ ਜਾ ਸਕਦਾ ਹੈ। ਉਹ ਸਹਿਜ ਮਰਨ ਤੋਂ ਬਾਅਦ ਵਾਲਾ ਸਹਿਜ ਜਿੱਥੇ ਤੇ ਜਦ ਲਾਸ਼ ਨੂੰ ਸਹਿਜ ਦੀ ਜ਼ਰੂਰਤ ਹੀ ਨਹੀਂ ਹੁੰਦੀ। ਤੇ ਜਿਉਂਦੇ ਜੀਅ ਸਿਮਰਨ ਕਰਨਾ ਆਪਣੀਆਂ ਇੱਛਾਵਾਂ ਨੂੰ ਨਿਯੰਤਰਿਤ ਕਰਨਾ ਜਾਂ ਉਹਨਾਂ ਦਾ ਦਮਨ ਕਰਨਾ ਜਾਂ ਉਹਨਾਂ ਵੱਲੋਂ ਮੁੱਖ ਮੋੜਨਾ ਹੁੰਦਾ ਹੈ।

ਇਸ ਸਹਿਜ ਦੀ ਡਾਕਟਰੀ ਪਰਿਭਾਸ਼ਾ ਇਸ ਤੋਂ ਬਿਲਕੁਲ ਉਲਟ ਹੈ। ਤੇ ਮਨੋਵਿਗਿਆਨ ਦੀ ਪਰਿਭਾਸ਼ਾ ਵੀ ਡਾਕਟਰੀ ਪਰਿਭਾਸ਼ਾ ਨਾਲ ਲਗਭਗ ਮਿਲਦੀ ਜੁਲਦੀ ਹੈ। ਮਨੋਵਿਗਿਆਨ ਅਨੁਸਾਰ ਸਹਿਜ ਨੂੰ ਾਰਮਅਲ ਨਾਰਮਲ ਭਾਵ ਆਮ ਸਧਾਰਣ ਤੇ ਨਾ ਜ਼ਿਆਦਾ ਨਾ ਘੱਟ ਹੈ । ਜੋ ਵੱਧ ਜਾਂ ਘੱਟ ਹੈ ਉਸ ਨੂੰ ਓਬਨੋਰਮਅਲ ਐਬਨਾਰਮਲ ਭਾਵ ਜੋ ਨਾਰਮਲ ਨਾ ਹੋਵੇ ਭਾਵ ਸਧਾਰਣ ਨਾ ਹੋਵੇ ਕਿਹਾ ਜਾਂਦਾ ਹੈ । ਡਾਕਟਰੀ ਪਰਿਭਾਸ਼ਾ ਵਿੱਚ ਜੋ ਸਧਾਰਣ ਨਾ ਹੋਵੇ ਉਸ ਨੂੰ ਐਬਨਾਰਮਲ ਜਾਂ ਨੀਮ ਪਾਗਲ ਕਿਹਾ ਜਾਂਦਾ ਹੈ। ਇਸ ਦੀਆਂ ਅੱਗੇ ਦੋ ਕਿਸਮਾਂ ਕਰ ਦਿੱਤੀਆਂ ਜਾਂਦੀਆਂ ਹਨ। ੁਪਏਰਿੋਰਿਟੇ ਛੋਮਲਏਣ ਆਪਣੇ ਆਪ ਨੂੰ ਉੱਤਮ ਸਮਝਣ ਦਾ ਭੁਲੇਖਾ ਤੇ ਦੂਸਰਾ ਿਨਾਇਰਿੋਰਿਟੇ ਛੋਮਪਲਏਣ ਭਾਵ ਹੀਣ ਭਾਵਨਾ । ਡਾਕਟਰ ਕਹਿੰਦੇ ਹਨ ਕੋਈ ਵੀ ਵਿਅਕਤੀ ਉੱਤਮ ਸਮਝਣ ਵਾਲੀ ਭਾਵਨਾ ਜਾਂ ਹੀਨ ਭਾਵਨਾ ਵਿੱਚ ਜ਼ਿਆਦਾ ਚਿਰ ਰਹਿ ਜਾਵੇ ਤਾਂ ਉਸ ਵਿੱਚ ਪਾਗਲ ਪਨ ਦੀਆਂ ਅਲਾਮਤਾਂ ਭਾਵ ਲੱਛਣ ਪੈਦਾ ਹੋ ਜਾਂਦੀਆਂ ਹਨ। ਤੇ ਬਾਅਦ ਵਿੱਚ ਇਹ ਮਏਨਟਅਲ ਪਰੋਬਲਏਮਸ ਮਾਨਸਿਕ ਸਮੱਸਿਆਵਾਂ ਸਰੀਰਕ ਰੋਗਾਂ ਵਿੱਚ ਵੀ ਬਦਲ ਜਾਂਦੀਆਂ ਹਨ। ਇੱਕ ਹੋਰ ਡਾਕਟਰੀ ਪਰਿਭਾਸ਼ਾ ਹੈ ਕਿ ਹਰ ਪੁਰਾਣੀ ਮਾਨਸਿਕ ਬਿਮਾਰੀ ਸਰੀਰਕ ਰੋਗ ਵਿੱਚ ਤੇ ਹਰ ਪੁਰਾਣਾ ਸਰੀਰਕ ਰੋਗ ਮਾਨਸਿਕ ਬਿਮਾਰੀ ਵਿੱਚ ਤਬਦੀਲ ਹੋ ਜਾਂਦਾ ਹੈ। ਭਾਵ ਕਿ ਸਾਨੂੰ ਦੋਵੇਂ ਹਾਲਾਤ ਤੇ ਨਜ਼ਰ ਰੱਖਣੀ ਪਵੇਗੀ। ਆਪਣੇ ਬਦਲਦੇ ਸੁਭਾਅ ਨੂੰ ਸਮਝਣਾ ਪਵੇਗਾ।

ਇਹ ਸਾਨੂੰ ਇੱਕ ਉਦਾਹਰਣ ਤੋਂ ਚੰਗੀ ਤਰ੍ਹਾਂ ਸਮਝ ਆ ਜਾਵੇਗਾ ਕਿ ਇੱਕ ਘੱਟ ਪੜ੍ਹੇ ਲਿਖੇ ਨੂੰ ਜ਼ਿਆਦਾ ਪੜ੍ਹੇ ਲਿਖੇ ਲੋਕਾਂ ਵਿੱਚ ਉੱਠਣਾ ਬੈਠਣਾ ਪੈ ਜਾਵੇ ਤਾਂ ਉਸ ਦਾ ਗਲਬਾਤ ਦਾ ਵਿਸ਼ਾ ਵਸਤੂ ਉਹਨਾਂ ਨਾਲੋਂ ਅਲੱਗ ਤਰ੍ਹਾਂ ਦਾ ਹੋਵੇਗਾ ਤੇ ਹੋਲ਼ੀ ਹੌਲ਼ੀ ਉਸ ਵਿੱਚ ਹੀਣ ਭਾਵਨਾ ਉੱਤਪੰਨ ਹੋ ਜਾਵੇਗੀ ਤੇ ਇਸੇ ਤਰਾਂ ਹੀ ਅਕਸਰ ਸਾਡਾ ਪੜ੍ਹੇ ਲਿਖਿਆ ਦਾ ਹਾਲ ਵੀ ਹੁੰਦਾ ਹੈ । ਅਸੀਂ ਅਕਸਰ ਹੀ ਆਪਣੇ ਤੋਂ ਘੱਟ ਪੜ੍ਹਿਆਂ ਲਿਖਿਆਂ ਵਿੱਚ ਆਪਣੇ ਆਪ ਨੂੰ ਉੱਤਮ ਸਮਝਣ ਦੀ ਗਲਤੀ ਕਰਦੇ ਰਹਿੰਦੇ ਹਾਂ । ਇਹ ਜ਼ਰੂਰੀ ਨਹੀਂ ਕਿ ਅਸੀਂ ਹਰ ਵਾਰ ਠੀਕ ਹੀ ਹੋਈਏ। ਸਾਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਡਿਗਰੀਆਂ ਨਾਲੋਂ ਜ਼ਿੰਦਗੀ ਦੇ ਤਜਰਬੇ ਜ਼ਿਆਦਾ ਕੁਝ ਸਿਖਾ ਜਾਂਦੇ ਹਨ । ਆਪਣੀਆਂ ਸੀਮਾਵਾਂ ਭਾਵ ਹੱਦਾਂ ਨੂੰ ਸਮਝਣਾ ਹੀ ਕਾਫ਼ੀ ਨਹੀਂ ਹੈ ਉਹਨਾਂ ਵਿੱਚ ਬਿਨਾਂ ਕਿਸੇ ਤਕੱਲਫ਼ ਦੇ ਰਹਿਣਾ ਹੀ ਸਹਿਜ ਹੈ । ਇਹ ਸਹਿਜ ਇੱਕ ਦਮ ਆਪਣੇ ਆਪ ਨਹੀਂ ਆਉਂਦਾ । ਇਸ ਦਾ ਰਿਆਜ਼ ਕਰਨਾ ਪੈਂਦਾ ਹੈ । ਕਿਸੇ ਭੱਖਦੀ ਬਹਿਸ ਜਿਸ ਵਿੱਚ ਹਾਉਮੈ ਆ ਫਸੇ ਵਿੱਚੋਂ ਉੱਠਕੇ ਜਾਣਾ ਬਿਹਤਰ ਹੁੰਦਾ ਹੈ ਨਾ ਕਿ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਜ਼ਿੱਦ।

ਮਨਜੀਤ ਸਿੰਘ
98726-24833

ਭਗਵਾਨ ਬੁੱਧ ਦੀ ਸਾਖੀ ਇਸ ਦੀ ਇੱਕ ਚੰਗੀ ਉਦਹਾਰਣ ਹੈ । ਨਦੀ ਦੇ ਪਾਣੀ ਤੋਂ ਸ਼ੱਕ (ਸ਼ਾਕਿਯ) ਰਾਜ ਤੇ ਕੌਲੀਆ ਰਾਜ ਵਿੱਚ ਝਗੜੇ ਤੇ ਯੁੱਧ ਹੁੰਦੇ ਰਹਿੰਦੇ ਸਨ । ਯੁੱਧਾਂ ਵਿੱਚ ਕਈ ਬੇਕਸੂਰ ਲੋਕ ਵੀ ਮਾਰੇ ਜਾਂਦੇ । ਇਸ ਵਾਰ ਵੀ ਝਗੜਾ ਵੱਧ ਗਿਆ । ਸ਼ੱਕ (ਸ਼ਾਕਿਯ) ਰਾਜ ਦੇ ਰਾਜਾ ਨੇ ਆਪਣੇ ਰਾਜ ਵਿੱਚੋਂ ਹਰੇਕ ਘਰ ਵਿੱਚੋਂ ਇੱਕ ਆਦਮੀ ਯੁੱਧ ਵਿੱਚ ਭੇਜਣ ਦਾ ਮੰਤਰੀ ਮੰਡਲ ਵਿੱਚ ਵਿਚਾਰ ਰੱਖਿਆ। ਸਿਧਾਰਥ ਗੋਤਮ ਦੇ ਪਿਤਾ ਨੂੰ ਵੀ ਕਿਹਾ ਕਿ ਉਹ ਵੀ ਆਪਣੇ ਘਰ ਵਿੱਚੋਂ ਇੱਕ ਜੀਅ ਭੇਜੇ । ਸਿਧਾਰਥ ਉਸ ਵਕਤ 29 ਸਾਲ ਦੇ ਸਨ । ਉਹਨਾਂ ਨੇ ਯੁੱਧ ਦੀ ਜਗ੍ਹਾ ਸ਼ਾਂਤੀ ਨਾਲ ਗੁਆਂਢੀ ਰਾਜ ਨਾਲ ਗੱਲਬਾਤ ਕਰ ਕੇ ਇਸ ਦਾ ਸਥਾਈ ਹੱਲ ਲੱਭਣ ਦੀ ਸਲਾਹ ਦਿੱਤੀ । ਉਸ ਦੀ ਇਸ ਸਲਾਹ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਗਿਆ ਕਿ ਰਾਜਕੁਮਾਰ ਸਿਧਾਰਥ ਗੌਤਮ ਯੁੱਧ ਕਰਨ ਤੋਂ ਡਰ ਗਿਆ ਹੈ । ਯੁੱਧ ਵਿੱਚ ਨਾ ਜਾਣ ਕਰਕੇ ਉਸ ਦੇ ਪਿਤਾ ਸਿਧੋਦਨ ਨੂੰ ਦੇਸ਼-ਨਿਕਾਲਾ ਦਿੱਤਾ ਜਾਵੇ । ਸਿਧਾਰਥ ਗੌਤਮ ਨੇ ਤਰਕ ਦਿੱਤਾ ਕਿ ਇਹ ਗੁਨਾਹ ਮੇਰਾ ਹੈ ਦੇਸ਼ ਨਿਕਾਲੇ ਦੀ ਸਜ਼ਾ ਵੀ ਸਿਧਾਰਥ ਗੌਤਮ ਹੀ ਭੁਗਤੇਗਾ । ਸਿਧਾਰਥ ਗੌਤਮ ਨਾ ਤਾਂ ਡਰਪੋਕ ਸਨ ਤੇ ਨਾ ਹੀ ਕਮਜ਼ੋਰ ਤੇ ਨਾ ਹੀ ਬੇਸਮਝ ਸਨ ਜਿਵੇਂ ਕਿ ਉਹਨਾਂ ਦੇ ਵਿਰੋਧੀਆਂ ਨੇ ਉਹਨਾਂ ਨੂੰ ਦਰਸਾਇਆ ਕਿ ਉਹ ਜੀਵਨ ਦੇ ਚਾਰ ਦੁੱਖ ਦੇਖ ਕੇ ਜ਼ਿੰਦਗੀ ਤੋਂ ਉਪਰਾਮ ਹੋ ਗਏ ਸਨ ਜੋ ਕਿ ਤਰਕ ਸੰਗਤ ਨਹੀਂ। 29 ਸਾਲਾਂ ਦਾ ਯੁਵਕ ਜੋ ਸ਼ਾਦੀ ਸ਼ੁਦਾ ਤੇ ਇੱਕ ਬੱਚੇ ਦਾ ਪਿ ਵੀ ਸੀ ਕਿਵੇਂ ਹੋ ਸਕਦਾ ਕਿ ਉਸ ਨੇ ਕੀ ਇਹ ਚਾਰੇ ਦੁੱਖਾਂ ਵਿੱਚੋਂ ਕੋਈ ਵੀ ਨਹੀਂ ਦੇਖਿਆ ਹੋਵੇਗਾ। ਗੱਲ ਕਰ ਰਹੇ ਸੀ ਸਿਧਾਰਥ ਗੌਤਮ ਦੀ, ਤੇ ਉਸ ਨੇ ਦੇਸ਼ ਨਿਕਾਲਾ ਦੀ ਸਜ਼ਾ ਨੂੰ ਕਬੂਲਦਿਆਂ ਹੋਇਆਂ ਕਿਹਾ ਕਿ ਮੈਂ ਆਪਣੀ ਗੱਲ ਤੇ ਕਾਇਮ ਹਾਂ ਇਹਨਾਂ ਨੂੰ ਇਹ ਨਹੀਂ ਪਤਾ ਕਿ ਇਹ ਕੀ ਕਰ ਰਹੇ ਹਨ । ਪਰ ਬਾਅਦ ਵਿੱਚ ਅਹਿਸਾਸ ਹੋਵੇਗਾ ਕਿ ਮੈਂ ਠੀਕ ਸੀ । ਸਿਧਾਰਥ ਗੌਤਮ ਘਰੋਂ ਨਿੱਕਲ ਗਏ ਉਹਨਾਂ ਨਾਲ ਉਹਨਾਂ ਦਾ ਇੱਕ ਸਾਥੀ ਹੋਰ ਵੀ ਸੀ । ਬਾਅਦ ਵਿੱਚ ਮੰਤਰੀ ਮੰਡਲ ਨੇ ਆਪਣਾ ਫੈਸਲਾ ਬਦਲ ਲਿਆ । ਤੇ ਸਿਧਾਰਥ ਗੌਤਮ ਨੂੰ ਵਾਪਸ ਬੁਲਾਉਣ ਲਈ ਸੁਨੇਹਾ ਵੀ ਭੇਦਿਆ ਗਿਆ । ਪਰ ਸਿਧਾਰਥ ਗੌਤਮ ਨੇ ਵਾਪਸ ਆਉਣ ਤੋਂ ਮਨ੍ਹਾ ਕਰ ਦਿੱਤਾ । ਕਿ ਉਹ ਜਰਪੋਕ ਨਹੀਂ ਹੈ, ਉਹ ਆਪਣੇ ਦੇਸ਼ ਨਿਕਾਲੇ ਦੀ ਸਜ਼ਾ ਪੂਰੀ ਕਰੇਗਾ।

ਸਿਧਾਰਥ ਗੌਤਮ ਨੇ ਜਦ ਦੇਖਿਆ ਕਿ ਦੋ ਰਾਜਾਂ ਵਿੱਚ ਪਾਣੀ ਦੇ ਬਹਾਨੇ ਨਾਲ ਹਾ ਮੈਂ ਦੀ ਲੜਾਈ ਲੜਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤੇ ਤਰਕ ਨੂੰ ਉਹਨਾਂ ਦਾ ਹਾ ਮੈਂ ਸੁਣਨ ਤੇ ਮੰਨਣ ਨੂੰ ਤਿਆਰ ਨਹੀਂ ਹੈ ਤਾਂ ਉਸ ਵਿੱਚੋਂ ਆਪਣੇ ਆਪ ਨੂੰ ਮਨਫੀ ਕਰਨਾ ਬਿਹਤਰ ਸਮਝਿਆ। ਇਸ ਨਾਲ ਮਾਨਸਿਕ ਕਸ਼ਟ ਨਹੀਂ ਹੁੰਦਾ । ਗਲਤ ਫ਼ੈਸਲਿਆਂ ਦੀ ਹਾਮੀ ਭਰਨੀ ਸਾਰੀ ਉਮਰ ਮਾਨਸਿਕ ਕਸ਼ਟ ਦਿੰਦਾ ਹੈ। ਸਹਿਜ ਦੀ ਪ੍ਰਾਪਤੀ ਦੇ ਲਈ ਅਜਿਹਾ ਰਿਆਜ਼ ਕਰਨਾ ਹੀ ਪੈਂਦਾ।

ਇਹ ਵਿਚਾਰਕ ਤੌਰ ਤੇ ਤਰਕ ਦੇ ਪਰਪੱਕ ਸ਼ਖਸ ਤੋਂ ਹੀ ਉਮੀਦ ਕੀਤੀ ਜਾ ਸਕਦੀ ਹੈ।

ਪੰਜਾਬੀ ਦੀ ਇੱਕ ਕਹਾਵਤ ਹੈ ਮੱਝ ਅੱਗੇ ਬੀਨ ਬਜਾਉਣਾ । ਭਾਵ ਜਦੋਂ ਅਸੀਂ ਸਮਾਨ ਬੋਧਿਕ ਸੱਤਰ ਵਿੱਚ ਤਰਕ ਨਾ ਕਰੀਏ । ਤੇ ਸਾਡੇ ਨਾਲ ਕੋਈ ਸਹਿਮਤ ਨਾ ਹੋਵੇ ਤੇ ਅਸੀਂ ਆਪਣੇ ਆਪ ਨੂੰ ਮਨੋਰੋਗ ਲਗਵਾ ਲਈਏ । ਜਦ ਕਿ ਚਾਹੀਦਾ ਤਾਂ ਇਹ ਹੈ ਕਿ ਅਸੀਂ ਖਾਮੋਸ਼ ਰਹੀਏ । ਜੇ ਕੋਈ ਸਾਡੇ ਨਾਲੋਂ ਜ਼ਿਆਦਾ ਕਾਬਲ ਹੈ ਉਸ ਦੀ ਗੱਲ ਨੂੰ ਧਿਆਨ ਨਾਲ ਸੁਣੀਏ ਸਮਝੀਏ । ਜਿਵੇਂ ਵਿਦਿਆਰਥੀ ਆਪਣੇ ਅਧਿਆਪਕ ਦੀ ਗੱਲ ਸੁਣਦਾ ਹੈ । ਤਦ ਸਾਨੂੰ ਸੁਣਨ ਵਿੱਚ ਪੀੜਾ ਨਹੀ ਹੁੰਦੀ, ਸਗੋਂ ਨਾ ਸੁਣਨ ਵਿੱਚ ਸਾਰੀ ਉਮਰ ਪੀੜਾ ਹੁੰਦੀ ਹੈ ਕਿ ਅਧਿਆਪਕ ਦੀ ਗੱਲ ਉੱਦੋਂ ਮੰਨ ਲਈ ਹੁੰਦੀ ਤਾਂ ਚੰਗਾ ਸੀ।

ਇਹ ਸਹਿਜਤਾ ਤੇ ਅਸਹਿਜਤਾ ਗੱਲਾਂ ਬਾਤਾਂ ਤੋਂ ਹੀ ਪਤਾ ਨਹੀਂ ਲੱਗਦਾ ਸਗੋਂ ਸਾਡੇ ਪਹਿਰਾਵੇ ਤੋਂ ਵੀ ਝਲਕ ਪੈਂਦੀ ਹੈ । ਇੱਕ ਪਾਰਟੀ ਵਿੱਚ ਸਭ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਵਿੱਚ ਮਰਦਾਂ ਨੇ ਆਮ ਕੋਟ ਪਿੰਟਾਂ ਕਮੀਜ਼ਾਂ ਪਾਈਆਂ ਹੋਈਆਂ ਸਨ। ਤੇ ਔਰਤਾਂ ਵਿੱਚ ਔਰਤਾਂ ਨੇ ਸਾਧਾਰਣ ਸ਼ੂਟ ਸਲਵਾਰਾਂ ਲਹਿੰਗੇ ਚੋਲ਼ੀਆਂ ਪਾਈਆਂ ਹੋਈਆਂ ਸਨ । ਉਹਨਾਂ ਸਾਰੀਆਂ ਵਿੱਚ ਇੱਕ ਅੱਧਖੜ੍ਹ ਔਰਤ ਨੇ ਆਪਣਾ ਅੱਧ ਪਚੱਧਾ ਜਿਸਮ ਢੱਕਿਆ ਹੋਇਆ ਸੀ ਤੇ ਬਹੁਤ ਹੀ ਅਲੱਗ ਤਰ੍ਹਾਂ ਨਜ਼ਰ ਆ ਰਹੀ ਸੀ। ਉਹ ਕੋਈ ਸੈਲੀਬਰਿਟੀ ਨਹੀਂ ਸੀ ਕਿ ਜਿਸ ਨੂੰ ਆਮ ਲੋਕ ਜਾਣਦੇ ਹੋਣਗੇ । ਅਜਿਹੀ ਪੁਸ਼ਾਕ ਜਿਨ੍ਹਾਂ ਦਾ ਕਿੱਤਾ ਕਲਾਕਾਰਾਂ ਵਾਲਾ ਹੋਵੇ ਤਾਂ ਮੰਨਿਆ ਜਾ ਸਕਦਾ ਹੈ ਜਿਵੇਂ ਫ਼ਿਲਮੀ ਕਲਾਕਾਰ।

ਪਰ ਆਮ ਵਿਅਕਤੀ ਅਸਾਧਾਰਣ ਪੁਸ਼ਾਕ ਪਹਿਨੇ ਤਾਂ ਉਹ ਖੁਦ ਵੀ ਅਸਹਿਜ ਮਹਿਸੂਸ ਕਰਦਾ ਹੋਵੇਗਾ ਤੇ ਸ਼ਾਇਦ ਬਾਕੀ ਵੀ । ਐਡਵਾਂਸ ਸੋਚ ਦੇ ਨਾਂ ਤੇ ਸਮਾਜ ਨੂੰ ਅਸੀਂ ਕੀ ਵੰਡ ਰਹੇ ਹਾਂ। ਅਜਿਹਾ ਨਹੀਂ ਉਸ ਪਾਰਟੀ ਵਿੱਚ ਅਮੀਰ ਆਦਮੀ ਤੇ ਔਰਤਾਂ ਸ਼ਾਮਿਲ ਨਹੀਂ ਸਨ । ਔਡੀ ਤੇ ਬੀ ਐਮ ਡਬਲਯੂ ਕਾਰਾਂ ਵਾਲੇ ਵੀ ਸਨ । ਪਰ ਸਾਰਿਆਂ ਦੀ ਦਿੱਖ ਸਾਧਾਰਣ ਸੀ । ਪਰ ਇਹ ਔਰਤ ਮਰਦ ਬੋਲੇਨੋ ਵਿੱਚ ਗਏ ਤਾਂ ਉੱਥੇ ਕੁਝ ਔਰਤਾਂ ਮਰਦ ਇੱਕ ਦੂਜੇ ਦੇ ਮੂੰਹ ਵੱਲ ਵੀ ਦੇਖ ਰਹੇ ਸਨ । ਉਸ ਦੇ ਘਰ ਵਾਲੇ ਨੇ ਸਾਧਾਰਣ ਜਿਹੀ ਪਿੰਟ ਤੇ ਟੀ ਸ਼ਰਟ ਪਹਿਨ ਰੱਖੀ ਸੀ।

ਇਹ ਸਾਫ ਨਿਸ਼ਾਨੀ ਸੀ ਕਿ ਜ਼ਿੰਦਗੀ ਦੀ ਗੱਡੀ ਪਟੜੀ ਤੋਂ ਜਾਂ ਤਾਂ ਉੱਤਰ ਚੁੱਕੀ ਸੀ ਜਾਂ ਫਿਰ ਉਤਰਨ ਵਾਲੀ ਸੀ । ਜ਼ਿੰਦਗੀ ਦੀ ਇੱਕ ਖਾਸੀਅਤ ਹੈ ਕਿ ਜਦੋਂ ਵੀ ਜ਼ਿੰਦਗੀ ਦੀ ਗੱਡੀ ਪਟੜੀ ਤੋਂ ਉੱਤਰਨ ਵਾਲੀ ਹੁੰਦੀ ਹੈ ਇਹ ਇਸ਼ਾਰਿਆਂ ਵਿੱਚ ਦੱਸਣ ਲੱਗ ਪੈਂਦੀ । ਜਾਂ ਤਾਂ ਸਹਿਜ ਰਾਹ ਤੋਂ ਭਟਕ ਜਾਂਦੀ ਹੈ ਜਾਂ ਇਸ ਦਾ ਇੰਜਣ ਖੜ ਖੜ ਕਰ ਕੇ ਸ਼ੋਰ ਪਾਉਣਾ ਸ਼ੁਰੂ ਕਰ ਦਿੰਦਾ ਹੈ । ਦੇਰ ਸਵੇਰ ਇਸ ਨੇ ਪਟੜੀ ਤੋਂ ਉਤਰਨਾ ਹੀ ਹੁੰਦਾ ਹੈ ਤੇ ਤਹਿਸ ਨਹਿਸ ਹੋਣਾ ਹੀ ਹੁੰਦਾ ਹੈ।

# ਕਮ.ਲੇ ਅਕਾਲੀ ਦੀ ਚਰਨ ਧੂੜ !

ਪਿੱਛੇ ਜਿਹੇ ਫੇਸ-ਬੁੱਕ 'ਤੇ ਇਕ ਸੱਜਣ ਦੀ ਪੋਸਟ ਉੱਤੇ ਲੇਖਕਾਂ ਦੇ ਭਾਂਤ-ਸੁਭਾਂਤੇ ਤਖੱਲਸਾਂ ਬਾਰੇ ਚਰਚਾ ਚੱਲ ਰਹੀ ਸੀ। ਕੈਨੇਡਾ ਰਹਿੰਦੇ ਮਾਣਯੋਗ ਲੇਖਕ ਗਿਆਨੀ ਕੇਵਲ ਸਿੰਘ 'ਨਿਰਦੋਸ਼' ਹੁਣਾ ਨੇ ਕਮੈਂਟ ਲਿਖਿਆ ਕਿ ਪੰਜਾਬੀ ਦੇ ਪੁਰਾਤਨ ਲੇਖਕ ਲਾਲ ਸਿੰਘ 'ਕਮ.ਲਾ ਅਕਾਲੀ' ਜੀ ਆਪਣੀ ਕਿਤਾਬ ਛਪਾਉਣ ਤੋਂ ਪਹਿਲਾਂ ਉਸਦਾ ਹੱਥ-ਲਿਖਤ ਖਰੜਾ ਲੈ ਕੇ ਮਾਸਟਰ ਤਾਰਾ ਸਿੰਘ ਜੀ (ਪ੍ਰਸਿੱਧ ਅਕਾਲੀ ਆਗੂ) ਹੁਣਾ ਕੋ.ਲੋਂ ਮੁੱਖ-ਬੰਦ ਲਿਖਾਉਣ ਗਏ। ਮਾਸਟਰ ਜੀ ਮਖੌਲੀਆ ਅੰਦਾਜ਼ ਵਿਚ ਲਾਲ ਸਿੰਘ ਨੂੰ ਕਹਿੰਦੇ ਕਿ ਭਾਈ ਲਾਲ ਸਿਆਂ, ਤੈਂ ਦੋ ਤਖੱਲਸ ਕਾਹਨੂੰ ਰੱਖ ਲਏ ਭਲਾ? ਜੇ ਇਕੱਲਾ 'ਅਕਾਲੀ' ਰੱਖ ਲੈਂਦਾ ਤਾਂ ਲੋਕਾਂ ਨੇ ਸਮਝ ਹੀ ਜਾਣਾ ਸੀ ਕਿ ਇਹ 'ਕਮ.ਲਾ' ਈ ਹੋਣਾ! ਤੇ ਜੇ ਤਖਲਸ 'ਕਮ.ਲਾ' ਰੱਖ ਲੈਂਦਾ ਤਦ ਵੀ ਪਾਠਕਾਂ ਨੇ ਸਮਝ ਲੈਣਾ ਸੀ ਕਿ ਇਹ 'ਅਕਾਲੀ' ਹੀ ਹੋਣਾ ਐਂ!




'ਕਮ.ਲਾ ਅਕਾਲੀ' ਦੇ ਜਿਕਰ ਤੋਂ ਮੈਨੂੰ ਆਪਣਾ ਚੇਤਾ ਆ ਗਿਆ।ਹੋਇਆ ਇੰਜ ਕਿ ਫੋਟੋ-ਗ੍ਰਾਫੀ ਦੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕੈਨੇਡਾ ਰਹਿੰਦੇ ਸਰਦਾਰ ਜੈਤੇਗ ਸਿੰਘ 'ਅਨੰਤ' ਜੀ ਸੰਨ 2009 ਵਿੱਚ ਭਾਰਤ ਗਏ। ਉਨ੍ਹਾਂ ਸ੍ਰੀ ਵਰਿੰਦਰ ਵਾਲੀਆ ਜੀ (ਜੋ ਮਗਰੋਂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ) ਤੋਂ ਸਲਾਹ ਲਈ ਕਿ ਮੈਂ ਆਪਣੇ ਮਾਂ-ਬਾਪ ਦੀ ਯਾਦ ਵਿਚ ਬਣਾਏ ਹੋਏ 'ਹਰਿਦਰਸ਼ਨ ਮੈਮੋਰੀਅਲ ਟ੍ਰਸਟ' ਵਲੋਂ ਕਿਸੇ ਚੰਗੇ ਪੰਜਾਬੀ ਵਾਰਤਕਕਾਰ ਨੂੰ ਸਨਮਾਨ ਦੇਣਾ ਚਾਹੁੰਦਾ ਹਾਂ ਕਿਸੇ ਲੇਖਕ ਬਾਰੇ ਦੱਸੋ।

'ਪੰਜਾਬੀ ਟ੍ਰਿਬਿਊਨ' ਮੈਂ ਵਿਚ ਛਪਦਾ ਜਰੂਰ ਰਿਹਾ ਸਾਂ ਪਰ ਵਾਲੀਆ ਜੀ ਜਾਂ ਉਸ ਅਖਬਾਰ ਦੇ ਕਿਸੇ ਹੋਰ ਸੰਪਾਦਕ ਨੂੰ ਕਦੇ ਮਿਲ਼ਿਆ ਨਹੀਂ ਸਾਂ।ਪਰ ਮੇਰੀ ਖੁਸ਼ਕਿਸਮਤੀ ਕਿ ਵਾਲੀਆ ਜੀ ਨੇ ਅਨੰਤ ਹੁਣਾ ਨੂੰ ਮੇਰੇ ਨਾਂ ਦੀ ਦੱਸ ਪਾਈ। ਸੰਯੋਗ ਵਸ ਮੈਂ ਵੀ ਉਨ੍ਹਾਂ ਦਿਨਾਂ 'ਚ ਅਮਰੀਕਾ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ।ਅਨੰਤ ਜੀ ਨੇ ਮੇਰੇ ਛੋਟੇ ਭਰਾ ਪ੍ਰੋਫੈਸਰ ਅਵਤਾਰ ਸਿੰਘ ਰਾਹੀਂ ਮੇਰੇ ਨਾਲ ਸੰਪਰਕ ਕਰਕੇ ਮੈਨੂੰ ਸੂਚਿਤ ਕੀਤਾ।

ਕਦਰਦਾਨ ਬਜ਼ੁਰਗ ਅਨੰਤ ਸਾਹਿਬ ਨੇ ਤਰੱਦਦ ਕਰਕੇ ਚੰਡੀਗੜ੍ਹ ਵਿਖੇ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਤੇ ਮੈਨੂੰ ਵਾਰਤਕਕਾਰ ਵਜੋਂ 'ਲਾਲ ਸਿੰਘ ਕਮ.ਲਾ ਅਕਾਲੀ ਸਨਮਾਨ-ਚਿੰਨ੍ਹ' ਨਾਲ ਸਨਮਾਨਿਤ ਕਰਿਆ!

ਇਹ ਉਸ ਵੇਲੇ ਦੀ ਫੋਟੋ ਹੈ ਜਦ ਮੈਂ ਪੁਰਾਤਨ ਵਾਰਤਕਕਾਰ ਕਮ.ਲਾ ਅਕਾਲੀ ਜੀ ਦੀ ਚਰਨ-ਧੂੜ ਬਣਿਆਂ ਸਾਂ!

**-ਤਰਲੋਚਨ ਸਿੰਘ ਦੁਪਾਲ ਪੁਰ 001-408-915-1268**

# ਪੁਸਤਕ ਸਮੀਖਿਆ

**ਰਾਜਵੀਰ ਦਾ ਓਰੀਓ (ਬਾਲ ਨਾਵਲ)**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਮਨਦੀਪ ਰਿੰਪੀ**
**ਪ੍ਰਕਾਸ਼ਕ: ਹਜਜ਼ਰੀਆ ਐਂਡ ਸਨਜ਼ ਜਲੰਧਰ**
**ਪੰਨੇ: 48, ਮੁੱਲ: 140/-**

ਮਨਦੀਪ ਰਿੰਪੀ ਸਾਹਿਤ ਅਤੇ ਸਿੱਖਿਆ ਜਗਤ ਨੂੰ ਸਮਰਪਿਤ ਹੈ। ਉਸ ਦੀ ਕਲਮ ਨਿਰੰਤਰ ਵਗਦੀ ਰਹਿੰਦੀ ਹੈ। ਪ੍ਰੋੜ ਸਾਹਿਤ ਦੇ ਨਾਲ ਨਾਲ ਬਾਲ ਸਾਹਿਤ ਦੇ ਖੇਤਰ ਵਿੱਚ ਵੀ ਉਸ ਨੇ ਸੰਦਲੀ ਪੈੜਾਂ ਪਾਈਆਂ ਹਨ। ਚਾਰ ਸਾਲਾਂ ਅਰਸੇ ਦੌਰਾਨ ਹੀ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦਾ ਪ੍ਰਕਾਸ਼ਨ ਕਰਕੇ ਸਾਹਿਤਕ ਸਫਾਂ ਦੀ ਮੋਹਰਲੀ ਕਤਾਰ ਵਿੱਚ ਪਹੁੰਚ ਗਈ। ਉਸ ਦੀ ਭਾਸ਼ਾ ਦੀ ਸਰਲਤਾ ਅਤੇ ਸਪਸ਼ਟਤਾ ਇੰਨੀ ਪ੍ਰਭਾਵਸ਼ਾਲੀ ਹੈ ਕਿ ਪਾਠਕ ਰਚਨਾ ਪੜ੍ਹੇ ਬਗੈਰ ਰਹਿ ਨਹੀਂ ਸਕਦਾ। ਕਹਾਣੀ ਖੇਤਰ ਵਿੱਚ ਤਾਂ ਉਸਨੇ ਕਮਾਲ ਦੀਆਂ ਕਹਾਣੀਆਂ ਸਿਰਜੀਆਂ ਹਨ। ਉਸ ਦੇ ਚਾਰ ਬਾਲ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤਰ੍ਹਾਂ ਬਾਲ ਸਾਹਿਤ ਜਗਤ ਵਿੱਚ ਪਾਠਕਾਂ ਵੱਲੋਂ ਉਸ ਦੀ ਹਰ ਰਚਨਾ ਦਾ ਭਰਪੂਰ ਸਵਾਗਤ ਕੀਤਾ ਜਾਂਦਾ। ਇੱਕ ਸਫਲ ਅਧਿਆਪਕਾ ਹੋਣ ਕਰਕੇ ਉਹ ਇੱਕ ਸਫਲ ਸਾਹਿਤ ਸਿਰਜਕ ਵੀ ਬਣ ਚੁੱਕੀ ਹੈ। ਬਾਲ ਮਾਨਸਿਕਤਾ ਦਾ ਗਹਿਰਾ ਗਿਆਨ ਰੱਖਦੀ ਹੋਈ ਸਿਰਜਣਾ ਕਰਦੀ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਬਾਲ ਸਾਹਿਤ ਦੇ ਭਵਿੱਖਮਈ ਨੈਣ ਨਕਸ਼ ਉਭਰਦੇ ਹਨ। ਹੱਥਲਾ ਬਾਲ ਨਾਵਲ 'ਰਾਜਵੀਰ ਦਾ ਓਰੀਓ' ਵੀ ਉਸ ਦਾ ਇੱਕ ਮਨੋਵਿਗਿਆਨਿਕ ਨਾਵਲ ਹੈ।




ਨਾਵਲ 'ਰਾਜਬੀਰ ਦਾ ਓਰੀਓ' ਵਿੱਚ ਇੱਕ ਬੱਚੇ ਰਾਜਵੀਰ ਦੀ ਨਿੱਕੇ ਜਿਹੇ ਕਤੂਰੇ ਨਾਲ ਹੋਈ ਦੋਸਤੀ ਨੂੰ ਮਨੋਵਿਗਿਆਨਕ ਨਜ਼ਰੀਏ ਤੋਂ ਵਿਚਾਰਿਆ ਗਿਆ ਹੈ। ਰਾਜਵੀਰ ਦੀ ਕਤੂਰੇ ਨਾਲ ਹੋਈ ਹਮਦਰਦੀ ਇਸ ਨਾਵਲ ਦਾ ਵਿਸ਼ਾ ਵਸਤੂ ਬਣਦੇ ਹਨ। ਉਹ ਕਤੂਰੇ ਦੀ ਦੇਖਭਾਲ ਕਰਨ ਦੇ ਬਹਾਨੇ ਸਵੇਰੇ ਜੱਲਦੀ ਉੱਠਣ ਵੀ ਲੱਗ ਪੈਂਦਾ ਹੈ। ਪੰਛੀਆਂ ਅਤੇ ਜਾਨਵਰਾਂ ਨਾਲ ਹਮਦਰਦੀ ਦਾ ਸੁਨੇਹਾ ਉਹ ਦਿੰਦਾ ਹੋਇਆ ਆਪਣੇ ਸੰਗੀ ਸਾਥੀਆਂ ਨੂੰ ਵੀ ਨੇਕ ਕੰਮਾਂ ਲਈ ਤਿਆਰ ਕਰਦਾ ਹੈ। ਕਤੂਰੇ ਦੀ ਸਾਂਭ ਸੰਭਾਲ ਕਰਨਾ ਅਤੇ ਮੰਮੀ ਨੂੰ ਉਸ ਦਾ ਖਿਆਲ ਰੱਖਣ ਦੀ ਬੇਨਤੀ ਕਮਾਲ ਦਾ ਸੁਨੇਹਾ ਦਿੰਦੀ ਹੈ। ਫੋਨ ਦੀ ਲੱਤ ਨੂੰ ਛੱਡ ਕੇ ਘਰ ਵਿੱਚ ਆਪਸੀ ਪਿਆਰ ਸਤਿਕਾਰ ਕਿਵੇਂ ਕਾਇਮ ਕਰਨਾ ਹੈ? ਇਸ ਵਿਸ਼ੇ ਤੇ ਵੀ ਵਿਚਾਰ ਚਰਚਾ ਹੁੰਦੀ ਹੈ। ਭਾਵੇਂ ਇਹ ਨਾਵਲ ਸਾਨੂੰ ਪੰਛੀਆਂ ਤੇ ਜਾਨਵਰਾਂ ਪ੍ਰਤੀ ਸੁਹਿਰਦ ਨਜ਼ਰੀਆ ਅਪਣਾਉਣ ਦਾ ਸੁਨੇਹਾ ਦਿੰਦਾ ਹੈ ਪਰ ਇੱਕ ਹੋਰ ਅਹਿਮ ਪਹਿਲੂ ਇਹ ਵੀ ਉਭਰਦਾ ਹੈ ਕਿ ਮਾਪੇ ਬੱਚਿਆਂ ਦੀ ਖਾਤਰ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਹਨ। ਉਹ ਆਪਣੇ ਪਾਪਾ ਤੋਂ ਡਰਦਾ ਕਤੂਰੇ ਨੂੰ ਆਪਣੇ ਦੋਸਤ ਦੇ ਘਰ ਛੱਡ ਆਉਂਦਾ ਹੈ। ਕਤੂਰੇ ਨੂੰ ਘਰ ਵਿੱਚ ਰੱਖਣ ਦੀ ਆਗਿਆ ਲੈਣ ਵਾਸਤੇ ਉਹ ਪਾਪਾ ਦੇ ਨਾਲ ਮਨ ਨੂੰ ਮੋਹ ਲੈਣ ਵਾਲਾ ਸੰਵਾਦ ਰਚਾਉਂਦਾ ਅਤੇ ਸਲਾਹ ਮਸ਼ਵਰੇ ਕਰਦਾ ਹੈ। ਕਹਾਣੀ ਦਾ ਸਿਖਰ ਉਦੋਂ ਸਿਰਜਿਆ ਜਾਂਦਾ ਹੈ ਜਦੋਂ ਰਾਜਵੀਰ ਰਿੰਕੂ ਅਤੇ ਰੀਆ ਦੇ ਘਰ ਓਰੀਓ ਨੂੰ ਵਾਪਸ ਲੈਣ ਆਪਣੇ ਪਾਪਾ ਨਾਲ ਜਾਂਦਾ ਹੈ। ਕਤੂਰੇ ਨਾਲ ਉਹਨਾਂ ਦਾ ਪਿਆਰ ਦੇਖ ਕੇ ਰਾਜਵੀਰ ਦਾ ਮਨ ਪਸੀਜਿਆ ਜਾਂਦਾ ਹੈ ਤੇ ਉਹ ਉਹਨਾਂ ਨੂੰ ਕਤੂਰਾ ਰੱਖਣ ਦੀ ਆਗਿਆ ਦੇ ਦਿੰਦਾ ਹੈ ਅਤੇ ਆਖਦਾ ਹੈ ਕਿ ਉਹ ਖੁਦ ਆ ਕੇ ਇਸ ਨੂੰ ਮਿਲ ਜਾਇਆ ਕਰੇਗਾ। 11 ਭਾਗਾਂ ਵਿੱਚ ਵੰਡੇ ਇਸ ਨਾਵਲ ਨਾਲ ਰਣਬੀਰ ਸਿੰਘ ਦੇ ਰੌਚਕ ਚਿੱਤਰ ਵੀ ਪ੍ਰਕਾਸ਼ਿਤ ਕੀਤੇ ਗਏ ਹਨ। ਸਮੇਂ ਅਨੁਸਾਰ ਕਰਵਾਈ ਵਾਰਤਾਲਾਪ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ਼ ਕਰਨ ਵਿੱਚ ਸਫ਼ਲ ਹੁੰਦੀ ਹੈ। ਇਸ ਨਾਵਲ ਦੀ ਸਰਲਤਾ, ਸੰਖੇਪਤਾ, ਸਪਸ਼ਟ ਵਿਸ਼ੇਸ਼ ਗੁਣ ਹਨ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਲੇਖਿਕਾ ਦਾ ਪਤਾ ਅਤੇ ਫੋਨ ਨੰਬਰ ਕਿਉਂ ਪ੍ਰਕਾਸ਼ਿਤ ਨਹੀਂ ਕੀਤਾ ਗਿਆ। 48 ਪੰਨਿਆਂ ਦੀ ਪੁਸਤਕ ਦੀ ਕੀਮਤ 140 ਰਪਈਏ ਵੀ ਰੜਕਦੀ ਹੈ। ਇਸ ਨਾਵਲ ਦੀ ਸਿਰਜਣਾ ਨਾਲ ਮਨਦੀਪ ਰਿੰਪੀ ਬਾਲ ਨਾਵਲ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀ ਹੈ।

# ਨਜਾਇਜ ਮਾਈਨਿੰਗ ਨੂੰ ਰੋਕਣ ਦੇ ਉਦੇਸ ਨਾਲ ਬਾਹਰੀ ਸੂਬਿਆ ਦੇ ਐਂਟਰੀ ਪਵਾਇੰਟਾਂ ਤੇ ਨਾਕੇ ਲਗਾ ਕੇ ਬਾਹਰੀ ਸੂਬਿਆਂ ਤੋਂ ਆਉਂਣ ਵਾਲੇ ਟਰੱਕਾਂ ਦੀ ਕੀਤੀ ਚੈਕਿੰਗ

**ਪਠਾਨਕੋਟ, ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸਨਰ ਪਠਾਨਕੋਟ ਆਦਿੱਤਿਆਂ ਉੱਪਲ ਦੇ ਦਿਸਾ ਨਿਰਦੇਸਾਂ ਅਨੁਸਾਰ ਵੀਰਵਾਰ ਰਾਤ ਨੂੰ ਜਿਲ੍ਹਾਂ ਪਠਾਨਕੋਟ ਦੇ ਵੱਖ ਵੱਖ ਐਂਟਰੀ ਪਵਾਇੰਟਾਂ ਤੇ ਨਜਾਇਜ ਮਾਈਨਿੰਗ ਨੂੰ ਰੋਕਣ ਦੇ ਲਈ ਵੱਖ ਵੱਖ ਅਧਿਕਾਰੀਆਂ ਵੱਲੋਂ ਨਾਕੇ ਲਗਾ ਕੇ ਬਾਹਰੀ ਸੂਬਿਆਂ ਤੋਂ ਪੰਜਾਬ ਅੰਦਰ ਦਾਖਲ ਹੋ ਰਹੇ ਟਰੱਕਾਂ ਦੀ ਚੈਕਿੰਗ ਕੀਤੀ ਗਈ।

ਜਿਕਰਯੋਗ ਹੈ ਕਿ ਨਜਾਇਜ ਮਾਈਨਿੰਗ ਨੂੰ ਰੋਕਣ ਲਈ ਜਿਲ੍ਹਾ ਪ੍ਰਸਾਸਨ ਵੱਲੋਂ ਸਖਤ ਕਦਮ ਚੁਕਦਿਆਂ ਹੋਇਆ ਵੱਖ ਵੱਖ ਟੀਮਾਂ ਤਿਆਰ ਕੀਤੀਆਂ ਗਈਆਂ ਜਿਨ੍ਹਾਂ ਵੱਲੋਂ ਜੰਮੂ ਕਸਮੀਰ ਅਤੇ ਹਿਮਾਚਲ ਤੋਂ ਪੰਜਾਬ ਦੇ ਐਂਟਰੀ ਪਵਾਇੰਟਾਂ ਤੇ ਵਿਸੇਸ ਨਾਕੇ ਲਗਾਏ ਗਏ। ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪਠਾਨਕੋਟ ਵਿੱਚ ਬਾਹਰੀ ਸੂਬਿਆਂ ਤੋਂ ਦਾਖਲ ਹੋਣ ਵਾਲੇ ਰਸਤਿਆਂ ਤੇ ਵਿਸ਼ੇਸ ਤੌਰ ਤੇ ਨਜਾਇਜ਼ ਮਾਈਨਿੰਗ ਰੋਕਣ ਦੇ ਉਦੇਸ ਨਾਲ ਟਰੱਕਾਂ ਦੀ ਚੈਕਿੰਗ ਕਰਨ ਲਈ ਅਭਿਆਨ ਚਲਾਇਆ ਗਿਆ। ਜਿਸ ਅਧੀਨ ਵੱਖ ਵੱਖ ਚੈਕਿੰਗ ਟੀਮਾਂ ਬਣਾਈਆਂ ਗਈਆਂ। ਇਸ ਚੈਕਿੰਗ ਦੋਰਾਨ ਅਧਿਕਾਰੀਆਂ ਵੱਲੋਂ ਵੱਖ ਵੱਖ ਨਾਕਾ ਪਵਾਇੰਟ ਤੇ ਪਹੁੰਚ ਕਰਕੇ ਬਾਹਰੀ ਸੂਬਿਆਂ ਤੋਂ ਆ ਰਹੇ ਟਰੱਕਾਂ ਦੀ ਜਾਂਚ ਕੀਤੀ ਗਈ। ਜਿਸ ਦੌਰਾਨ ਇੱਕ ਟਰੱਕ ਦਾ ਚਲਾਨ ਵੀ ਕੱਟਿਆ ਗਿਆ, ਅਧਿਕਾਰੀਆਂ ਵੱਲੋਂ ਲੋੜੀਦੇ ਦਸਤਾਵੇਜ ਮੰਗਣ ਤੇ ਟਰੱਕ ਚਾਲਕ ਦਸਤਾਵੇਜ ਨਹੀਂ ਦਿਖਾ ਸਕਿਆ ਜਿਸ ਦੇ ਚਲਦਿਆਂ ਟਰੱਕ ਦਾ ਚਲਾਨ ਕੱਟਿਆ ਗਿਆ ਅਤੇ ਟਰੱਕ ਨੂੰ ਬਾਊਂਡ ਕਰਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸੇ ਤਰ੍ਹਾਂ ਕੀੜੀ ਅੱਡੇ ਵਿਖੇ ਲਗਾਏ ਨਾਕੇ ਦੋਰਾਨ ਇੱਥ ਟਿੱਪਰ ਜੋ ਬਿਨ੍ਹਾਂ ਨੰਬਰ ਪਲੇਟ ਸੀ ਅਤੇ ਮਾਈਨਿੰਗ ਮਟੀਰਿਅਲ ਲੈ ਕੇ ਆ ਰਿਹਾ ਸੀ ਦਾ ਵੀ ਚਲਾਨ ਕੱਟਿਆ ਗਿਆ। ਲਗਾਏ ਨਾਕਿਆਂ ਤੇ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਵੱਖ ਵੱਖ ਅਧਿਕ-ਾਰੀਆਂ ਵੱਲੋਂ ਜਿਲ੍ਹਾ ਪਠਾਨਕੋਟ ਦੇ ਐਂਟਰੀ ਪਵਾਇੰਟਾਂ ਤੇ ਨਾਕੇ ਲਗਾ ਕੇ ਚੈਕਿੰਗ ਕੀਤੀ ਗਈ ਹੈ ਇਹ ਭਵਿੱਖ ਅੰਦਰ ਵੀ ਜਾਰੀ ਰਹੇਗੀ।

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

## ਹਰਪ੍ਰੀਤ ਰੰਧਾਵਾ ਕਨੇਡਾ ਫ਼ਿਕਰ ਗਵਾਂਢੀਆਂ ਦੀ



ਪੰਜਾਬੀ ਫ਼ਿਲਮਾਂ ਦੇ ਗਾਇਕ ਤੇ "ਸਾਡੇ ਪਿੰਡ ਮੇਲਾ" ਵਾਲੇ ਗਾਇਕ ਹਰਪ੍ਰੀਤ ਰੰਧਾਵਾ ਦਾ ਇੱਕ ਗੀਤ "ਗਵਾਂਢੀ ਓ ਜਾਗਦੇ ਕਿ ਸੁੱਤੇ" ਬਹੁਤ ਪ੍ਰਸਿੱਧ ਹੋਇਆ ਸੀ। ਹੁਣ ਇਸ ਗੀਤ ਨੂੰ ਓਹ ਨਵੇਂ ਸਿਰੇ ਤੋਂ ਨਵੇਂ ਸੰਗੀਤ ਨਾਲ ਲਿਆਉਣ ਲਈ ਯਤਨਸ਼ੀਲ ਹੈ। ਹਰਪ੍ਰੀਤ ਰੰਧਾਵਾ ਪੰਜਾਬ ਵਿੱਚ ਹਰ ਮੇਲੇ ਦੀ ਸ਼ਾਨ ਬਣਦੇ ਰਹੇ। ਹਰਪ੍ਰੀਤ ਰੰਧਾਵਾ ਦੀ ਖਾਹਿਸ਼ ਕਿਸੇ ਪੰਜਾਬੀ ਫ਼ਿਲਮ ਵਿੱਚ ਐਕਟਿੰਗ ਕਰਨ ਦੀ ਹੈ ਤੇ ਆਪਣੇ ਗੀਤ "ਮੇਲਾ" ਤੇ "ਗਵਾਂਢੀ ਓ ਜਾਗਦੇ ਕਿ ਸੁੱਤੇ" ਨੂੰ ਓਹ ਕਿਸੇ ਫ਼ਿਲਮ ਦਾ ਸ਼ਿੰਗਾਰ ਵੀ ਬਣਾਉਣਾ ਚਾਹੁੰਦਾ ਹੈ। ਹਰਪ੍ਰੀਤ ਰੰਧਾਵਾ ਦੀ ਦਿੱਖ ਤੇ ਆਵਾਜ਼ ਅੱਜ ਵੀ ਓਨੀ ਸੁਰੀਲੀ ਹੈ ਜਿੰਨੀ ਲੱਖਣ ਕਿ ਕਪੂਰਥਲਾ ਦੇ ਮੇਲੇ ਵਿੱਚ ਹੁੰਦੀ ਸੀ।


## ਅਸ਼ੋਕ ਪੁਰੀ/ਨੈਂਸੀ ਅਰੋੜਾ ਦਾ "ਗੋਲਡ ਮੈਡਲ ਦਾ ਦਹੇਜ"

ਅਸ਼ੋਕ ਪੁਰੀ ਵੱਲੋਂ ਐਕਟਿੰਗ ਤੇ ਨਿਰਦੇਸ਼ਨ ਵਿੱਚ ਯੂ ਐਸ ਏ ਵੱਲੋਂ ਡਾਕਟਰੇਟ ਡਿਗਰੀ ਮਿਲਣ ਬਾਅਦ ਭਾਜਪਾ ਪ੍ਰਮੁੱਖ ਨੇਤਾ ਐਮ ਪੀ ਅਵਿਨਾਸ਼ ਰਾਏ ਖੰਨਾ ਜਿਹੜੇ ਸਾਹਿਤਕ ਲੇਖਕ ਨੇ ਦੀ ਕਹਾਣੀ ਤੇ ਫ਼ਿਲਮ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਹੈ। "ਗੋਲਡ ਮੈਡਲ ਦਾ ਦਹੇਜ" ਫ਼ਿਲਮ ਇਸ ਦਾ ਨਾਮ ਰੱਖ ਮਹੂਰਤ ਹੋ ਗਿਆ ਹੈ, ਅਹਿਮ ਪ੍ਰਾਪਤੀ ਹੈ। ਨੈਂਸੀ ਅਰੋੜਾ ਜਿਹੜੀ ਪੰਜਾਬੀ ਫ਼ਿਲਮਾਂ ਦੀ ਬੇਹਤਰੀਨ ਕਲਾਕਾਰ ਨਾਲ ਅਸ਼ੋਕ ਪੁਰੀ ਨਾਲ ਰੇਣੁਕਾ ਰਾਜਪੂਤ ਤੇ ਵਿੱਕੀ ਵਾਲੀਆ ਫ਼ਿਲਮ ਵਿੱਚ ਹਨ। ਕੁਮਾਰ ਵਿਨੋਦ ਇਸ ਲਈ ਗੀਤ ਗਾ ਰਹੇ ਹਨ । ਮੁੱਖ ਥੀਮ ਗੀਤ ਅੰਜੂ ਵੀ ਰੱਤੀ ਨੇ ਲਿਖਿਆ ਹੈ ਤੇ ਅਸ਼ੋਕ ਪੁਰੀ ਨਾਲ ਡੀ ਓ ਪੀ ਸ਼ੰਕਰ ਦੇਵਾ ਹਨ ਜਦ ਕਿ ਕਮਲਜੀਤ ਕੌਰ ਇਸ ਫ਼ਿਲਮ ਦੇ ਦੂਜੇ ਖਾਸ ਸਟਾਰ ਹਨ । "ਬੇਟੀ ਬਚਾਓ ਬੇਟੀ ਪੜ੍ਹਾਓ"ਮੁਹਿੰਮ ਦੀ ਗੱਲ ਅਸ਼ੋਕ ਪੁਰੀ ਇਸ ਫਿਲਮ ਨਾਲ ਉਭਾਰ ਰਹੇ ਹਨ।



## ਰਾਮ ਭੋਗਪੁਰ ਐਕਟਰ ਬਣਨਗੇ ਦੇਖਦੇ ਜਾਓ

ਕੋਈ ਸ਼ੱਕ ਨਹੀਂ ਕਿ ਅੱਜ ਰਾਮ ਭੋਗਪੁਰ ਮੰਨੇ ਹੋਏ ਨਾਮਵਰ ਸੰਗੀਤ ਪੇਸ਼ਕਾਰ ਹਨ। ਅਨੁਰਾਧਾ ਪੌਡਵਾਲ ਤੋਂ ਪੰਮਾ ਮੱਲ੍ਹੀ ਤੇ ਸਾਧਨਾ ਸਰਗਮ ਤੋਂ ਫਿਰੋਜ਼ ਖਾਨ ਤੱਕ ਦੇ ਕਲਾਕਾਰ ਓਹਨਾਂ ਪੇਸ਼ ਕੀਤੇ ਹਨ। ਬਹੁਤ ਦੇਰ ਓਹ ਅਦਾਕਾਰੀ ਵੀ ਕਰਦੇ ਰਹੇ ਤੇ ਵੀਡਿਓ ਮਾਡਲਿੰਗ ਵੀ ਕੀਤੀ। ਹੁਣ ਰਾਮ ਭੋਗਪੁਰ ਮਨੀਸ਼ ਸ਼ਰਮਾ ਜਿਹੜੇ ਫ਼ਿਲਮ ਨਿਰਦੇਸ਼ਕ ਹਨ ਤੇ ਬੰਨੀ ਸ਼ਰਮਾ ਜਿਹੜੇ ਕਾਰੋਬਾਰ ਦੇ ਨੁਕਤੇ ਜਾਣਦੇ ਨੇ ਨਾਲ ਮਿਲ ਇੱਕ ਪੰਜਾਬੀ ਫ਼ਿਲਮ ਕਰਨ ਵਾਲੇ ਹਨ। ਇਸ ਵਿੱਚ ਰਾਮ ਜੀ ਉਰਫ ਭੋਗਪੁਰ ਵਾਲਾ ਰਾਮ ਐਕਟਿੰਗ ਕਰੇਗਾ। ਸ਼ਿਲਪਾ ਸ਼ੈਟੀ, ਪ੍ਰੇਮ ਚੋਪੜਾ ਤੱਕ ਰਾਮ ਭੋਗਪੁਰ ਦੀ ਸਖਸ਼ੀਅਤ ਤੇ ਸੁਭਾਅ ਦੇ ਕਾਇਲ ਹਨ। ਦੇਖਦੇ ਹਾਂ ਕਿ ਉਹੀ ਪ੍ਰੇਮ ਦ੍ਰਿਸ਼ ਵੀਡਿਓ ਗੀਤਾਂ ਲਈ ਦੇਣ ਵਾਲੇ ਆਰ ਜੇ ਬੀਟ ਦੇ ਮੁੱਖ ਰਾਮ ਭੋਗਪੁਰ ਨਵੇਂ ਸਾਲ ਵਿੱਚ ਕਿੰਜ ਪਰਦੇ ਤੇ ਆਉਂਦੇ ਹਨ।



## ਤੇਜੀ ਸੰਧੂ ਦੀ ਮਿਹਨਤ ਕੰਮ ਆਈ




ਤੇਜੀ ਸੰਧੂ ਨੇ ਸੰਘਰਸ਼ ਵੀ ਬਹੁਤ ਕੀਤਾ ਹੈ ਤੇ ਫ਼ਿਲਮਾਂ ਦੇ ਪ੍ਰੀਮੀਅਰ ਤੱਕ ਓਹ ਪਹੁੰਚਦੀ ਰਹੀ ਹੈ। ਇਸ ਮਿਹਨਤ ਨੇ ਓਸ ਨੂੰ ਡਾਇਰੈਕਟਰ ਵੀ ਬਣਾ ਦਿੱਤਾ ਹੈ ਤੇ ਫਿਲਮੀ ਲੇਖਿਕਾ ਬਣ ਵੀ ਓਹ ਪੰਜਾਬੀ ਫ਼ਿਲਮਾਂ ਵਿੱਚ ਉੱਭਰੀ ਹੈ। ਤੇਜੀ ਸੰਧੂ ਦੀ ਮਿਹਨਤ ਹੀ ਹੈ ਕਿ ਓਹ ਪੰਜਾਬ ਭਾਜਪਾ ਦੇ ਕਿਸਾਨ ਮੋਰਚਾ ਦੀ ਉਪ ਪ੍ਰਧਾਨ ਵੀ ਅੱਜ ਹੈ। ਤੇਜੀ ਸੰਧੂ ਸੱਚ ਨਾਲ ਤੁਰਦੀ ਹੈ ਤੇ ਕੰਗਨਾ ਰਣੌਤ ਦੀ ਓਹ ਹਮੇਸ਼ਾ ਨਿੰਦਾ ਕਰਦੀ ਹੈ ਕਿ ਓਹ ਗਲਤ ਬਿਆਨੀ ਕਰਦੀ ਹੈ। ਤੇਜੀ ਸੰਧੂ ਹੁਣ ਫਿਲਮੀ ਸ਼ੋ ਵਿਦੇਸ਼ਾਂ ਵਿੱਚ ਕਰਨ ਲਈ ਤਿਆਰ ਹੈ ਤੇ ਰਾਜਨੀਤੀ ਤੇ ਫ਼ਿਲਮਾਂ ਦੋਵਾਂ ਨੂੰ ਵਕਤ ਦੇ ਕਿ ਓਹ ਕਾਮਯਾਬ ਨੇਤਾ ਤੇ ਸਫ਼ਲ ਅਭਿਨੇਤਰੀ ਬਣੇਗੀ ਕਿਉਂ ਕਿ ਮਿਹਨਤ ਦਾ ਸਾਥ ਓਸ ਕੋਲ ਹੈ। ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਨਾਇਕਾ ਸਨਾ ਨੇ ਵੀ ਕਿਹਾ ਸੀ ਕਿ ਤੇਜੀ ਸੰਧੂ ਹਿੰਮਤ ਵਾਲੀ ਐਕਟ੍ਰੈਸ ਹੈ ਤੇ ਓਸ ਦੀ ਹਿੰਮਤ ਓਸ ਨੂੰ ਸਟਾਰ ਬਣਾ ਦੇਵੇਗੀ।

## ਰੁਪਾਲੀ /ਗੁਰਦੀਪ ਸੰਧੂ ਨੇ ਸਮਝਾਏ ਲੋਕ ਤੇ ਕੀਤੇ ਸਰਕਾਰੇ ਦਰਬਾਰੇ ਖੁਸ਼



ਫ਼ਿਲਮੀ ਜੋੜੀ ਰੁਪਾਲੀ ਸੰਧੂ ਤੇ ਗੁਰਦੀਪ ਸੰਧੂ ਤੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਵਾਲਾ ਦੋਗਾਣਾ ਸਟਾਰ ਸੰਧੂ ਫ਼ਿਲਮਜ਼ ਨੇ ਕਰਵਾ ਕਿ ਲੋਕ ਸਮਝਾਏ ਵੀ ਨੇ ਕਿ ਵਾਤਾਵਰਨ ਬਚਾ ਲਓ।ਨਾਲ ਹੀ ਚਮਕੀਲਾ ਤਰਜ਼ ਹੋਣ ਕਾਰਨ ਇਹ ਮਨੋਰੰਜਨ ਵੀ ਕਰ ਰਿਹਾ ਹੈ। ਸਥਾਨਕ ਜਲੰਧਰ ਤੇ ਸ਼ਾਹਕੋਟ, ਨਕੋਦਰ ਦਾ ਪ੍ਰਸਾਸ਼ਨ ਖੁਸ਼ ਹੈ ਕਿ ਫੀਲਡ ਵਿੱਚ ਬਤੌਰ ਤਹਿਸੀਲਦਾਰ ਗੁਰਦੀਪ ਸੰਧੂ ਅੱਛਾ ਕੰਮ ਕਰ ਰਹੇ ਹਨ। ਨਾਲ ਹੀ ਮਨੋਰੰਜਕ ਤਰੀਕੇ ਨਾਲ ਸਮਝਾ ਵੀ ਰਹੇ ਹਨ।ਰੁਪਾਲੀ ਨੇ ਕਿਹਾ ਕਿ ਪੰਛੀ, ਜਾਨਵਰ ਤੇ ਧਰਤੀ ਬਚਾਉਣ ਲਈ ਅਜਿਹੇ ਗੀਤ ਓਹ ਗੁਰਦੀਪ ਸੰਧੂ ਨਾਲ ਕਰਦੇ ਰਹਿਣਗੇ। ਯੂਟਿਊਬ ਤੇ 75 ਹਜ਼ਾਰ ਦੇ ਕਰੀਬ "ਅੱਗ ਭੁੱਲ ਕਿ ਪਰਾਲੀ ਨੂੰ ਨਾ ਲਾਇਓ" ਇਸ ਜੋੜੀ ਦੇ ਐਲਬਮ ਗੀਤ ਨੂੰ ਮਿਲ ਗਏ ਨੇ ਤੇ ਸਿਲਸਿਲਾ ਜ਼ਾਰੀ ਹੈ।

## ਪਾਲੀ ਦੇਤਵਾਲੀਆ/ਅਵਤਾਰ ਵਰਮਾ ਦੀ ਨਿਰਦੇਸ਼ਕ – ਕਲਾਕਾਰ ਜੋੜੀ



ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਤੇ ਨਾਮਵਰ ਵੀਡਿਓ ਐਲਬਮ ਗਾਣੇ ਦੇ ਨਿਰਦੇਸ਼ਕ ਅਵਤਾਰ ਵਰਮਾ ਦੀ ਆਪਸੀ ਸਾਂਝ ਸਫ਼ਲ ਹੈ। ਅਵਤਾਰ ਵਰਮਾ ਨੇ ਪਾਲੀ ਦੇਤਵਾਲੀਆ ਨੂੰ ਐਕਟਿੰਗ ਵੀ ਕਰਵਾਈ ਹੈ। ਹੁਣ ਪਾਲੀ ਦੇਤਵਾਲੀਆ ਦਾ ਨਵਾਂ ਵੀਡਿਓ ਕੀਤਾ ਹੈ। ਅਸਲ ਵਿੱਚ ਜਦ ਕਲਾਕਾਰ ਤੇ ਨਿਰਦੇਸ਼ਕ ਦੀ ਤਾਲਮੇਲ ਸਥਿਤੀ ਵਧੀਆ ਹੋਏ ਤਾਂ ਨਤੀਜ਼ਾ ਅੱਛਾ ਆਉਂਦਾ ਹੈ। ਪਾਲੀ ਦੇਤਵਾਲੀਆ ਨੇ "ਕੀਤੇ ਕਰਮਾਂ ਦਾ ਫਲ" ਫ਼ਿਲਮ ਲਈ ਪਲੇ ਬੈਕ ਵੀ ਦਿੱਤਾ ਹੈ। ਅਵਤਾਰ ਵਰਮਾ ਨੇ ਕਿਹਾ ਕਿ ਆਪਣੀਆਂ ਫ਼ਿਲਮਜ਼ ਲਈ ਓਹ ਨਿਰੰਤਰ ਪਾਲੀ ਦੇਤਵਾਲੀਆ ਕੋਲੋਂ ਗੀਤ ਪਿੱਠਵਰਤੀ ਕਰਵਾਉਂਦੇ ਰਹਿਣਗੇ। ਪਾਲੀ ਦੇਤਵਾਲੀਆ ਨੇ ਵੀ ਕਿਹਾ ਕਿ ਓਹ ਅੱਧੀ ਆਵਾਜ਼ ਤੇ ਅੱਧੀ ਰਾਤ ਨੂੰ ਅਵਤਾਰ ਵਰਮਾ ਲਈ ਹਾਜ਼ਿਰ ਰਹਿਣਗੇ।

## ਹੀਰਾ ਅੱਜ ਦੀ ਨੌਜਵਾਨ ਗਾਇਕੀ ਦਾ ਹੈ ਐਂਕਰ/ ਗਾਇਕ "ਕੀ ਲੈਣਾ ਸਰਪੰਚੀ ਤੋਂ"ਵਾਲਾ-ਹੈਪੀ ਰੰਦੇਵ

ਸੱਭਿਆਚਾਰਕ ਮੇਲਿਆਂ ਵਿੱਚ ਸਟੇਜ ਸਕੱਤਰ ਬਣ ਜਦ ਹੈਪੀ ਰੰਦੇਵ ਵੱਖ ਵੱਖ ਗਾਇਕ ਕਲਾਕਾਰਾਂ ਨੂੰ ਪੇਸ਼ ਕਰਦਾ ਤਦ ਓਸ ਅੰਦਰਲੀ ਬਾਲ ਸਭਾ ਵਾਲੀ ਗਾਇਕੀ ਵਲਵਲੇ ਲੈਂਦੀ ਸੀ ਤੇ ਸਵਰਗੀ ਗਾਇਕ ਰਾਜ ਬਰਾੜ ਨੇ ਓਸ ਦਾ ਗੀਤ ਸੁਣ ਓਸ ਦੇ ਹੀ ਪਿੰਡ ਕਿਹਾ ਸੀ ਕਿ ਇੱਕ ਦਿਨ ਤੂੰ ਨਾਮਵਰ ਗਾਇਕ ਬਣੇਗਾ ਬਸ ਸੰਗੀਤ ਸਾਧਨਾ ਤੇ ਰਿਆਜ਼ ਕਰਦੇ ਰਹਿਣਾ ਤੇ ਅੱਜ ਹੈਪੀ ਰੰਦੇਵ ਨਾਮਵਰ ਗਾਇਕ ਵੀ ਹੈ ਤੇ ਨਾਲ ਉਹ ਸੁੱਚਜਾ ਪੇਸ਼ਕਾਰ ਵੀ ਹੈ। "ਚਾਟ" "ਮਿਹਨਤਾਂ" ਤੇ "ਸ਼ੋਸ਼ੇਬਾਜ਼ੀਆਂ" ਗੀਤਾਂ ਨੇ ਓਸ ਦੀ ਗਾਇਕੀ





ਜਾਣ ਪਹਿਚਾਣ ਐਸੀ ਕਰਵਾਈ ਕਿ ਫਿਰ "ਅੱਖੀਆਂ" ਹੋਣ ਜਾਂ ਫਿਰ ਗੀਤ "ਗੋਲੀਆਂ" ਤੇ "ਜੱਟ ਗੰਨਾ ਵੇਚ ਕਿ" ਹੈਪੀ ਰਣਦੇਵ ਲੋਕ ਪ੍ਰਿਅ ਰਿਆੜਕੀ ਦਾ ਗਾਇਕ ਬਣ ਗਿਆ। ਘੁਮਾਣ ਨਜ਼ਦੀਕ ਭਗਤ ਨਾਮਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਿੰਡ ਭੱਟੀਵਾਲ ਦੇ ਹੈਪੀ ਰਣਦੇਵ ਨੇ ਰਿਆੜਕੀ ਤੋਂ ਬਾਅਦ ਮਾਝੇ ਦੀ ਦੋਗਾਣਾ ਗਾਇਕੀ ਵਿੱਚ ਵੀ ਨਾਮਣਾ ਖੱਟਿਆ ਹੈ। "ਹੰਝੂ" ਗਾਣੇ ਨਾਲ ਓਹ ਬਿਰਹਾ ਰੰਗ ਦਾ ਗਾਇਕ ਬਣ ਵਿਚਰਿਆ ਤੇ "ਕੀ ਲੈਣਾ ਸਰਪੰਚੀ ਤੋਂ" ਨਾਲ ਓਹ ਨੋਕ ਝੋਕ ਵਾਲੀ ਦੋਗਾਣਾ ਗਾਇਕੀ ਵਿੱਚ ਵੀ ਹਿੱਟ ਫਿੱਟ ਸਾਬਿਤ ਹੋਇਆ ਹੈ। "ਦਿਲ ਟੁੱਟ ਜਾਊਗਾ" "ਵਿਆਹ" "ਸਾਡੇ ਪਿੰਡ" ਗੀਤਾਂ ਵਾਲੇ ਹੈਪੀ ਦੀ ਦੋਗਾਣਾ ਜੋੜੀ ਗੀਤਾ ਬਾਲੀ ਨਾਲ ਵੀ ਹਿੱਟ ਰਹੀ ਤੇ ਅਰਸ਼ਦੀਪ ਸਫਰੀ ਨਾਲ ਵੀ ਤਾਲਮੇਲ ਵਧੀਆ ਨਿਭਿਆ ਹੈ। ਜਸਵੰਤ ਬੋਪਾਰਾਏ ਜਿਹੇ ਦਿੱਗਜ ਗੀਤਕਾਰ ਵੀ ਉਸ ਦੀ ਆਵਾਜ਼ ਦੇ ਕਾਇਲ ਨੇ ਤੇ "ਜੀ ਆਇਆਂ ਨੂੰ" ਗੀਤ ਸੁਣ ਲੱਗਦਾ ਹੈ ਕਿ ਹੈਪੀ ਹਰ ਰੰਗ ਦੀ ਗਾਇਕੀ ਵਿੱਚ ਨਿਭਦਾ ਹੈ। ਗਾਇਕ ਦੇ ਨਾਲ ਨਾਲ ਪੰਜਾਬੀ ਸੰਗੀਤ ਵਿਰਸੇ ਨੂੰ ਉਤਸ਼ਾਹਿਤ ਕਰਨ ਲਈ ਓਹ ਆਪਣੇ ਵੈੱਬ ਚੈਨਲ ਤੇ "ਹੀਰੇ ਪੰਜਾਬ ਦੇ" ਪ੍ਰੋਗਰਾਮ ਨੂੰ ਗੋਲਡਨ ਜੁਬਲੀ ਕਰ ਚੁੱਕਾ ਹੈ। ਬਾਬੂ ਸਿੰਘ ਮਾਨ ਤੋਂ ਰਣਜੀਤ ਕੌਰ ਤੇ ਲਾਭ ਹੀਰਾ ਤੱਕ ਆਖਦੇ ਨੇ ਕਿ ਵਿਰਸੇ ਨੂੰ ਸੰਭਾਲਣ ਤੇ ਸੰਗੀਤ ਖੇਤਰ ਦੇ ਹੀਰਿਆਂ ਨੂੰ ਪੇਸ਼ ਕਰ ਹੀਰਾ ਪੰਜਾਬ ਦਾ ਹੈਪੀ ਰੰਦੇਵ ਬਣ ਗਿਆ ਹੈ ਸ਼ਾਲਾ ਗਾਇਕੀ ਵਿੱਚ ਫ਼ਿਲਮਾਂ ਤੱਕ ਗਾਉਣ ਦਾ ਓਸ ਦਾ ਸੁਪਨਾ ਸਕਾਰ ਹੋਏ। ਅਰਸ਼ਦੀਪ ਸਫ਼ਰੀ ਪੰਜਾਬ ਦੀ ਨੌਜਵਾਨ ਗਾਇਕਾ ਆਖਦੀ ਹੈ ਕਿ ਹੈਪੀ ਗਾਇਕ ਦੇ ਨਾਲ ਨਾਲ ਸਟੇਜ ਪੇਸ਼ਕਾਰ ਹੋਣ ਕਾਰਨ ਸਰੋਤੇ ਤੇ ਦਰਸ਼ਕ ਕੀਲੇ ਜਾਣ ਦੇ ਵੱਲ ਜਾਣਦੇ ਹਨ ਤੇ ਇਹੀ ਓਹਨਾਂ ਦੀ ਕਾਮਯਾਬੀ ਦਾ ਰਾਜ਼ ਹੈ। ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ ਨੇ ਕਿਹਾ ਕਿ ਗਾਇਕ ਦੇ ਨਾਲ ਨਾਲ ਨਿਮਰਤਾ ਤੇ ਸੱਭਿਆਚਾਰ ਦੀ ਜਾਣਕਾਰੀ ਹੋਣ ਕਾਰਨ ਹੈਪੀ ਰਣਦੇਵ ਲੋਕਾਂ ਵਿਚਕਾਰ ਸਤਿਕਾਰਤ ਗਾਇਕ ਬਣਦਾ ਜਾ ਰਿਹਾ ਹੈ ਤੇ ਪੁਰਾਣੇ ਗਾਇਕਾਂ, ਗੀਤਕਾਰਾਂ ਤੇ ਸੰਗੀਤਕਾਰਾਂ ਨੂੰ "ਹੀਰੇ ਪੰਜਾਬ ਦੇ "ਵਿੱਚ ਪੇਸ਼ ਕਰ ਕਿ ਉਹ ਸੰਗੀਤ ਤੇ ਪੰਜਾਬੀ ਗਾਇਕੀ ਦੀ ਇੱਕ ਤਰਾਂ ਸੇਵਾ ਕਰ ਰਿਹਾ ਹੈ। ਹੈਪੀ ਰਣਦੇਵ ਨੇ ਆਪਣੇ ਬਾਬਤ ਆਪਣੀ ਜਾਣਕਾਰੀ ਤਾਂ ਕਿਹਾ ਕਿ ਗਾਇਕੀ ਵਿੱਚ ਸਟਾਰ ਬਣ ਰਾਜ ਕਰਾਂ ਚਾਹਤ ਨਹੀਂ ਚਾਹਤ ਸਟਾਰ ਬਣ ਰਾਜ ਕਰਦੇ ਰਹੇ ਹੀਰਿਆਂ ਦੀ ਕਦਰ ਕਰਦਾ ਰਹਾਂ ਤੇ ਓਹਨਾਂ ਲਈ ਜਿੰਨਾ ਵੀ ਹੋ ਸਕੇ ਕਰਾਂ ਕਿਉਂ ਕਿ ਅੱਜ ਓਹਨਾਂ ਦੀ ਕੋਈ ਕਦਰ ਕਰੇਗਾ ਤਾਂ ਕੱਲ ਨੂੰ ਸਾਡੀ ਵੀ ਕਦਰ ਕਰਨ ਵਾਲਾ ਕੋਈ ਹੋਊ। ਸੱਚ ਮੁੱਚ "ਹੀਰਾ ਪੰਜਾਬ ਦਾ" ਹੈ ਗਾਇਕ ਹੈਪੀ ਰੰਦੇਵ।

**– ਅੰਮ੍ਰਿਤ ਪਵਾਰ**

# ਪ੍ਰਸਿੱਧ ਫੁੱਟਬਾਲਰ ਬ੍ਰਾਊਨ ਗਰਲ ਨੇ ਖਿਡਾਰੀਆਂ ਨੂੰ ਖੇਡ ਤਕਨੀਕ ਅਤੇ ਟੀਮ ਵਰਕ ਦੀ ਮਹੱਤਤਾ ਬਾਰੇ ਦੱਸਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਹਿਯੋਗ ਸਪੋਰਟਸ ਡਿਵੈਲਪਮੈਂਟ ਐਂਡ ਵੂਮੈਨ ਏਮਪਾਵਰਮੈਂਟ ਸੋਸਾਇਟੀ ਬਜਵਾੜਾ ਦੀ ਤਰਫੋਂ



ਪ੍ਰਿੰਸੀਪਲ ਸੰਦੀਪ ਸੋਨੀ ਦੇ ਨਿਰਦੇਸ਼ਾਂ 'ਤੇ ਚੱਲ ਰਹੇ ਤਿੰਨ ਰੋਜ਼ਾ ਲੜਕੀਆਂ ਦੇ ਫੁੱਟਬਾਲ ਕੈਂਪ ਦੇ ਦੂਜੇ ਦਿਨ ਜਲੰਧਰ ਦੀ ਪ੍ਰਸਿੱਧ ਫੁੱਟਬਾਲ ਖਿਡਾਰਨ ਹਰਪਾਲ ਕੌਰ (ਬ੍ਰਾਊਨ ਗਰਲ ਦੇ ਨਾਂ ਨਾਲ ਮਸ਼ਹੂਰ) ਅਤੇ ਡੀ.ਈ. . (ਐਲੀਮੈਂਟਰੀ) ਜਲੰਧਰ ਸ. ਹਰਜਿੰਦਰ ਕੌਰ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਬਰਾਊਨ ਗਰਲ ਨੇ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ ਅਤੇ ਉਨ੍ਹਾਂ ਨੂੰ ਖੇਡ ਦੇ ਗੁਰ ਸਿਖਾਏ। ਇਸ ਮੌਕੇ ਉਨ੍ਹਾਂ ਵਿਦਿਆਰਥਣਾਂ ਨੂੰ ਕਿਹਾ ਕਿ ਖੇਡਾਂ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਹ ਉਦੋਂ ਹੀ ਸੰਭਵ ਹੈ ਜਦੋਂ ਉਹ ਪੂਰੀ ਤਨਦੇਹੀ ਨਾਲ ਖੇਡਾਂ ਨਾਲ ਜੁੜਨ। ਉਸ ਨੇ ਖੇਡ ਦੀਆਂ ਤਕਨੀਕਾਂ ਨੂੰ ਧਿਆਨ ਨਾਲ ਸਿੱਖਣ ਅਤੇ ਕੋਚ ਵੱਲੋਂ ਦੱਸੀ ਹਰ ਗੱਲ ਨੂੰ ਅਪਣਾਉਣ ਦੀ ਪ੍ਰੇਰਨਾ ਦਿੱਤੀ ਤਾਂ ਜੋ ਜਦੋਂ ਉਹ ਖੇਡ ਦੇ ਮੈਦਾਨ 'ਤੇ ਆਉਂਦਾ ਹੈ ਤਾਂ ਦਰਸ਼ਕ ਉਸ ਦੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਟੀਮ ਵਰਕ ਰਾਹੀਂ ਉਸ ਦੇ ਪੈਰ ਚੁੰਮਦੇ ਹਨ। ਇਸ ਦੌਰਾਨ ਡੀਈ ਹਰਜਿੰਦਰ ਕੌਰ ਨੇ ਵੀ ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਹਿਯੋਗ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਅਜਿਹੇ ਕੈਂਪ ਲਗਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਕੋਚ ਸੰਦੀਪ ਸਿੰਘ ਅਤੇ ਕੁਲਵਿੰਦਰ ਕੌਰ, ਪੋਸੀ ਤੋਂ ਦੀਪਾਲੀ ਠਾਕੁਰ, ਸਹਿਯੋਗ ਕੋਚ ਨਵਜੋਤ ਸੈਣੀ, ਸੁਨੀਤਾ ਅਤੇ ਰਜਨੀ ਤੋਂ ਇਲਾਵਾ ਵਾਲੰਟੀਅਰਾਂ ਮੁਸਕਾਨ, ਪ੍ਰਿਆ ਅਤੇ ਦੀਪਿਕਾ ਨੇ ਖਿਡਾਰੀਆਂ ਨੂੰ ਖੇਡ ਦੀਆਂ ਤਕਨੀਕਾਂ ਤੋਂ ਜਾਣੂ ਰਵਾਇਆ। ਇਸ ਮੌਕੇ ਪ੍ਰਿੰ. ਰਾਮਾਮੂਰਤੀ ਸ਼ਰਮਾ, ਮਾ. ਕੁੰਦਨ ਸਿੰਘ ਕਾਲਕਟ, ਕੰਚਨ ਜੋਸ਼ੀ, ਰਣਜੀਤ ਸੋਨੀ, ਕਵਿਤਾ ਗੁਪਤਾ, ਪ੍ਰਿਅੰਕਾ ਸੋਨੀ ਅਤੇ ਭੁਪਿੰਦਰ ਸਿੰਘ ਬਾਜਵਾ ਅਤੇ ਹੋਰ ਪਤਵੰਤੇ ਹਾਜ਼ਰ ਸਨ।



# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here

SELL OR BUY
Residential • Business • Commercial
Lease • Investment Property and Land

Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

## KASH FABRICS



ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138